Punjabi Parwaz

# ਪੰਜਾਬੀ ਪਰਵਾਜ਼

ਅੰਕ 27ਵਾਂ (ਸ਼ਿਕਾਗੋ): 25 ਮਈ ਤੋਂ 7 ਜੂਨ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਕਿਸ ਪਾਸੇ ਵੱਲ ਤੁਰ ਰਿਹਾ ਕਿਸਾਨਾਂ ਦਾ ਭਾਜਪਾ ਵਿਰੋਧ?

## *ਪੰਜਾਬ ਦੀਆਂ ਸਮਾਜਕ ਤਰੇੜਾਂ ਵਿੱਚ ਧਸਣ ਦਾ ਯਤਨ ਕਰੇਗੀ ਕੱਟੜ ਹਿੰਦੂ ਸਿਆਸਤ

**ਜਸਵੀਰ ਸਿੰਘ ਸ਼ੀਰੀ**

ਅਗਲੇ ਦੋ ਗੇੜਾਂ ਵਿੱਚ ਦਿੱਲੀ, ਹਰਿਆਣਾ ਅਤੇ ਪੰਜਾਬ ਵਿੱਚ ਲੋਕ ਸਭਾ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਪੰਜਾਬ ਅਤੇ ਹਰਿਆਣਾ ਹੀ ਪਿਛਲੇ ਕਿਸਾਨ ਅੰਦੋਲਨ ਅਤੇ ਹੁਣ ਪੰਜਾਬ ਹਰਿਆਣਾ ਦੇ ਬਰਡਰਾਂ 'ਤੇ ਚੱਲ ਰਹੇ ਕਿਸਾਨ ਸੰਘਰਸ਼ ਦੀਆਂ ਮੁੱਖ ਆਧਾਰ ਸਟੇਟਾਂ ਹਨ। ਪਿਛਲੀ ਵਾਰ ਦਿੱਲੀ ਵਿੱਚ ਹੋਏ ਵੱਡੇ ਕਿਸਾਨ ਅੰਦੋਲਨ ਨੇ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਵਿਚਕਾਰ ਸਮਾਜਕ-ਸਭਿਆਚਾਰਕ ਕੈਮਿਸਟਰੀ ਨੂੰ ਕਾਫੀ ਵੱਡੀ ਪੱਧਰ 'ਤੇ ਪ੍ਰਭਾਵਤ ਕੀਤਾ ਹੈ, ਜਦਕਿ ਕਿਸਾਨ ਲਹਿਰ ਨੇ ਦੋਹਾਂ ਰਾਜਾਂ ਦੇ ਕਿਸਾਨਾਂ ਦੀ ਨਜ਼ਦੀਕੀ ਨੂੰ ਹੋਰ ਗਹਿਰਾ ਕੀਤਾ ਹੈ। ਪਿਛਲੇ ਪੰਜ ਸਾਲ ਹਰਿਆਣਾ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਰਹੀ ਹੈ ਅਤੇ ਇਸ ਸਰਕਾਰ ਨੇ ਹਰਿਆਣਾ ਦੇ ਕਿਸਾਨਾਂ ਨੂੰ ਸੱਤਾ ਭਾਈਵਾਲੀ ਤੋਂ ਦੂਰ ਕਰ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਹਰਿਆਣਾ ਵਿੱਚ ਕੀਤਾ ਗਿਆ ਆਪਣਾ ਇਹ ਤਜ਼ਰਬਾ ਪੰਜਾਬ ਵਿੱਚ ਵੀ ਦੁਹਰਾਉਣਾ ਚਾਹੁੰਦੀ ਹੈ। ਅਜਿਹਾ ਹੋ ਸਕੇਗਾ ਜਾਂ ਨਹੀਂ ਅਤੇ ਇਸ ਪ੍ਰਯੋਗ ਦੇ ਕੀ ਸਿੱਟੇ ਨਿਕਲਣਗੇ, ਇਸ ਤੋਂ ਭਾਰਤੀ ਜਨਤਾ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਵੀ ਹਾਲੇ ਬੇਖਬਰ ਹੈ। ਇਸੇ ਰਾਜਨੀਤਿਕ ਸੰਦਰਭ ਵਿੱਚ ਅਸੀਂ ਮੌਜੂਦਾ ਕਿਸਾਨ ਅੰਦੋਲਨ ਅਤੇ ਇਸ ਦੇ ਚੋਣ ਨਤੀਜਿਆਂ 'ਤੇ ਪ੍ਰਭਾਵ ਨੂੰ ਆਂਕਣ ਦਾ ਯਤਨ ਕਰਾਂਗੇ।

ਕਿਉਂਕਿ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਨੇ ਜਿੱਥੇ ਇੱਕ ਪਾਸੇ ਸ਼ੰਭੂ ਰੇਲਵੇ ਟਰੈਕ (ਸਟੇਸ਼ਨ) 'ਤੇ ਲਗਾਇਆ ਧਰਨਾ ਚੁੱਕ ਲਿਆ ਹੈ, ਉਥੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਹਰਿਆਣਾ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਆਪਣੇ ਤਿੰਨ ਕਿਸਾਨ ਛਡਵਾਉਣ ਲਈ ਉਹ ਪੰਜਾਬ ਅਤੇ ਹਰਿਆਣਾ ਵਿੱਚ ਬੀ.ਜੇ.ਪੀ. ਆਗੂਆਂ ਦੇ ਘਿਰਾਉ ਕਰਨਗੇ। ਇਨ੍ਹਾਂ ਕਿਸਾਨ ਸੰਗਠਨਾਂ ਨੇ ਇਹ ਪੈਂਤੜਾ ਉਦੋਂ ਬਦਲਿਆ ਹੈ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 23 ਮਈ ਨੂੰ ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਲਈ ਪੰਜਾਬ ਆ ਰਹੇ ਹਨ। ਇਸ ਦੌਰਾਨ 22 ਮਈ ਨੂੰ ਪੰਜਾਬ-ਹਰਿਆਣਾ ਦੇ ਬਾਰਡਰਾਂ 'ਤੇ ਕਿਸਾਨਾਂ ਦੇ ਸੰਘਰਸ਼ ਦੇ 100 ਦਿਨ ਪੂਰੇ ਹੋਣ 'ਤੇ ਇੱਕ ਵੱਡਾ ਇਕੱਠ ਵੀ ਕੀਤਾ। ਇਸ ਤੋਂ ਇਲਾਵਾ ਦੂਸਰੇ ਸਾਂਝੇ ਕਿਸਾਨ ਮੋਰਚੇ ਵੱਲੋਂ 21 ਮਈ ਨੂੰ ਲੁਧਿਆਣਾ ਨਜ਼ਦੀਕ ਪੈਂਦੇ ਕਸਬਾ ਜਗਰਾਉਂ ਵਿੱਚ ਇੱਕ ਵੱਡਾ ਕਿਸਾਨ ਇਕੱਠ ਰੱਖਿਆ। ਇਸ ਕਿਸਾਨ ਕਾਨਫਰੰਸ ਵਿੱਚ ਵੀ ਭਾਰਤੀ ਜਨਤਾ ਪਾਰਟੀ ਦੇ ਚੋਣ ਵਿਰੋਧ ਦਾ ਸੱਦਾ ਦਿੱਤਾ ਗਿਆ।



ਜਗਰਾਉਂ ਵਿੱਚ ਜੁੜੀ ਕਿਸਾਨ ਮਹਾਂਪੰਚਾਇਤ

ਇਸ ਤੋਂ ਬਿਨਾ ਵੀ ਕਿਸਾਨ ਜਥੇਬੰਦੀਆਂ ਲਗਾਤਾਰ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਦਾ ਵਿਰੋਧ ਕਰ ਰਹੀਆਂ ਹਨ। ਕਿਸਾਨ ਜਥੇਬੰਦੀਆਂ ਪਾਰਟੀ ਦੇ ਉਮੀਦਵਾਰਾਂ ਨੂੰ ਪਿੰਡਾਂ ਵਿੱਚ ਵੜਨ ਤੋਂ ਰੋਕ ਰਹੀਆਂ ਹਨ ਜਾਂ ਉਨ੍ਹਾਂ ਤੋਂ ਸਵਾਲ ਪੁੱਛ ਰਹੀਆਂ ਹਨ। ਇਸ ਕਾਰਨ ਹੋਈ ਧੱਕਾ-ਮੁੱਕੀ ਵਿੱਚ ਇੱਕ ਕਿਸਾਨ ਦੀ ਮੌਤ ਵੀ ਹੋ ਚੁੱਕੀ ਹੈ। ਇਸ ਵੱਡੇ ਕਿਸਾਨ ਵਿਰੋਧ ਦੀ ਸਥਿਤੀ ਵਿੱਚ ਭਾਜਪਾ ਨੂੰ ਪੰਜਾਬ ਵਿੱਚ ਆਪਣਾ ਚੋਣ ਪ੍ਰਚਾਰ ਕਰਨਾ ਦੁੱਭਰ ਹੋਇਆ ਪਿਆ ਹੈ। ਇਸ ਕਾਰਨ ਫਰੀਦਕੋਟ ਤੋਂ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਨੇ ਕਿਸਾਨਾਂ ਪ੍ਰਤੀ ਕੁਝ ਮੰਦਾ ਚੰਗਾ ਵੀ ਬੋਲਿਆ ਅਤੇ ਨਾਲ ਹੀ ਪੰਜਾਬ ਦੇ ਮਜ਼੍ਹਬੀ ਸਿੱਖ ਭਾਈਚਾਰੇ ਤੋਂ ਭਾਈ ਜੀਵਨ ਸਿੰਘ ਦੇ ਨਾਂ 'ਤੇ ਵੋਟਾਂ ਵੀ ਮੰਗੀਆਂ ਹਨ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਵੀ ਭਾਜਪਾ ਵਿਰੋਧ ਦੇ ਚਲਦੇ ਕਿਸਾਨਾਂ ਨੂੰ ਭਾਜਪਾ ਦਾ ਰਾਹ ਨਾ ਰੋਕਣ ਦੀ ਨਸੀਹਤ ਦਿੱਤੀ ਹੈ। ਉਹ ਪੰਜਾਬ ਨੂੰ ਸੂਤ ਕਰਨ ਲਈ ਯੂ.ਪੀ. ਦੇ ਮੁੱਖ ਮੰਤਰੀ ਅਦਿਤਿਆ ਨਾਥ ਯੋਗੀ ਨੂੰ ਚਿੱਠੀਆਂ ਵੀ ਲਿਖ ਰਹੇ ਹਨ।

ਇਸੇ ਤਰ੍ਹਾਂ ਲੁਧਿਆਣਾ ਤੋਂ ਭਾਜਪਾ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਦੇ ਬੋਲ ਵੀ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਦੇ ਖਿਲਾਫ ਮੰਦੇ ਹੋ ਗਏ ਹਨ। ਇਸ ਤੋਂ ਇਹ ਲਗਦਾ ਹੈ ਕਿ ਕਿਸਾਨ ਜਥੇਬੰਦੀਆਂ, ਜਿਹੜੀਆਂ ਭਾਜਪਾ ਨਾਲ ਸਿੱਧੇ ਟਕਰਾਅ ਤੋਂ ਬਚਾਅ ਕਰਦੀਆਂ ਦਿਸਦੀਆਂ ਸਨ, ਹੁਣ ਸਿੱਧੇ ਰਾਜਨੀਤਿਕ ਟਕਰਾਅ 'ਤੇ ਉਤਰਦੀਆਂ ਵਿਖਾਈ ਦੇ ਰਹੀਆਂ ਹਨ। ਉਧਰ ਭਾਜਪਾ ਨੇ ਵੀ ਇਸ ਵਿਰੋਧ ਨੂੰ ਅੱਗੇ ਵਧਾਉਣ ਦਾ ਫੈਸਲਾ ਕਰ ਲਿਆ ਜਾਪਦਾ ਹੈ। ਜਿਵੇਂ ਕਿ ਹੰਸ ਰਾਜ ਹੰਸ ਪਹਿਲਾਂ ਹੀ ਸੱਦਾ ਦੇ

⇒ ਬਾਕੀ ਸਫਾ 9 ਉਤੇ ਪੜ੍ਹੋ









# ਇਰਾਨ ਦੇ ਰਾਸ਼ਟਰਪਤੀ ਤੇ ਵਿਦੇਸ਼ ਮੰਤਰੀ ਦੇ ਮਾਰੇ ਜਾਣ ਪਿੱਛੋਂ ਦਾ ਇਰਾਨ

## *ਭਾਰਤ ਨਾਲ ਸੰਬੰਧਾਂ ਨੂੰ ਨਿਕਟਵਰਤੀ ਬਣਾਇਆ ਰਾਈਸੀ ਤੇ ਅਬਦੁੱਲਾ ਨੇ

**ਜੇ.ਐਸ. ਮਾਂਗਟ**

ਇਰਾਨ ਦੇ ਰਾਸ਼ਟਰਪਤੀ ਇਬਰਾਹਿਮ ਰਾਈਸੀ ਅਤੇ ਵਿਦੇਸ਼ ਮੰਤਰੀ ਹੁਸੈਨ ਆਮਿਰ ਅਬਦੁੱਲਾ ਦੀ ਇੱਕ ਹੈਲੀਕਪਟਰ ਹਾਦਸੇ ਵਿੱਚ ਹੋਈ ਮੌਤ ਨੇ ਇਸ ਦੇਸ਼ ਦੇ ਉੱਚ ਪ੍ਰਸ਼ਾਸਨਿਕ ਹਲਕਿਆਂ ਵਿੱਚ ਇੱਕ ਵੱਡਾ ਸੁਰਾਖ ਕਰ ਦਿੱਤਾ ਹੈ। ਇਸ ਨੂੰ ਇਨ੍ਹਾਂ ਦੇ ਬਰਾਬਰ ਦੀ ਧਾਰਮਿਕ-ਰਾਜਨੀਤਿਕ ਹਸਤੀ ਨਾਲ ਭਰਨਾ ਹਾਲ ਦੀ ਘੜੀ ਸ਼ਾਇਦ ਮੁਮਕਿਨ ਨਾ ਹੋਵੇ। ਫਿਰ ਵੀ ਇਰਾਨ ਦੇ ਸੁਪਰੀਮ ਲੀਡਰ ਆਇਤੁਲਾ ਖੁਮੈਨੀ ਨੇ ਦੇਸ਼ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਹੈ ਕਿ ਮੁਲਕ ਦੇ ਕੰਮਕਾਰ ਨੂੰ ਅੱਗੇ ਤੋਰਨ ਵਿੱਚ ਕੋਈ ਦਿੱਕਤ ਪੇਸ਼ ਨਹੀਂ ਆਵੇਗੀ।

ਇਬਰਾਹਿਮ ਰਾਈਸੀ ਦੀ ਅਣਕਿਆਸੀ ਮੌਤ ਉਸ ਵਕਤ ਹੋਈ ਹੈ, ਜਦੋਂ ਇਹ ਦੇਸ਼ ਇਜ਼ਰਾਇਲ ਨਾਲ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਗਹਿਰੇ ਤਣਾਅ ਵਿੱਚੋਂ ਗੁਜ਼ਰ ਰਿਹਾ ਹੈ। ਹਾਲੇ ਕੁਝ ਸਮਾਂ ਪਹਿਲਾਂ ਹੀ ਇਰਾਨ ਦੇ ਸੀਰੀਆ ਵਿੱਚ ਸਥਿਤ ਕੌਂਸਲੇਟ 'ਤੇ ਇਜ਼ਰਾਇਲ ਵੱਲੋਂ ਹਮਲਾ ਕਰ ਦਿੱਤਾ ਗਿਆ ਸੀ, ਜਿਸ ਵਿੱਚ ਉਥੋਂ ਦੇ ਵੱਡੇ ਅਧਿਕਾਰੀ ਅਤੇ ਰੈਵੋਲੀਸ਼ਨਰੀ ਗਾਰਡ ਨਾਲ ਸੰਬੰਧਤ ਸੀਨੀਅਰ ਅਧਿਕਾਰੀ ਮਾਰੇ ਗਏ ਸਨ। ਇਸ ਨੂੰ ਇਰਾਨ ਨੇ ਆਪਣੀ ਸੰਪਰਭੂਤਾ 'ਤੇ ਹਮਲਾ ਸਮਝਿਆ ਸੀ ਅਤੇ ਬਦਲੇ ਵਜੋਂ ਇਜ਼ਰਾਇਲ 'ਤੇ ਡਰੋਨਾਂ ਅਤੇ ਮਿਜ਼ਾਈਲਾਂ ਨਾਲ ਵੱਡਾ ਹਮਲਾ ਕੀਤਾ ਸੀ, ਜਿਸ ਨੂੰ ਪ੍ਰਮੁੱਖ ਤੌਰ 'ਤੇ ਇਜ਼ਰਾਇਲ ਨੇ ਇੰਗਲੈਂਡ, ਅਮਰੀਕਾ, ਜੌਰਡਨ ਅਤੇ ਹੋਰ ਪੱਛਮੀ ਮੁਲਕਾਂ ਨਾਲ ਮਿਲ ਕੇ ਰੋਕ ਲਿਆ ਸੀ।

ਇਬਰਾਹਿਮ ਰਾਈਸੀ ਅਤੇ ਉਸ ਦੇ ਵਿਦੇਸ਼ ਮੰਤਰੀ ਹੁਸੈਨ ਅਮੀਰ ਅਬਦੁੱਲਾ ਦੀ ਮੌਤ ਅਜ਼ਰਾਬਾਈਜਾਨ ਨਾਲ ਲਗਦੀ ਸਰਹੱਦ ਨੇੜੇ ਸਥਿਤ ਪਹਾੜੀਆਂ ਵਿੱਚ ਖਰਾਬ ਮੌਸਮ ਕਾਰਨ ਹੋਈ ਦੱਸੀ ਗਈ ਹੈ। ਧੁੰਦ ਕਾਰਨ ਹੈਲੀਕਾਪਟਰ ਕਿਸੇ ਪਹਾੜੀ ਨਾਲ ਟਕਰਾਅ ਗਿਆ ਦੱਸਿਆ ਜਾਂਦਾ ਹੈ। ਇਹ ਵੀ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਕਿ ਇਸ ਹਾਦਸੇ ਵਿੱਚ ਕਿਸੇ ਦੁਸ਼ਮਣ ਦੇਸ਼ ਦਾ ਹੱਥ ਨਾ ਹੋਵੇ। ਇਜ਼ਰਾਇਲ ਨੇ ਇਸ ਘਟਨਾਕ੍ਰਮ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਹੈ, ਪਰ ਘਟਨਾ ਦੇ ਅਸਲ ਕਾਰਨ ਦਾ ਪਤਾ ਤਾਂ ਜਾਂਚ ਮੁਕੰਮਲ ਹੋਣ ਤੋਂ ਬਾਅਦ ਹੀ ਲੱਗ ਸਕੇਗਾ। ਇਸ ਹਾਦਸੇ ਵਿੱਚ ਰਾਸ਼ਟਰਪਤੀ ਅਤੇ ਵਿਦੇਸ਼ ਮੰਤਰੀ ਤੋਂ ਇਲਾਵਾ ਕੁਝ ਹੋਰ ਅਧਿਕਾਰੀਆਂ ਦੀ ਵੀ ਮੌਤ ਹੋਈ ਹੈ। ਇਸ ਤੋਂ ਪਿੱਛੋਂ ਇਰਾਨ ਦੇ ਸੁਪਰੀਮ ਆਗੂ ਆਇਤੁੱਲਾ ਖੁਮੈਨੀ ਨੇ ਪ੍ਰਥਮ ਉੱਪ ਰਾਸ਼ਟਰਪਤੀ ਮੁਹੰਮਦ ਮੁਖ਼ਬਰ ਨੂੰ ਕਾਰਜਕਾਰੀ ਰਾਸ਼ਟਰਪਤੀ ਨਿਯੁਕਤ ਕਰ ਦਿੱਤਾ ਹੈ।

ਇਰਾਨੀ ਸੰਵਿਧਾਨ ਅਨੁਸਾਰ ਨਵੇਂ ਰਾਸ਼ਟਰਪਤੀ ਦੀ ਚੋਣ ਆਉਂਦੇ 50 ਦਿਨਾਂ ਵਿੱਚ ਕਰਵਾਈ ਜਾਵੇਗੀ। ਇਸ ਦੌਰਾਨ ਇਰਾਨ ਵੱਲੋਂ ਆਪਣੇ ਆਗੂ ਦੀ ਮੌਤ 'ਤੇ ਪੰਜ ਦਿਨਾਂ ਦੇ ਸੋਗ ਦਾ ਐਲਾਨ ਕੀਤਾ ਗਿਆ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਈਸੀ ਦੀ ਮੌਤ 'ਤੇ 21 ਮਈ ਨੂੰ ਇੱਕ ਦਿਨ ਦੇ ਸੋਗ ਦਾ ਐਲਾਨ ਕੀਤਾ ਅਤੇ ਉਨ੍ਹਾਂ ਦੀ ਮੌਤ 'ਤੇ ਦੁਖ ਦਾ ਪ੍ਰਗਟਾਵਾ ਕੀਤਾ ਹੈ। ਪਾਕਿਸਤਾਨ ਵੱਲੋਂ ਵੀ ਉਨ੍ਹਾਂ ਦੀ ਮੌਤ 'ਤੇ ਇੱਕ ਦਿਨ ਦੇ ਸੋਗ ਦਾ ਐਲਾਨ ਕੀਤਾ ਗਿਆ। ਭਾਰਤ ਅਤੇ ਪਾਕਿਸਤਾਨ ਤੋਂ ਇਲਾਵਾ ਮਿਸਰ ਅਤੇ ਜੌਰਡਨ ਦੇ ਮੁਖੀਆਂ, ਅਜ਼ਰਾਬਾਈਜਾਨ ਦੇ ਰਾਸ਼ਟਰਪਤੀ ਇਲਹਾਮ ਅਲੀਯੇਵ, ਸੀਰੀਆ ਦੇ ਰਾਸ਼ਟਰਪਤੀ ਬਸ਼ਰ ਅਸਦ, ਤੁਰਕੀ ਦੇ ਰਾਸ਼ਟਰਪਤੀ ਅਰਦੋਗਾਂ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਉਨ੍ਹਾਂ ਦੀ ਮੌਤ 'ਤੇ ਦੁਖ ਦਾ ਇਜ਼ਹਾਰ ਕੀਤਾ ਹੈ। ਪੂਤਿਨ ਨੇ ਰਾਈਸੀ ਨੂੰ ਆਪਣੇ ਮਿੱਤਰ ਵਜੋਂ ਯਾਦ ਕੀਤਾ ਹੈ।





ਰਾਸ਼ਟਰਪਤੀ ਇਬਰਾਹਿਮ ਰਾਈਸੀ ਅਤੇ ਵਿਦੇਸ਼ ਮੰਤਰੀ ਹੁਸੈਨ ਆਮਿਰ ਅਬਦੁੱਲਾ

ਯਾਦ ਰਹੇ, ਰਾਸ਼ਟਰਪਤੀ ਰਾਈਸੀ ਨੂੰ ਆਪਣੇ ਸੁਪਰੀਮ ਲੀਡਰ ਆਇਤੁਲਾ ਖੁਮੈਨੀ ਦੇ ਸਭ ਤੋਂ ਨਜ਼ਦੀਕ ਮੰਨਿਆ ਜਾਂਦਾ ਸੀ। 85 ਸਾਲਾ ਖੁਮੈਨੀ ਤੋਂ ਬਾਅਦ ਰਾਈਸੀ ਹੀ ਉਨ੍ਹਾਂ ਦੀ ਥਾਂ ਲੈਣ ਲਈ ਸਭ ਤੋਂ ਯੋਗ ਇਰਾਨੀ ਆਗੂ ਸਮਝੇ ਜਾ ਰਹੇ ਸਨ। ਰਾਈਸੀ ਨੇ 2021 ਵਿੱਚ ਰਾਸ਼ਟਰਪਤੀ ਦੀ ਚੋਣ ਜਿੱਤੀ ਸੀ। ਰਾਈਸੀ ਦੀ ਮੌਤ ਤੋਂ ਬਾਅਦ ਹੁਣ ਖੁਮੈਨੀ ਦੇ ਆਪਣੇ ਪੁੱਤਰ ਮੁਜਤਬਾ ਖੁਮੈਨੀ ਨੂੰ ਇਸ ਅਹੁਦੇ ਲਈ ਜਾਨਸ਼ੀਨ ਮੰਨਿਆ ਜਾਣ ਲੱਗਾ ਹੈ। 1988 ਵਿੱਚ ਇਰਾਨ ਇਰਾਕ ਜੰਗ ਮਗਰੋਂ ਸਿਆਸੀ ਕੈਦੀਆਂ ਨੂੰ ਸਮੂਹਿਕ ਫਾਂਸੀ ਲਗਾ ਦੇਣ ਕਾਰਨ ਇਬਰਾਹਿਮ ਰਾਈਸੀ ਵੱਡੀ ਚਰਚਾ ਵਿੱਚ ਆਏ ਸਨ। ਇਸ ਤੋਂ ਬਾਅਦ ਅਮਰੀਕਾ ਨੇ ਇਰਾਨ 'ਤੇ ਪਾਬੰਦੀਆਂ ਵੀ ਲਗਾਈਆਂ ਸਨ। ਰਾਈਸੀ ਇਰਾਨ ਦੇ ਦੂਜੇ ਰਾਸ਼ਟਰਪਤੀ ਹਨ, ਜਿਨ੍ਹਾਂ ਦੀ ਅਹੁਦੇ 'ਤੇ ਰਹਿੰਦਿਆਂ ਮੌਤ ਹੋਈ ਹੈ। ਇਸ ਤੋਂ ਪਹਿਲਾਂ ਇਸਲਾਮਿਕ ਇਨਕਲਾਬ ਤੋਂ ਬਾਅਦ ਤਤਕਾਲੀ ਰਾਸ਼ਟਰਪਤੀ ਮੁਹੰਮਦ ਅਲੀ ਰਾਜਾਈ ਬੰਬ ਧਮਾਕੇ ਵਿੱਚ ਮਾਰੇ ਗਏ ਸਨ। ਇਬਰਾਹਿਮ ਰਾਈਸੀ 2017 ਵਿੱਚ ਇੱਕ ਨਰਮ ਖਿਆਲ ਆਗੂ ਹਸਨ ਰੂਹਾਨੀ ਤੋਂ ਰਾਸ਼ਟਰਪਤੀ ਚੋਣ ਹਾਰ ਗਏ ਸਨ, ਪਰ ਚਾਰ ਸਾਲ ਬਾਅਦ ਸੁਚੇਤ ਰੂਪ ਵਿੱਚ ਮੈਨੇਜ ਕੀਤੇ ਗਏ ਚੋਣ ਸਿਸਟਮ ਰਾਹੀਂ ਉਨ੍ਹਾਂ ਨੂੰ ਰਾਸ਼ਟਰਪਤੀ ਚੁਣ ਲਿਆ ਗਿਆ ਸੀ। ਉਸ ਦੇ ਚੁਣੇ ਜਾਣ ਤੋਂ ਬਾਅਦ ਕਥਿਤ ਇਖਲਾਕੀ ਕਾਨੂੰਨ ਸਖਤ ਕਰ ਦਿੱਤੇ ਗਏ ਸਨ। ਇਸ ਦੌਰ ਵਿੱਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ 'ਤੇ ਅਣਮਿਣੀ ਸਖਤੀ ਕੀਤੀ ਗਈ। ਦੁਨੀਆਂ ਦੀਆਂ ਵੱਡੀਆਂ ਤਾਕਤਾਂ ਨਾਲ ਨਿਊਕਲੀਅਰ ਐਨਰਜੀ ਬਾਰੇ ਸਮਝੌਤਿਆਂ ਦੇ ਮਾਮਲੇ ਵਿੱਚ ਵੀ ਇਰਾਨ ਦਾ ਸਟੈਂਡ ਸਖਤ ਹੋ ਗਿਆ ਸੀ। ਰਾਈਸੀ ਦੇ ਦੌਰ ਵਿੱਚ ਇਰਾਨ ਵਿੱਚ ਹਥਿਆਰਾਂ ਦੀ ਪੈਦਾਵਾਰ ਵੀ ਵਧ ਗਈ ਅਤੇ ਇਰਾਨ ਯੂਰੇਨੀਅਮ ਤੋਂ ਪ੍ਰਮਾਣੂ ਹਥਿਆਰ ਬਣਾਉਣ ਦੇ ਲਾਗੇ ਪੁੱਜ ਗਿਆ। ਰੂਸ ਅਤੇ ਯੂਕਰੇਨ ਦੀ ਜੰਗ ਦਰਮਿਆਨ ਰੂਸੀਆਂ ਨੂੰ ਬੰਬ ਲਿਜਾਣ ਵਾਲੀਆਂ ਡਰੋਨਾਂ ਸਪਲਾਈ ਕਰਨ ਕਰਕੇ ਪੱਛਮੀ ਤਾਕਤਾਂ ਨਾਲ ਉਸ ਦਾ ਤਣਾਅ ਵੀ ਵਧਦਾ ਗਿਆ।

ਇਰਾਨ ਲਈ ਸਮੱਸਿਆ ਇਹ ਹੋਵੇਗੀ ਕਿ ਜਿਸ ਕੱਟੜਪੰਥੀ ਧਾਰਾ ਨਾਲ ਇਬਰਾਹਿਮ ਰਾਈਸੀ ਜੁੜਿਆ ਹੋਇਆ ਸੀ, ਉਸ ਕੋਲ ਸ਼ਾਇਦ ਹੀ ਹੁਣ ਇਸ ਪਾਏ ਦਾ ਲੀਡਰ ਹੋਵੇ। ਇਜ਼ਰਾਇਲ ਅਤੇ ਇਰਾਨ ਵਿੱਚ ਸ਼ਬਦੀ ਅਤੇ ਠੰਡੀ ਜੰਗ ਹਮੇਸ਼ਾ ਚਲਦੀ ਰਹੀ ਹੈ। ਇੱਕ ਦੂਜੇ 'ਤੇ ਸਾਈਬਰ ਅਟੈਕ ਹੁੰਦੇ ਰਹੇ ਹਨ; ਪਰ ਇਹ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਕਿ ਅਪ੍ਰੈਲ ਮਹੀਨੇ ਵਿੱਚ ਦੋਹਾਂ ਨੇ ਇੱਕ ਦੂਜੇ 'ਤੇ ਸਿੱਧੇ ਹਮਲੇ ਕੀਤੇ। ਪਿਛਲੇ ਸਾਲ ਅਕਤੂਬਰ ਵਿੱਚ ਇਜ਼ਰਾਇਲ 'ਤੇ ਹੋਏ ਵੱਡੇ ਅਤਿਵਾਦੀ ਹਮਲੇ ਤੋਂ ਪਿਛੋਂ ਹਮਾਸ ਅਤੇ ਇਜ਼ਰਾਇਲ ਵਿਚਕਾਰ ਛਿੜੀ ਜੰਗ ਨੇ ਦੋਹਾਂ ਮੁਲਕਾਂ ਨੂੰ ਆਪਸੀ ਜੰਗ ਦੇ ਨੇੜੇ ਲਿਆ ਖੜ੍ਹਾ ਕੀਤਾ ਸੀ। ਬੀਤੇ ਵਰ੍ਹੇ 7 ਅਕਤੂਬਰ ਨੂੰ ਹਮਾਸ ਮਲੀਸ਼ੀਆ ਵੱਲੋਂ ਇਜ਼ਰਾਇਲ ਦੇ ਅੰਦਰ ਕੀਤੇ ਗਏ ਹਮਲੇ ਵਿੱਚ ਵੀ ਇਰਾਨ ਦੀ ਹਮਾਇਤ ਹੋਣ ਦਾ ਸ਼ੱਕ ਪ੍ਰਗਟ ਕੀਤਾ ਜਾਂਦਾ ਰਿਹਾ ਹੈ।

ਉਂਝ ਆਪਣੇ ਕੁਝ ਗੁਆਂਢੀ ਮੁਲਕਾਂ ਵਿੱਚ ਅਮਰੀਕਾ ਅਤੇ ਇਜ਼ਰਾਇਲ ਦੇ ਮਹੱਤਵਪੂਰਨ ਟਿਕਾਣਿਆ ਉੱਤੇ ਇਰਾਨ ਸਮਰਥਤ ਹਥਿਆਰਬੰਦ ਇਸਲਾਮਿਕ ਲੜਾਕੇ ਅਕਸਰ ਹਮਲੇ ਕਰਦੇ ਰਹਿੰਦੇ ਹਨ। ਇਰਾਨ ਦੇ ਨਜ਼ਦੀਕੀ ਮੁਲਕਾਂ ਵਿੱਚ ਦੋਹਾਂ ਧਿਰਾਂ ਵੱਲੋਂ ਇੱਕ ਦੂਜੇ ਦੇ ਬੰਦਿਆਂ 'ਤੇ ਅਕਸਰ ਹੀ ਹਮਲੇ ਕੀਤੇ ਜਾਂਦੇ ਰਹੇ ਹਨ। ਇਰਾਨ ਆਪਣੇ ਆਪ ਨੂੰ ਫਲਿਸਤੀਨੀਆਂ ਦਾ ਪ੍ਰਮੁੱਖ ਸਰਪ੍ਰਸਤ ਸਮਝਦਾ ਹੈ ਅਤੇ ਉਸ ਦੇ ਲੜਾਕਿਆਂ ਦੀ ਹਮਾਇਤ ਵੀ ਕਰਦਾ ਹੈ। ਇਸੇ ਤਹਿਤ ਇਰਾਨ ਦੇ ਲੀਡਰਾਂ ਵੱਲੋਂ ਕਈ ਵਾਰ ਇਜ਼ਰਾਇਲ ਨੂੰ ਧਰਤੀ ਦੇ ਨਕਸ਼ੇ ਤੋਂ ਮਿਟਾ ਦੇਣ ਦੇ ਬਿਆਨ ਵੀ ਦਿੱਤੇ ਗਏ ਹਨ। ਹਾਲੇ ਪਿਛਲੇ ਮਹੀਨੇ ਹੀ ਖੁਮੈਨੀ ਨੇ ਕਿਹਾ ਸੀ ਕਿ ਇਜ਼ਰਾਇਲ 75 ਸਾਲਾਂ ਤੋਂ ਫਲਿਸਤੀਨੀਆਂ 'ਤੇ ਜ਼ੁਲਮ ਕਰਦਾ ਆ ਰਿਹਾ ਹੈ। ਜਦੋਂ ਤੋਂ ਜੰਗ ਸ਼ੁਰੂ ਹੋਈ ਹੈ, ਇਰਾਨੀ ਲੀਡਰ ਫਲਿਸਤੀਨ ਨਾਲ ਇਕਮੁੱਠਤਾ ਪ੍ਰਗਟ ਕਰਦੇ ਰਹੇ ਹਨ। ਇਰਾਨ ਹਮਾਸ ਤੋਂ ਇਲਾਵਾ ਲੈਬਨਾਨ ਵਿੱਚ ਹਿਜ਼ਬੁੱਲਾ ਲੜਾਕਿਆਂ ਦੀ ਵੀ ਮਦਦ ਕਰਦਾ ਰਿਹਾ ਹੈ। ਇਸ ਨੂੰ ਇਰਾਨ ਦਾ ਪ੍ਰੌਕਸੀ ਗਰੁੱਪ ਸਮਝਿਆ ਜਾਂਦਾ ਹੈ। ਹਿਜ਼ਬੁੱਲਾ ਨੇ ਜੰਗ ਦੌਰਾਨ ਇਜ਼ਰਾਇਲ ਨੂੰ ਇੱਕ ਹਥਿਆਰਬੰਦ ਵਿਰੋਧ ਵਿੱਚ ਉਲਝਾ ਰੱਖਿਆ ਹੈ। ਇਸ ਤੋਂ ਇਲਾਵਾ ਇਰਾਨ ਆਧਾਰਤ ਪ੍ਰੌਕਸੀ ਗਰੁੱਪਾਂ ਨੇ ਸਰੀਆ ਅਤੇ ਇਰਾਕ ਵਿੱਚ ਅਮਰੀਕਾ ਦੇ ਫੌਜੀ ਅੱਡਿਆਂ 'ਤੇ ਬਹੁਤ ਵਾਰ ਹਮਲੇ ਕੀਤੇ ਹਨ।

ਇਸ ਸਭ ਕੁਝ ਦੇ ਬਾਵਜੂਦ ਇਰਾਨ ਦੇ, ਖਾਸ ਕਰਕੇ ਰਾਈਸੀ ਦੇ ਕਾਰਜ ਕਾਲ ਵਿੱਚ ਭਾਰਤ ਨਾਲ ਰਿਸ਼ਤੇ ਕਾਫੀ ਨਜ਼ਦੀਕੀ ਰਹੇ ਹਨ। ਇਸ ਦੌਰ ਵਿੱਚ ਭਾਰਤ ਨੇ ਇਰਾਨ ਦੀ ਚਬਾਹਾਰ ਬੰਦਰਗਾਹ ਦੇ ਵਿਕਾਸ ਦਾ ਜਿੰਮਾ ਵੀ ਓਟਿਆ। ਉਸ ਨੇ ਭਾਰਤ ਵੱਲੋਂ ਸੁਝਾਏ ਕੌਮਾਂਤਰੀ ਉੱਤਰ-ਦੱਖਣ ਟਰਾਂਸਪੋਰਟ ਕੋਰੀਡੋਰ ਦੇ ਉਦਮ ਵਿੱਚ ਵੀ ਆਪਣੇ ਆਪ ਨੂੰ ਸ਼ਾਮਲ ਕੀਤਾ। ਇਬਰਾਹਿਮ ਰਾਈਸੀ ਦੀ ਮੌਤ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਦੌਰ ਵਿੱਚ ਇਰਾਨ ਨਾਲ ਮਜ਼ਬੂਤ ਹੋਏ ਰਿਸ਼ਤਿਆਂ ਵਿੱਚ ਰਾਈਸੀ ਦੀ ਦੇਣ ਨੂੰ ਸਵੀਕਾਰ ਵੀ ਕੀਤਾ ਹੈ। ਰਾਈਸੀ ਦੇ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਮਰਹੂਮ ਵਿਦੇਸ਼ ਮੰਤਰੀ ਅਮੀਰ ਅਬਦੁੱਲਾ ਨੇ ਭਾਰਤ ਨਾਲ ਰਿਸ਼ਤੇ ਸੁਧਾਰਨ ਨੂੰ ਵੱਡੀ ਪਹਿਲ ਦਿੱਤੀ। ਇਸ ਮਕਸਦ ਲਈ ਭਾਰਤ ਦੇ ਵਿਦੇਸ਼ ਮੰਤਰੀ ਐਸ.ਜੈ ਸ਼ੰਕਰ ਨੂੰ ਕਈ ਵਾਰ ਮਿਲੇ।

ਜੌਹਨ ਹੌਪਕਿਨ ਯੂਨੀਵਰਸਿਟੀ ਦੇ ਇੱਕ ਅਧਿਆਪਕ ਪੱਛਮੀ ਏਸ਼ੀਆ ਬਾਰੇ ਸਿਆਸੀ ਮਾਹਿਰ ਵਲੀ ਨਾਸਰ ਅਨੁਸਾਰ, "ਰਾਈਸੀ ਨੇ ਵਿਦੇਸ਼ੀ ਮਾਮਲਿਆਂ ਨੂੰ ਕਦੀ ਵੀ ਬਹੁਤ ਜ਼ਿਆਦਾ ਪ੍ਰਭਾਵਤ ਨਹੀਂ ਕੀਤਾ, ਪਰ ਉਸ ਤੋਂ ਬਾਅਦ ਸੁਪਰੀਮ ਲੀਡਰ ਆਇਤੁਲਾ ਖੁਮੈਨੀ ਦੇ ਵਾਰਸ ਦੇ ਮਾਮਲੇ ਵਿੱਚ ਸੰਕਟ ਵਾਲੀ ਸਥਿਤੀ ਹੈ। ਇਸ ਤੋਂ ਇਲਾਵਾ ਰਾਸ਼ਟਰਪਤੀ ਦੀ ਚੋਣ ਵਿੱਚ ਕੌਣ ਸਫਲ ਹੁੰਦਾ ਹੈ, ਇਹਦੇ ਬਾਰੇ ਵੀ ਇੱਕ ਅਨਿਸ਼ਚਤ ਸਥਿਤੀ ਹੈ। ਜਿਸ ਅਤਿ ਸੱਜੀ ਧਿਰ ਵਿੱਚੋਂ ਰਾਈਸੀ ਉਭਰਿਆ ਸੀ, ਉਸ ਕੋਲ ਹੁਣ ਉਸ ਦੇ ਕੱਦ ਦਾ ਆਗੂ ਨਹੀਂ ਹੈ। ਇਸ ਸਥਿਤੀ ਵਿੱਚ ਕਿਸੇ ਨਰਮ ਖਿਆਲੀ ਜਾਂ ਮੱਧ ਮਾਰਗੀ ਆਗੂ ਦੇ ਰਾਸ਼ਟਰਪਤੀ ਚੁਣੇ ਜਾਣ ਦੇ ਵੀ ਆਸਾਰ ਬਣ ਸਕਦੇ ਹਨ।"

ਸੁਪਰੀਮ ਲੀਡਰ ਦੀ ਨਿਗਰਾਨੀ ਵਿੱਚ ਹੋਣ ਦੇ ਬਾਵਜੂਦ ਰਾਸ਼ਟਰਪਤੀ ਦੀ ਚੋਣ ਵਿੱਚ ਪਿਛਲੇ ਸਮੇਂ ਵਿੱਚ ਨਰਮਖਿਆਲੀ ਆਗੂ ਮੁਹੰਮਦ ਖਾਤਮੀ ਵੀ ਚੁਣੇ ਗਏ ਸਨ। ਇਸ ਲਈ ਅਗਲੇ ਕੁਝ ਸਮੇਂ ਵਿੱਚ ਇਰਾਨ ਦੀ ਅੰਦਰੂਨੀ ਸਿਆਸਤ ਵਿੱਚ ਚੱਕ-ਥੱਲ ਬੜੀ ਦਿਲਚਸਪ ਹੋਏਗੀ।

# ਨਵੇਂ ਰੰਗ ਦੀ ਸਿਆਸਤ ਵਿੱਚ ਰੁੱਝੀ ਭਾਜਪਾ

**ਪੀ. ਐਸ. ਬਟਾਲਾ**

ਹੁਣ ਭਾਵੇਂ ਕਿ ਲੋਕ ਸਭਾ ਚੋਣਾਂ ਦੇ ਪੰਜਵੇਂ ਗੇੜ ਲਈ ਵੀ ਮਤਦਾਨ ਦਾ ਕੰਮ ਮੁਕੰਮਲ ਹੋ ਚੁੱਕਾ ਹੈ, ਪਰ ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਵਾਰ ਹੋਏ ਪਹਿਲੇ ਗੇੜ ਦੇ ਮਤਦਾਨ ਉਪਰੰਤ ਪ੍ਰਾਪਤ ਹੋਈਆਂ ਭਾਜਪਾ ਦੀਆਂ ਆਪਣੀਆਂ ਖ਼ੁਫ਼ੀਆਂ ਰਿਪੋਰਟਾਂ ਨੇ ਅਤੇ ਬਿਹਾਰ ਸਮੇਤ ਕੁਝ ਹੋਰ ਰਾਜਾਂ ਵਿੱਚ ਹੋਈ ਘੱਟ ਪੋਲਿੰਗ ਨੇ ਭਾਜਪਾ ਦੇ 'ਸੁਪਰਸਟਾਰ ਕੰਪੇਨਰ' ਨਰਿੰਦਰ ਮੋਦੀ ਸਮੇਤ ਸਮੁੱਚੀ ਕੇਂਦਰੀ ਲੀਡਰਸ਼ਿਪ ਦੀ ਨੀਂਦ ਉਡਾ ਦਿੱਤੀ ਸੀ। ਭਾਜਪਾ ਨੇ ਤਾਂ ਇਸ ਵਾਰ 'ਚਾਰ ਸੌ ਪਾਰ' ਦਾ ਨਾਅਰਾ ਦਿੱਤਾ ਸੀ, ਜੋ ਪੂਰਾ ਹੋਣਾ ਤਾਂ ਦੂਰ ਸਗੋਂ ਲੋੜੀਂਦੀਆਂ 272 ਸੀਟਾਂ ਵੀ ਹਾਸਿਲ ਕਰਨ ਲਈ ਭਾਜਪਾ ਨੂੰ ਹੁਣ ਤੋਂ ਹੀ ਪਸੀਨਾ ਆਉਣਾ ਸ਼ੁਰੂ ਹੋ ਗਿਆ ਹੈ, ਤੇ ਸਥਿਤੀ ਦੀ ਗੰਭੀਰਤਾ ਨੂੰ ਪਛਾਣਦਿਆਂ ਪ੍ਰਧਾਨ ਮੰਤਰੀ ਸਮੇਤ ਸਮੂਹ ਭਾਜਪਾ ਆਗੂਆਂ ਤੇ ਪ੍ਰਚਾਰਕਾਂ ਨੇ ਆਪਣੀ ਬੋਲੀ ਅਤੇ ਸ਼ੈਲੀ ਵਿੱਚ ਤੁਰੰਤ ਪਰਿਵਰਤਨ ਲੈ ਆਂਦਾ ਹੈ। 'ਸਭ ਕਾ ਸਾਥ, ਸਭ ਕਾ ਵਿਕਾਸ' ਦਾ ਨਾਅਰਾ ਬੁਲੰਦ ਕਰਨ ਵਾਲੀ ਭਾਜਪਾ ਹੁਣ ਧਰਮ-ਨਿਰਪੱਖਤਾ ਦਾ 'ਹਿੰਦੂ-ਮੁਸਲਿਮ' ਵਾਲਾ ਪੱਤਾ ਖੇਡਣ ਵਿੱਚ ਰੁੱਝ ਗਈ ਹੈ, ਕਿਉਂਕਿ ਇਹ ਉਸਦਾ ਚੋਣਾਂ ਵੇਲੇ ਵਾਰ-ਵਾਰ ਅਜ਼ਮਾਇਆ ਹੋਇਆ ਤੇ ਸਫ਼ਲ ਰਹਿ ਚੁਕਾ ਫ਼ਾਰਮੂਲਾ ਹੈ।

ਭਾਜਪਾ ਪੋਲਰਾਈਜ਼ੇਸ਼ਨ ਕਰਨ ਲਈ ਤੇ ਦੁਨੀਆਂ ਭਰ ਵਿੱਚ 'ਧਰਮ ਨਿਰਪੱਖ' ਆਖੇ ਜਾਂਦੇ ਭਾਰਤ ਦੇ ਬਹੁਗਿਣਤੀ ਹਿੰਦੂਆਂ ਨੂੰ ਖ਼ੁਸ਼ ਕਰਨ ਲਈ ਜਾਂ ਆਪਣੇ ਹੱਕ ਵਿੱਚ ਭੁਗਤਾਉਣ ਲਈ ਮੁਸਲਮਾਨਾਂ ਨੂੰ ਮੰਦਾ ਬੋਲਣਾ ਜ਼ਰੂਰੀ ਸਮਝ ਬੈਠੀ ਹੈ। ਭਾਰਤ ਦੇ ਹਿੰਦੂਆਂ ਨੂੰ ਵਿਸ਼ੇਸ਼ ਸਹੂਲਤਾਂ ਦੇ ਕੇ ਵੀ ਉਹ ਖ਼ੁਸ਼ ਕਰ ਸਕਦੀ ਹੈ, ਪਰ ਭਾਜਪਾ ਦੇ ਸਿਖਰਲੇ ਆਗੂਆਂ ਨੂੰ ਲੱਗਦਾ ਹੈ ਕਿ ਹਿੰਦੂਆਂ ਦੇ ਵਿਕਾਸ ਲਈ ਚੋਖਾ ਰੁਪਿਆ ਖ਼ਰਚ ਕਰਨ ਦੀ ਥਾਂ ਮੁਸਲਮਾਨਾਂ ਨੂੰ ਮੰਦਾ ਬੋਲਣਾ 'ਸਸਤਾ' ਪੈਂਦਾ ਹੈ ਤੇ 'ਹਿੰਦੂਆਂ ਦਾ ਉਲਾਰ' ਉਸ ਵੱਲ ਨੂੰ ਸਹਿਜ ਹੀ ਹੋ ਜਾਂਦਾ ਹੈ। ਭਾਰਤੀ ਹਿੰਦੂ ਇਹ ਭੁੱਲ ਜਾਂਦੇ ਹਨ ਕਿ ਜੇ ਦੇਸ਼ ਵਿੱਚ ਸਿਲੰਡਰ ਚਾਰ ਸੌ ਦੀ ਥਾਂ ਨੌ ਸੌ ਰੁਪਏ ਦਾ, ਪੈਟਰੋਲ 50 ਰੁਪਏ ਦੀ ਥਾਂ 100 ਰੁਪਏ ਲੀਟਰ, ਸਰ੍ਹੋਂ ਦਾ ਤੇਲ 60 ਰੁਪਏ ਦੀ ਥਾਂ 120 ਰੁਪਏ ਪ੍ਰਤੀ ਲੀਟਰ ਵਿਕ ਰਿਹਾ ਹੈ ਤੇ ਜੇ ਆਟਾ, ਦੁੱਧ ਅਤੇ ਹੋਰ ਜ਼ਰੂਰੀ ਵਸਤਾਂ 'ਤੇ ਜੀ.ਐਸ.ਟੀ. ਥੋਪ ਦਿੱਤਾ ਗਿਆ ਹੈ ਤਾਂ ਇਹ ਸਾਰਾ ਬੋਝ ਹਿੰਦੂਆਂ 'ਤੇ ਵੀ ਤਾਂ ਪਿਆ ਹੈ! ਕੀ ਸਾਰੇ ਹਿੰਦੂ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਗਿਆ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਜੇ 'ਨਾਂਹ' ਵਿੱਚ ਹਨ ਤਾਂ ਫਿਰ ਹਿੰਦੂ ਸਮਾਜ ਇਹ ਕਿਉਂ ਨਹੀਂ ਪੁੱਛਦਾ ਕਿ ਉਹ ਭਾਜਪਾ ਨੂੰ ਕਿਸ ਵਾਸਤੇ ਵੋਟ ਪਾਵੇ?

ਹਿੰਦੂ ਵੋਟਾਂ ਨੂੰ ਆਪਣੇ ਵੱਲ ਉਲਾਰਨ ਖ਼ਾਤਿਰ ਭਾਜਪਾ ਦਾ ਮੀਡੀਆ ਸੈੱਲ ਬੜੇ ਜ਼ੋਰ-ਸ਼ੋਰ ਨਾਲ ਅਜਿਹੇ ਸੰਦੇਸ਼ ਅਤੇ ਪੋਸਟਾਂ ਸੋਸ਼ਲ ਮੀਡੀਆ 'ਤੇ ਪੋਸਟ ਕਰ ਰਿਹਾ ਹੈ, ਜਿਨ੍ਹਾਂ ਵਿੱਚ 'ਅਯੁੱਧਿਆ ਵਿਖੇ ਸ੍ਰੀ ਰਾਮ ਮੰਦਿਰ ਨਿਰਮਾਣ' ਦਾ ਸਾਰਾ 'ਕ੍ਰੈਡਿਟ' ਨਰਿੰਦਰ ਮੋਦੀ ਨੂੰ ਦਿੱਤਾ ਜਾ ਰਿਹਾ ਹੈ ਤੇ ਮਾਣਯੋਗ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਮਹੱਤਤਾ ਨੂੰ ਨਜ਼ਰਅੰਦਾਜ਼ ਕਰਕੇ ਸਾਰਾ ਗੁਣਗਾਨ ਭਾਜਪਾਈ ਲੀਡਰਸ਼ਿਪ ਦਾ ਕੀਤਾ ਜਾ ਰਿਹਾ ਹੈ। ਸੋਸ਼ਲ ਮੀਡੀਆ 'ਤੇ ਚਲਾਏ ਜਾ ਰਹੇ ਇੱਕ ਸੰਦੇਸ਼ ਦੀ ਇਬਾਰਤ ਆਖ਼ਦੀ ਹੈ, "ਇਸ ਵਾਰ ਬਟਨ ਉਹ ਦਬਾਓ ਕਿ ਜੇ ਕਦੇ ਅਯੁੱਧਿਆ ਵਿਖੇ ਜਾਓ ਤਾਂ ਪ੍ਰਭੂ ਸ੍ਰੀ ਰਾਮ ਜੀ ਨਾਲ ਨਜ਼ਰਾਂ ਮਿਲਾ ਸਕੋ।"

ਲੋਕ ਵਿਚਾਰੇ ਇਹ ਸਵਾਲ ਪੁੱਛਦੇ ਹਨ ਕਿ ਜੇ ਰਾਮ ਮੰਦਰ ਮੋਦੀ ਸਾਹਿਬ ਨੇ ਹੀ ਬਣਵਾਇਆ ਹੈ ਤਾਂ ਫਿਰ ਮੋਦੀ ਸਾਹਿਬ ਤੋਂ ਪਹਿਲਾਂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਸੱਤਾ ਵਿੱਚ ਰਹੀ ਤੇ ਸੰਨ 2014 ਤੋਂ 2019 ਤੱਕ ਵੀ ਕੇਂਦਰ ਵਿੱਚ ਮੋਦੀ ਦੀ ਆਗਵਾਈ ਵਾਲੀ ਭਾਜਪਾ ਦੀ ਸਰਕਾਰ ਰਹੀ, ਫਿਰ 'ਰਾਮ ਮੰਦਰ' ਉਦੋਂ ਕਿਉਂ ਨਾ ਬਣ ਗਿਆ? ਕਿੰਨੇ ਸਿਤਮ ਦੀ ਗੱਲ ਹੈ ਕਿ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬੈਠ ਕੇ ਆਪਣੇ ਸਮੂਹ ਦੇਸ਼ ਵਾਸੀਆਂ ਨੂੰ ਇੱਕ ਨਜ਼ਰ ਨਾਲ ਵੇਖਣ ਦੀ ਥਾਂ ਸ੍ਰੀ ਮੋਦੀ ਮਸਲਮਾਨਾਂ ਨੂੰ 'ਘੁਸਪੈਠੀਏ, ਵੱਧ ਬੱਚੇ ਪੈਦਾ ਕਰਨ ਵਾਲੀ ਕੌਮ' ਅਤੇ ਪਤਾ ਨਹੀਂ ਹੋਰ ਕਿਹੜੇ-ਕਿਹੜੇ ਘਟੀਆ ਸ਼ਬਦ ਵਰਤ ਰਹੇ ਹਨ। ਆਲਮ ਇਹ ਹੈ ਕਿ ਭਾਜਪਾ ਦੀ ਬੀਤੇ ਪੰਜ ਸਾਲ ਦੀ ਸਰਕਾਰ ਵਿੱਚ ਕੋਈ ਵੀ ਕੇਂਦਰੀ ਮੰਤਰੀ ਮੁਸਲਮਾਨ ਫ਼ਿਰਕੇ 'ਚੋਂ ਨਹੀਂ ਸੀ ਤੇ ਇਸ ਵਾਰ 543 ਸੀਟਾਂ ਵਿੱਚੋਂ ਭਾਜਪਾ ਨੇ ਇੱਕ ਵੀ ਉਮੀਦਵਾਰ ਮੁਸਲਿਮ ਸਮਾਜ ਵਿੱਚੋਂ ਨਹੀਂ ਲਿਆ ਹੈ।

ਸ੍ਰੀ ਮੋਦੀ ਨੇ ਮੁਸਲਮਾਨ ਬੀਬੀਆਂ ਦੀ ਚਿੰਤਾ ਕਰਦਿਆਂ 'ਟ੍ਰਿਪਲ ਤਲਾਕ' ਅਤੇ 'ਹਿਜਾਬ' ਤੇ ਹੋਰ ਮੁੱਦਿਆਂ ਸਮੇਤ ਕਸ਼ਮੀਰ ਵਿੱਚੋਂ ਧਾਰਾ 370 ਖ਼ਤਮ ਕਰਨ ਲਈ ਤਾਂ ਬੜੇ ਹੀਲੇ ਕੀਤੇ ਪਰ ਇਸੇ ਤਰ੍ਹਾਂ ਹਿੰਦੂ ਔਰਤਾਂ ਨੂੰ 'ਇਨਸਾਫ਼' ਦੁਆਉਣ ਲਈ ਕਈ ਵੱਡੇ ਹਿੰਦੂ ਮੰਦਿਰਾਂ ਵਿੱਚ ਔਰਤਾਂ ਦੇ ਪਰਵੇਸ਼ ਦੀ ਮਨਾਹੀ ਨੂੰ ਖ਼ਤਮ ਕਰਨ ਸਬੰਧੀ ਇੱਕ ਵੀ ਕਾਨੂੰਨ ਨਹੀਂ ਬਣਾਇਆ। ਮਜ਼ਹਬੀ ਕੱਟੜਤਾ ਫ਼ੈਲਾਅ ਕੇ ਅੱਜ ਭਾਰਤ ਵਿੱਚ ਹਾਲਾਤ ਇਹ ਬਣਾ ਦਿੱਤੇ ਗਏ ਹਨ ਕਿ ਹਿੰਦੂ ਅਤੇ ਸਿੱਖ ਤਾਂ ਮੈਦਾਨਾਂ, ਪਾਰਕਾਂ, ਸੜਕਾਂ ਜਾਂ ਹੋਰ ਜਨਤਕ ਸਥਾਨਾਂ 'ਤੇ ਭਜਨ-ਕੀਰਤਨ ਜਾਂ ਜਗਰਾਤਾ ਤੇ ਕੀਰਤਨ ਦਰਬਾਰ ਤਾਂ ਕਰ ਸਕਦੇ ਹਨ, ਪਰ ਪੰਜ ਵਕਤ ਦਾ ਨਮਾਜ਼ੀ ਕੋਈ ਮੁਸਲਮਾਨ ਵੀਰ ਕਿਸੇ ਜਨਤਕ ਸਥਾਨ 'ਤੇ ਨਮਾਜ਼ ਅਦਾ ਨਹੀਂ ਕਰ ਸਕਦਾ ਹੈ। ਅਖੌਤੀ 'ਗੋਦੀ ਮੀਡੀਆ' ਅਜਿਹੀ ਕਿਸੇ ਘਟਨਾ ਨੂੰ ਇੰਜ ਨਸ਼ਰ ਕਰਦਾ ਹੈ, ਜਿਵੇਂ ਜਨਤਕ ਸਥਾਨ 'ਤੇ ਨਮਾਜ਼ ਅਦਾ ਕਰਨ ਵਾਲੇ ਨੇ ਕੋਈ 'ਬੱਜਰ ਗੁਨਾਹ' ਕਰ ਦਿੱਤਾ ਹੋਵੇ। ਭਾਜਪਾ ਨੂੰ ਫ਼ਿਰਕੂਵਾਦ ਕਿਉਂਕਿ ਮਨਭਾਉਂਦਾ ਹੈ ਤੇ ਫ਼ਾਇਦੇਮੰਦ ਰਹਿੰਦਾ ਹੈ, ਇਸ ਕਰਕੇ ਭਾਜਪਾ ਆਗੂ ਫ਼ਿਰਕੂ ਭਾਸ਼ਣ ਦੇਣ ਤੋਂ ਰਤਾ ਵੀ ਗੁਰੇਜ਼ ਨਹੀਂ ਕਰਦੇ ਹਨ।

ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਦੁਆਰਾ ਕਈ ਸਾਲ ਪਹਿਲਾਂ ਦਿੱਤੇ ਬਿਆਨ ਨੂੰ ਤੋੜ-ਮਰੋੜ ਕੇ ਜਨਤਾ ਸਾਹਮਣੇ ਪੇਸ਼ ਕਰਦੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ 'ਪ੍ਰਧਾਨ ਮੰਤਰੀ' ਦੇ ਅਹੁਦੇ ਦੀ ਸ਼ਾਨ ਨੂੰ ਘਟਾਇਆ ਹੈ। ਡਾ. ਮਨਮੋਹਨ ਸਿੰਘ ਨੇ ਕਈ ਸਾਲ ਪਹਿਲਾਂ ਦੇ ਆਪਣੇ ਸੰਬੋਧਨ ਵਿੱਚ ਅਨੁਸੂਚਿਤ ਜਾਤਾਂ, ਪਛੜੀਆਂ ਸ੍ਰੇਣੀਆਂ, ਆਦਿਵਾਸੀਆਂ ਅਤੇ ਹੋਰ ਘੱਟ ਗਿਣਤੀਆਂ ਨਾਲ ਬੀਤੇ ਸਮਿਆਂ ਵਿੱਚ ਹੋਏ ਵਿਤਕਰੇ ਤੇ ਸੋਸ਼ਣ ਦੀ ਗੱਲ ਕਰਦਿਆਂ ਇਨ੍ਹਾਂ ਸਭ ਨੂੰ ਦੇਸ਼ ਦੇ ਵਸੀਲਿਆਂ 'ਚੋਂ ਕੁਝ ਵੱਧ ਦੇਣ ਦੀ ਗੱਲ ਕੀਤੀ ਸੀ, ਪਰ ਉਨ੍ਹਾਂ ਦੇ ਭਾਸ਼ਣ ਦੇ ਕੇਵਲ ਇੱਕ ਹਿੱਸੇ ਨੂੰ ਵਰਤ ਕੇ ਪ੍ਰਧਾਨ ਮੰਤਰੀ ਮੋਦੀ ਨੇ ਵੱਡੇ ਪੱਧਰ 'ਤੇ ਨਿੰਦਣਯੋਗ ਕਾਰਾ ਕੀਤਾ ਹੈ, ਜੋ ਉਨ੍ਹਾਂ ਦੇ ਅਹੁਦੇ ਦੀ ਸ਼ਾਨ ਤੇ ਮਰਿਆਦਾ ਨੂੰ ਸ਼ੋਭਾ ਨਹੀਂ ਦਿੰਦਾ। ਭਾਜਪਾ ਬੀਤੇ ਦਸ ਵਰ੍ਹਿਆਂ ਤੋਂ ਕੇਂਦਰ ਵਿੱਚ ਸੱਤਾ 'ਤੇ ਕਾਬਜ਼ ਹੈ ਤੇ ਉਸਨੂੰ ਆਪਣੀਆਂ ਦਸ ਸਾਲ ਦੀਆਂ ਉਪਲਬਧੀਆਂ ਅਤੇ ਪ੍ਰਾਪਤੀਆਂ ਦੇ ਆਧਾਰ 'ਤੇ ਵੋਟ ਮੰਗਣੀ ਚਾਹੀਦੀ ਹੈ, ਨਾ ਕਿ ਸੰਨ 2014 ਤੋਂ ਸੱਤਾ ਤੋਂ ਬਾਹਰ ਕਾਂਗਰਸ ਅਤੇ ਉਸਦੀਆਂ ਸਹਿਯੋਗੀ ਪਾਰਟੀਆਂ ਦੀਆਂ 20 ਸਾਲ ਪੁਰਾਣੀਆਂ ਗੱਲਾਂ 'ਤੇ ਚਰਚਾ ਕਰਨੀ ਚਾਹੀਦੀ ਹੈ। ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਆਪਣੇ ਪਹਿਲੇ ਤੇ ਦੂਜੇ ਦੌਰ ਦੇ ਚੋਣ ਪ੍ਰਚਾਰ ਦੌਰਾਨ ਪ੍ਰਧਾਨ ਮੰਤਰੀ ਅਤੇ ਬਾਕੀ ਭਾਜਪਾ ਆਗੂਆਂ ਨੇ ਆਪਣੀ ਸਰਕਾਰ ਦੇ ਵਿਕਾਸ ਕਾਰਜਾਂ ਦਾ ਜ਼ਿਕਰ ਤੱਕ ਨਹੀਂ ਕੀਤਾ ਹੈ ਤੇ 'ਹਿੰਦੂ-ਮੁਸਲਿਮ' ਕਰਕੇ ਆਪਣਾ 'ਚਾਰ ਸੌ ਪਾਰ' ਦਾ ਟੀਚਾ ਹਾਸਿਲ ਕਰਨ ਦੀ ਕੋਸ਼ਿਸ਼ ਸ਼ੁਰੂ ਕੀਤੀ ਹੋਈ ਹੈ।

# ਪੰਜਵੇਂ ਗੇੜ ਦੀ ਵੋਟਿੰਗ ਹੋਈ ਮੁਕੰਮਲ, ਕੁੱਲ 427 ਸੀਟਾਂ 'ਤੇ ਵੋਟਾਂ ਪਈਆਂ

***ਦੋਨੋਂ ਧਿਰਾਂ ਵੱਲੋਂ ਆਪੋ-ਆਪਣੀ ਲੀਡ ਦੇ ਦਾਅਵੇ**
***ਭਾਜਪਾ ਡਿਫੈਂਸਿਵ ਹੁੰਦੀ ਵਿਖਾਈ ਦਿੱਤੀ ਇਸ ਗੇੜ ਦੀ ਮੁਹਿੰਮ ਵਿੱਚ**

ਪੰਜਾਬੀ ਪਰਵਾਜ਼ ਬਿਊਰੋ

ਹਿੰਦੁਸਤਾਨ ਵਿੱਚ ਚੋਣਾਂ ਦੇ ਪੰਜਵੇਂ ਗੇੜ ਲਈ ਵੋਟਾਂ ਪੈ ਗਈਆਂ ਹਨ। ਦੋਨੋਂ- ਭਾਜਪਾ ਦੀ ਅਗਵਾਈ ਵਾਲਾ ਐਨ.ਡੀ.ਏ. ਗੱਠਜੋੜ ਅਤੇ ਕਾਂਗਰਸ ਪਾਰਟੀ ਦੀ ਅਗਵਾਈ ਵਾਲਾ ਇੰਡੀਆ ਗੱਠਜੋੜ, ਵੱਡੀ ਜਿੱਤ ਦੇ ਦਾਅਵੇ ਕਰ ਰਹੇ ਹਨ। ਪਰ ਸਥਿਤੀ ਕਿਸ ਰੁਖ ਪਲਟੇਗੀ, ਇਸ ਦਾ ਸਟੀਕ ਅਨੁਮਾਨ ਲਾਉਣਾ ਹਾਲੇ ਵੀ ਸੰਭਵ ਨਹੀਂ। ਪੰਜਵੇਂ ਗੇੜ ਵਿੱਚ ਭਾਵੇਂ ਉੱਤਰ ਪ੍ਰਦੇਸ਼ ਦੇ ਫੂਲਪੁਰ ਵਿੱਚ ਰਾਹੁਲ ਗਾਂਧੀ ਅਤੇ ਅਖਿਲੇਸ਼ ਯਾਦਵ ਦੀ ਇੱਕ ਚੋਣ ਰੈਲੀ ਵਿੱਚ ਬੇਹਿਸਾਬ ਭੀੜ ਉਮੜ ਪਈ, ਜਿਸ ਕਾਰਨ ਇਸ ਰੈਲੀ ਨੂੰ ਸੰਬੋਧਨ ਕਰਨਾ ਵੀ ਮੁਸ਼ਕਿਲ ਹੋ ਗਿਆ ਅਤੇ ਦੋਨੋਂ ਨੇਤਾ ਇੱਥੇ ਸਟੇਜ 'ਤੇ ਇੱਕ ਗੈਰ-ਰਸਮੀ ਚੋਣ ਚਰਚਾ ਕਰਕੇ ਪਰਤ ਗਏ। ਕਈ ਥਾਵਾਂ 'ਤੇ ਇਸ ਕਿਸਮ ਦੇ ਭਾਵੁਕ ਰਿਸਪੌਂਸ ਤੋਂ ਜਾਪਦਾ ਹੈ ਕਿ ਸਰਕਾਰ ਵਿਰੋਧੀ ਗੱਠਜੋੜ ਦੇ ਹੱਕ ਵਿੱਚ ਸਤਹਿ ਦੇ ਹੇਠਾਂ ਇੱਕ ਲਹਿਰ ਚੱਲ ਰਹੀ ਹੈ। ਖਾਸ ਕਰਕੇ ਨੌਜਵਾਨਾਂ ਅਤੇ ਔਰਤਾਂ ਵਿੱਚ, ਪਰ ਸਰਕਾਰੀ ਦਬਾਅ ਕਾਰਨ ਇਸ ਦਾ ਸਪਸ਼ਟ ਪ੍ਰਗਟਾਵਾ ਨਹੀਂ ਹੋ ਰਿਹਾ।

ਯਾਦ ਰਹੇ, ਪੰਜਵੇਂ ਗੇੜ ਵਿੱਚ ਕੁੱਲ 49 ਸੀਟਾਂ 'ਤੇ ਵੋਟਾਂ ਪਈਆਂ ਹਨ। ਇਨ੍ਹਾਂ ਵਿੱਚੋਂ ਮਹਾਰਾਸ਼ਟਰ ਦੀਆਂ 13, ਉਤਰ ਪ੍ਰਦੇਸ਼ ਦੀਆਂ 14, ਪੱਛਮੀ ਬੰਗਾਲ ਦੀਆਂ 7, ਬਿਹਾਰ ਦੀਆਂ 5, ਝਾਰਖੰਡ ਦੀਆਂ 3, ਉੜੀਸਾ ਦੀਆਂ 5, ਜੰਮੂ ਕਸ਼ਮੀਰ ਅਤੇ ਲੱਦਾਖ ਦੀ ਇੱਕ-ਇੱਕ ਸੀਟ 'ਤੇ ਵੋਟਾਂ ਪਈਆਂ ਹਨ। ਇਸ ਤੋਂ ਬਾਅਦ ਦੋ ਗੇੜਾਂ ਵਿੱਚ- 25 ਮਈ ਅਤੇ ਪਹਿਲੀ ਜੂਨ ਨੂੰ ਕੁੱਲ 115 ਸੀਟਾਂ 'ਤੇ ਹੋਰ ਵੋਟਾਂ ਪੈਣੀਆਂ ਹਨ। 25 ਮਈ ਨੂੰ ਕੁੱਲ 58 ਸੀਟਾਂ 'ਤੇ ਵੋਟਾਂ ਪੈਣਗੀਆਂ, ਜਿਨ੍ਹਾਂ ਵਿੱਚ ਬਿਹਾਰ ਦੀਆਂ 8, ਦਿੱਲੀ ਦੀਆਂ 7, ਹਰਿਆਣਾ ਦੀਆਂ 10, ਜੰਮੂ ਕਸ਼ਮੀਰ ਦੀ 1, ਝਾਰਖੰਡ ਦੀਆਂ ਚਾਰ, ਉੜੀਸਾ ਦੀਆਂ 6, ਉੱਤਰ ਪ੍ਰਦੇਸ਼ ਦੀਆਂ 14 ਅਤੇ ਪੱਛਮੀ ਬੰਗਾਲ ਦੀਆਂ 8 ਸੀਟਾਂ 'ਤੇ ਵੋਟਾਂ ਪੈਣਗੀਆਂ।

ਇਸੇ ਤਰ੍ਹਾਂ ਪਹਿਲੀ ਜੂਨ ਨੂੰ ਕੁੱਲ 57 ਸੀਟਾਂ 'ਤੇ ਵੋਟਾਂ ਪੈਣੀਆਂ ਹਨ। ਇਸ ਗੇੜ ਦੌਰਾਨ ਬਿਹਾਰ ਵਿੱਚ 8, ਚੰਡੀਗੜ੍ਹ ਵਿੱਚ 1, ਹਿਮਾਚਲ ਪ੍ਰਦੇਸ਼ ਦੀਆਂ 4, ਝਾਰਖੰਡ ਦੀਆਂ 3, ਉੜੀਸਾ ਦੀਆਂ ਛੇ, ਪੰਜਾਬ ਦੀਆਂ 13, ਉੱਤਰ ਪ੍ਰਦੇਸ਼ ਦੀਆਂ 13 ਅਤੇ ਪੱਛਮੀ ਬੰਗਾਲ ਦੀਆਂ 9 ਸੀਟਾਂ 'ਤੇ ਵੋਟਾਂ ਪੈਣਗੀਆਂ। ਇਸ ਤੋਂ ਪਹਿਲਾਂ ਚਾਰ ਗੇੜਾਂ ਵਿੱਚ ਵੱਖ ਵੱਖ ਸੂਬਿਆਂ ਦੀਆਂ 378 ਸੀਟਾਂ 'ਤੇ ਵੋਟਾਂ ਪੈ ਚੁੱਕੀਆਂ ਹਨ। ਇਸ ਤਰ੍ਹਾਂ ਹੁਣ ਤੱਕ ਪੰਜ ਗੇੜਾਂ ਵਿੱਚ ਕੁੱਲ 427 ਸੀਟਾਂ 'ਤੇ ਵੋਟਾਂ ਪੈ ਚੁੱਕੀਆਂ ਹਨ।

ਯੂ.ਪੀ. ਦੀਆਂ ਪੰਜਾਹ ਸੀਟਾਂ 'ਤੇ ਲੋਕਾਂ ਨਾਲ ਵਿਚਰਨ ਵਾਲੇ ਇੱਕ ਨਿਰਪੱਖ ਪੱਤਰਕਾਰ ਨੇ ਕਿਹਾ ਕਿ ਉੱਤਰ ਪ੍ਰਦੇਸ਼ ਵਿੱਚ ਰਾਮ ਮੰਦਰ ਦਾ ਪ੍ਰਭਾਵ ਹੈ ਅਤੇ ਇਹ ਬੀ.ਜੇ.ਪੀ. ਦੇ ਹੱਕ ਵਿੱਚ ਵੋਟ ਵਿੱਚ ਵੀ ਬਦਲ ਰਿਹਾ ਹੈ। ਇਸ ਹਾਲਤ ਵਿੱਚ ਭਾਜਪਾ ਉਤਰ ਪ੍ਰਦੇਸ਼ ਵਿੱਚ 60-65 ਸੀਟਾਂ ਕੱਢ ਸਕਦੀ ਹੈ। ਭਾਜਪਾ ਨੂੰ ਨੁਕਸਾਨ ਕਰਨਾਟਕਾ, ਪੱਛਮੀ ਬੰਗਾਲ, ਬਿਹਾਰ, ਪੰਜਾਬ, ਹਰਿਆਣਾ, ਕੇਰਲਾ ਅਤੇ ਮਹਾਰਾਸ਼ਟਰ ਵਿੱਚ ਹੋਵੇਗਾ। ਉੜੀਸਾ ਅਤੇ ਆਂਧਰਾ ਪ੍ਰਦੇਸ਼ ਵਿੱਚ ਐਨ.ਡੀ.ਏ. ਗੱਠਜੋੜ ਨੂੰ ਫਾਇਦਾ ਹੁੰਦਾ ਵਿਖਾਈ ਦੇ ਰਿਹਾ ਹੈ। ਮੱਧ ਪ੍ਰਦੇਸ਼ ਵੈਸੇ ਗਊ ਬੈਲਟ ਹੈ, ਪਰ ਇਸ ਦੀ ਕੋਈ ਪੇਸ਼ੀਨਗੋਈ ਕੀਤੀ ਨਹੀਂ ਜਾ ਸਕਦੀ। ਇਸ ਤਰਜ਼ 'ਤੇ ਇਸ ਪੱਤਰਕਾਰ ਨੇ ਦੱਸਿਆ ਕਿ ਸੀਟਾਂ ਭਾਵੇਂ ਘਟ ਜਾਣ, ਪਰ ਬੀ.ਜੇ.ਪੀ. ਬਹੁਮਤਿ ਹਾਸਲ ਕਰ ਜਾਵੇਗੀ। ਕੁਝ ਇਸ ਕਿਸਮ ਦੇ ਹੀ ਵਿਚਾਰ ਵੱਖ-ਵੱਖ ਪਾਰਟੀਆਂ ਦੇ ਚੋਣ ਰਣਨੀਤੀਕਾਰ ਰਹੇ ਪ੍ਰਸ਼ਾਂਤ ਕਿਸ਼ੋਰ ਨੇ ਪ੍ਰਗਟ ਕੀਤੇ ਹਨ। ਉਸ ਦਾ ਦਾਅਵਾ ਹੈ ਕਿ ਭਾਜਪਾ ਪਿਛਲੀ ਵਾਰ ਨਾਲੋਂ ਵੱਧ ਸੀਟਾਂ ਲਵੇਗੀ। ਇਸੇ ਤਰ੍ਹਾਂ ਬਹੁਤੇ ਮੇਨ ਸਟਰੀਮ ਚੈਨਲ ਭਾਜਪਾ ਦੀ ਸਰਕਾਰ ਬਣਦੀ ਵਿਖਾ ਰਹੇ ਹਨ। ਪਰ ਬਹੁਤੇ ਵੈਬ ਚੈਨਲ ਅਤੇ ਸੋਸ਼ਿਲ ਮੀਡੀਆ ਵਿੱਚ ਭਾਜਪਾ ਨੂੰ 200 ਤੋਂ ਘੱਟ ਸੀਟਾਂ ਮਿਲਣ ਦੀ ਪੇਸ਼ੀਨਗੋਈ ਕੀਤੀ ਜਾ ਰਿਹਾ ਹੈ। ਉਂਝ ਅਖਿਲੇਸ਼ ਯਾਦਵ, ਰਾਹੁਲ ਗਾਂਧੀ, ਬਿਹਾਰ ਵਿੱਚ ਤੇਜਸਵੀ ਯਾਦਵ, ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਅਤੇ ਮਹਾਰਾਸ਼ਟਰ ਵਿੱਚ ਊਧਵ ਠਾਕਰੇ ਨੂੰ ਜਿਸ ਕਿਸਮ ਦਾ ਜਨਤਕ ਹੁੰਘਾਰਾ ਮਿਲਿਆ ਹੈ, ਉਹ ਸਰਕਾਰ ਪਲਟ ਜਾਣ ਵਾਲੀ ਸੰਭਾਵਨਾਂ ਵੱਲ ਇਸ਼ਾਰਾ ਕਰਦਾ ਹੈ। ਉਨ੍ਹਾਂ ਦੇ ਇਹ ਭਰਵੇਂ ਚੋਣ ਜਲਸੇ ਵੋਟ ਪਰਚੀ ਵਿੱਚ ਪਲਟਦੇ ਹਨ ਕਿ ਨਹੀਂ, ਇਸ ਬਾਰੇ 4 ਜੂਨ ਨੂੰ ਹੀ ਪਤਾ ਲੱਗੇਗਾ, ਜਦੋਂ ਈ.ਵੀ.ਐਮ. ਮਸ਼ੀਨਾਂ ਖੁੱਲ੍ਹਣਗੀਆਂ। ਵਿਰੋਧੀ ਗੱਠਜੋੜ 'ਇੰਡੀਆ' ਦਾ ਕਲਿਆਣ ਇਸ ਤੱਥ/ਸੱਚ 'ਤੇ ਵੀ ਮੁਨੱਸਰ ਕਰਦਾ ਹੈ ਕਿ ਈ.ਵੀ.ਐਮ. ਮਸ਼ੀਨਾਂ ਨਾਲ ਛੇੜ-ਛਾੜ ਕੀਤੀ ਗਈ ਹੈ ਜਾਂ ਨਹੀਂ! ਕਿਉਂਕਿ ਵੋਟਾਂ ਪੈਣ ਦੇ ਇੱਕ ਗੇੜ ਵਿੱਚ ਤਕਰੀਬਨ ਇੱਕ ਹਫਤੇ ਬਾਅਦ ਵੋਟ ਫੀਸਦੀ ਵਿੱਚ 6 ਫੀਸਦੀ ਦਾ ਵਾਧਾ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿੱਚ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਵੀ ਸੁਣਵਾਈ ਅਧੀਨ ਹੈ। ਯਾਦ ਰਹੇ, ਸੁਪਰੀਮ ਕੋਰਟ ਦੇ ਵਕੀਲਾਂ ਦੇ ਇੱਕ ਧੜੇ ਵੱਲੋਂ ਵੋਟਾਂ ਬੈਲਟ ਪੇਪਰਾਂ 'ਤੇ ਕਰਵਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾਉਣ ਦੇ ਬਾਵਜੂਦ ਪ੍ਰਮੁੱਖ ਵਿਰੋਧੀ ਸਿਆਸੀ ਪਾਰਟੀਆਂ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ।



ਸੁਪਰੀਮ ਕੋਰਟ ਨੇ ਈ.ਵੀ.ਐਮ. ਮਸ਼ੀਨਾਂ ਹਟਾਉਣ ਦੇ ਹੱਕ ਵਿੱਚ ਫੈਸਲਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਦਿਲਸਪ ਤੱਥ ਇਹ ਵੀ ਹੈ ਕਿ ਇੱਕ ਪਾਸੇ ਤਾਂ ਮੋਦੀ ਸਰਕਾਰ ਲੋਕ ਸਭਾ ਅਤੇ ਰਾਜ ਵਿਧਾਨ ਸਭਾ ਦੀਆਂ ਚੋਣਾਂ ਇੱਕੋ ਵਾਰ, ਇਕੱਠੀਆਂ ਕਰਵਾਉਣ ਦੀ ਦਲੀਲ ਦੇ ਰਹੀ ਹੈ, ਪਰ ਲੋਕ ਸਭਾ ਚੋਣਾਂ ਕਰਾਉਣ ਦਾ ਖਿਲਾਰਾ 80 ਦਿਨਾਂ ਵਿੱਚ ਖਿਲਾਰ ਦਿੱਤਾ ਗਿਆ ਹੈ। ਭਾਰਤੀ ਜਨਤਾ ਪਾਰਟੀ ਨੇ ਵੋਟਾਂ ਹਾਸਲ ਕਰਨ ਲਈ ਰਾਮ ਮੰਦਰ ਤੋਂ ਆਪਣੀ ਮੁਹਿੰਮ ਸ਼ੁਰੂ ਕੀਤੀ ਤੇ ਮੁਸਲਮਾਨਾਂ ਖਿਲਾਫ ਧਰੁਵੀਕਰਣ ਦੀ ਕੋਸ਼ਿਸ਼ ਅਤੇ ਅਤਿ ਨੀਵੇਂ ਫਿਰਕੂ ਪੱਤੇ ਵਿੱਚੋਂ ਲੰਘਦਿਆਂ ਦੇਸ਼ ਦੀ ਯੋਗ ਅਗਵਾਈ ਤੇ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਵਧ ਰਹੀ ਪ੍ਰਤਿਸ਼ਠਾ ਲਈ ਵੋਟ ਮੰਗੀ। ਮੋਦੀ ਨੇ ਲੋਕਾਂ ਨੂੰ ਇਹ ਆਖ ਕੇ ਡਰਾਇਆ ਕਿ ਜੇ ਕਾਂਗਰਸ ਅਤੇ ਉਸ ਦੇ ਭਾਈਵਾਲ ਸੱਤਾ ਵਿੱਚ ਆ ਗਏ ਤਾਂ ਰਾਮ ਮੰਦਰ 'ਤੇ ਬੁਲਡੋਜਰ ਚਲਾ ਦੇਣਗੇ। ਲੋਕਾਂ ਨੂੰ ਇਹ ਆਖ ਕੇ ਵੀ ਡਰਾਇਆ ਗਿਆ ਕਿ ਕਾਂਗਰਸ ਅਤੇ ਉਸ ਦੇ ਭਾਈਵਾਲ ਤੁਹਾਡਾ ਗਹਿਣਾ ਗੱਟਾ ਅਤੇ ਮੰਗਲ ਸੂਤਰ ਵੀ ਲਾਹ ਲੈਣਗੇ।

ਦੂਜੇ ਪਾਸੇ ਰਾਹੁਲ ਗਾਂਧੀ ਦੀ ਅਗਵਾਈ ਵਿੱਚ ਚਲਦੇ ਵਿਰੋਧੀ ਧਿਰ ਦੇ 'ਇੰਡੀਆ' ਗੱਠਜੋੜ ਨੇ ਆਪਣਾ ਪ੍ਰਮੁੱਖ ਜ਼ੋਰ ਲੋਕਾਂ ਦੇ ਆਰਥਿਕ ਮੁੱਦਿਆਂ 'ਤੇ ਦਿੱਤਾ। ਖਾਸ ਕਰਕੇ ਮਹਿੰਗਾਈ, ਬੇਰੁਜ਼ਗਾਰੀ ਅਤੇ ਅਮੀਰ-ਗਰੀਬ ਦੇ ਵਧ ਰਹੇ ਪਾੜੇ 'ਤੇ ਆਪਣੀ ਚੋਣ ਮੁਹਿੰਮ ਕੇਂਦਰਤ ਕੀਤੀ। ਵਿਰੋਧੀ ਧਿਰ ਨੇ ਆਪਣੀ ਮੁਹਿੰਮ ਵਿੱਚ ਸੰਵਿਧਾਨ ਦੀ ਰਾਖੀ ਅਤੇ ਇਸ ਕਰਕੇ ਪਛੜੇ ਵਰਗਾਂ ਨੂੰ ਮਿਲ ਰਹੀ ਰਿਜ਼ਰਵੇਸ਼ਨ 'ਤੇ ਆਪਣੇ ਆਪ ਨੂੰ ਕੇਂਦਰਤ ਕੀਤਾ। ਵਿਰੋਧੀ ਗੱਠਜੋੜ ਦੇ ਆਗੂ ਸੰਵਿਧਾਨ ਦੀ ਕਾਪੀ ਹੱਥ ਵਿੱਚ ਲੈ ਸਟੇਜਾਂ ਉਤੇ ਇਹ ਵਾਰ-ਵਾਰ ਕਹਿੰਦੇ ਨਜ਼ਰ ਆਏ ਕਿ ਜੇ ਭਾਰਤੀ ਜਨਤਾ ਪਾਰਟੀ ਸੱਤਾ ਵਿੱਚ ਆ ਗਈ ਤਾਂ ਉਹ ਸੰਵਿਧਾਨ ਨੂੰ ਰੱਦ ਕਰ ਦੇਵੇਗੀ ਅਤੇ ਇਸ ਦੇ ਨਾਲ ਹੀ ਪਛੜੇ ਵਰਗਾਂ ਨੂੰ ਮਿਲ ਰਹੀ ਰਿਜ਼ਰਵੇਸ਼ਨ ਦਾ ਵੀ ਖਾਤਮਾ ਹੋ ਜਾਵੇਗਾ। ਇਸ ਤੋਂ ਇਲਾਵਾ ਕਾਂਗਰਸ ਵੱਲੋਂ ਗਰੀਬ ਔਰਤਾਂ ਨੂੰ ਹਰ ਸਾਲ ਇੱਕ ਲੱਖ ਰੁਪਏ ਦੇਣ ਦਾ ਵਾਅਦਾ ਵੀ ਆਪਣੇ ਚੋਣ ਮੈਨੀਫੈਸਟੋ ਵਿੱਚ ਕੀਤਾ ਗਿਆ। ਹਰ ਗਰੈਜੂਏਟ ਨੌਜਵਾਨ ਲਈ ਇੱਕ ਸਾਲ ਦੀ ਅਪਰੈਂਟਿਸ਼ਿਪ ਪੱਕੀ ਕਰਨ ਅਤੇ ਇਸ ਇੱਕ ਸਾਲ ਲਈ ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਗਿਆ। ਇਸ ਤੋਂ ਇਲਾਵਾ ਕਿਸਾਨਾਂ ਨਾਲ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੇਣ ਅਤੇ ਫੌਜ ਵਿੱਚ ਭਾਜਪਾ ਵੱਲੋਂ ਲਾਗੂ ਕੀਤੀ ਗਈ ਅਗਨੀਵੀਰ ਸਕੀਮ ਨੂੰ ਖਤਮ ਕਰਨ ਦਾ ਵੀ ਵਾਅਦਾ ਕੀਤਾ ਗਿਆ। ਯਾਦ ਰਹੇ, ਭਾਜਪਾ ਵੱਲੋਂ ਫੌਜ ਵਿੱਚ ਪੱਕੀ ਨੌਕਰੀ ਅਤੇ ਪੈਨਸ਼ਨ ਦੀ ਯੋਜਨਾ ਖਤਮ ਕਰ ਦਿੱਤੀ ਗਈ ਹੈ ਅਤੇ ਇਸ ਦੀ ਥਾਂ ਚਾਰ ਸਾਲਾਂ ਲਈ ਅਗਨੀਵੀਰ ਭਰਤੀ ਕੀਤੇ ਜਾਣ ਲੱਗੇ ਹਨ।

ਚੋਣ ਮੁਹਿੰਮ ਜਿਉਂ-ਜਿਉਂ ਅੱਗੇ ਵਧੀ ਤਾਂ ਆਮ ਪ੍ਰਭਾਵ ਇਹ ਬਣਦਾ ਵਿਖਾਈ ਦਿੱਤਾ ਕਿ ਇੰਡੀਆ ਗੱਠਜੋੜ ਨੇ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਗੱਠਜੋੜ ਨੂੰ ਮੁੱਦਿਆਂ ਦੇ ਮਾਮਲੇ ਵਿੱਚ ਡਿਫੈਂਸਿਵ ਕਰ ਦਿਤਾ ਹੈ। ਇਹ ਪ੍ਰਭਾਵ ਵੋਟ ਪੈਟਰਨ ਵਿੱਚ ਬਦਲਿਆ ਹੈ ਜਾਂ ਨਹੀਂ, ਇਸ ਦਾ ਪਤਾ ਨਤੀਜੇ ਆਉਣ ਤੋਂ ਬਾਅਦ ਹੀ ਲੱਗੇਗਾ। ਇਸ ਤੋਂ ਪਹਿਲਾਂ ਵੱਖ-ਵੱਖ ਧੜਿਆਂ ਨਾਲ ਜੁੜੇ ਮੀਡੀਆ ਦੇ ਸਿਰਫ ਕਿਆਸ ਹਨ, ਜਿਨ੍ਹਾਂ ਦੇ ਗਲਤ ਠੀਕ ਹੋਣ ਦੀ ਪੁਸ਼ਟੀ ਕੋਈ ਨਹੀਂ ਕਰ ਸਕਦਾ।



ਪੰਜਾਬੀ ਪਰਵਾਜ਼ ਬਿਊਰੋ

# ਆਮ ਆਦਮੀ ਪਰਟੀ ਦੇ ਉਲਝਦੇ ਮਾਮਲੇ

ਆਮ ਆਦਮੀ ਪਾਰਟੀ ਖਿਲਾਫ ਮਾਮਲਿਆਂ ਦਾ ਕੰਬਲ ਲਗਾਤਾਰ ਭਾਰੀ ਹੋ ਰਿਹਾ ਹੈ। ਦਿੱਲੀ ਦੀ ਸ਼ਰਾਬ ਨੀਤੀ ਵਿੱਚ 'ਸਾਊਥ ਗਰੁੱਪ' ਤੋਂ ਕਥਿਤ ਤੌਰ 'ਤੇ 100 ਕਰੋੜ ਦੀ ਰਿਸ਼ਵਤ ਲੈਣ ਦੇ ਮਾਮਲੇ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਈ.ਡੀ. ਦੀ ਹਿਰਾਸਤ ਅਤੇ ਜੇਲ੍ਹ ਵਿੱਚ ਰਹਿ ਆਏ ਹਨ। ਹੁਣ ਸੁਪਰੀਮ ਕੋਰਟ ਵੱਲੋਂ ਆਪਣੀ ਪਾਰਟੀ ਲਈ ਚੋਣ ਪ੍ਰਚਾਰ ਕਰਨ ਦੇ ਮਕਸਦ ਨਾਲ ਉਹ ਪਹਿਲੀ ਜੂਨ ਤੱਕ ਅੰਤ੍ਰਿਮ ਜ਼ਮਾਨਤ 'ਤੇ ਹਨ। ਪਰ ਇਸੇ ਦੌਰਾਨ ਦਿੱਲੀ ਦੇ ਸਿਵਲ ਲਾਈਨ ਇਲਾਕੇ ਵਿੱਚ ਸਥਿਤ ਕੇਜਰੀਵਾਲ ਦੀ ਸਰਕਾਰੀ ਰਿਹਾਇਸ਼ 'ਤੇ ਉਨ੍ਹਾਂ ਦੀ ਆਪਣੀ ਹੀ ਰਾਜ ਸਭਾ ਮੈਂਬਰ ਸਵਾਤੀ ਮਾਲੀਵਾਲ ਦੀ ਕੁੱਟਮਾਰ ਦਾ ਸਨਸਨੀਖੇਜ਼ ਮਾਮਲਾ ਉਭਰ ਆਇਆ ਹੈ। ਸਵਾਤੀ ਮਾਲੀਵਾਲ ਨੇ ਦਿੱਲੀ ਪੁਲਿਸ ਦੇ ਸਿਵਲਾਈਨ ਥਾਣੇ ਵਿੱਚ ਦਰਜ ਕਰਵਾਈ ਸ਼ਿਕਾਇਤ ਵਿੱਚ ਦੋਸ਼ ਲਾਏ ਹਨ ਕਿ ਕੌਮੀ ਰਾਜਧਾਨੀ ਦੇ ਮੁੱਖ ਮੰਤਰੀ ਦੇ ਨਿੱਜੀ ਸਕੱਤਰ ਵੈਭਵ ਕੁਮਾਰ ਨੇ ਉਸ ਦੀ ਕੁੱਟਮਾਰ ਕੀਤੀ। ਇਸ ਕਾਰਨ ਮਾਲੀਵਾਲ ਦੇ ਚਿਹਰੇ ਅਤੇ ਲੱਤ 'ਤੇ ਸੱਟ ਲੱਗਣ ਦੀ ਗੱਲ ਮੈਡੀਕਲ ਰਿਪੋਰਟ ਵਿੱਚ ਕਹੀ ਗਈ ਹੈ। ਇਸ ਮਾਮਲੇ ਨੂੰ ਲੈ ਕੇ ਦਿੱਲੀ ਪੁਲਿਸ ਨੇ ਮੁਢਲੀ ਜਾਂਚ ਪੜਤਾਲ ਤੋਂ ਬਾਅਦ ਮੁੱਖ ਮੰਤਰੀ ਦੇ ਨਿੱਜੀ ਸਕੱਤਰ ਵੈਭਵ ਕੁਮਾਰ ਨੂੰ ਗ੍ਰਿਫਤਾਰ ਕਰਕੇ ਦਿੱਲੀ ਦੀ ਇਕ ਅਦਾਲਤ ਤੋਂ ਉਸ ਦਾ 5 ਦਿਨ ਦਾ ਪੁਲਿਸ ਰਿਮਾਂਡ ਹਾਸਲ ਕਰ ਲਿਆ ਹੈ। ਮਾਲੀਵਾਲ ਦੀ ਸ਼ਿਕਾਇਤ 'ਤੇ ਵੈਭਵ ਕੁਮਾਰ ਦੇ ਖਿਲਾਫ ਸਿਵਲ ਲਾਈਨ ਪੁਲਿਸ ਥਾਣੇ ਵਿੱਚ ਧਾਰਾ 308, 341, 354-ਬੀ, 506 ਅਤੇ 509 ਅਧੀਨ ਮੁਕੱਦਮਾ ਦਰਜ ਕੀਤਾ ਗਿਆ ਹੈ।

ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ, ਜਿਹੜੀ ਇਸ ਮਾਮਲੇ ਨੂੰ ਪਾਰਟੀ ਘੇਰਿਆਂ ਵਿੱਚ ਹੀ ਸੁਲਝਾਉਣ ਦਾ ਯਤਨ ਕਰ ਰਹੀ ਸੀ, ਪੂਰੀ ਤਰ੍ਹਾਂ ਵੈਭਵ ਕੁਮਾਰ ਦੀ ਪਿੱਠ 'ਤੇ ਆ ਗਈ ਹੈ। ਪਾਰਟੀ ਨੇ ਇਹ ਵੀ ਦੋਸ਼ ਲਾਇਆ ਕਿ ਸਵਾਤੀ ਮਾਲੀਵਾਲ ਪਿਛਲੇ ਤਕਰੀਬਨ ਤਿੰਨ ਮਹੀਨੇ ਤੋਂ ਭਾਜਪਾ ਦੇ ਸੰਪਰਕ ਵਿੱਚ ਸੀ ਅਤੇ ਇਹ ਸਾਰੀ ਸਾਜ਼ਿਸ਼ ਭਾਜਪਾ ਦੇ ਇਸ਼ਾਰੇ 'ਤੇ ਘੜੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ 25 ਮਈ ਨੂੰ ਦਿੱਲੀ ਦੀਆਂ ਲੋਕ ਸਭਾ ਚੋਣਾਂ ਤੋਂ ਪਾਰਟੀ ਦਾ ਧਿਆਨ ਭਟਕਾਉਣ ਲਈ ਅਜਿਹੇ ਹੱਥਕੰਡੇ ਵਰਤੇ ਜਾ ਰਹੇ ਹਨ।

ਇਸ ਸੰਬੰਧ ਵਿੱਚ ਬਿਆਨ ਜਾਰੀ ਕਰਦਿਆਂ ਆਮ ਆਦਮ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਹ ਖੁਦ ਅਤੇ ਆਮ ਆਦਮੀ ਪਾਰਟੀ ਦੇ ਹੋਰ ਸੀਨੀਅਰ ਆਗੂ ਭਾਜਪਾ ਦੇ ਮੁੱਖ ਦਫਤਰ ਤੱਕ ਮਾਰਚ ਕਰਨਗੇ, ਕੇਂਦਰ ਸਰਕਾਰ ਜਿਸ ਨੂੰ ਵੀ ਗ੍ਰਿਫਤਾਰ ਕਰਨਾ ਚਾਹੁੰਦੀ ਹੈ, ਕਰ ਲਵੇ। ਇਸ ਦਰਮਿਆਨ 'ਆਪ' ਲੀਡਰਸ਼ਿਪ ਨੇ ਬੀਤੇ ਐਤਵਾਰ ਦਿੱਲੀ ਸਥਿਤ ਭਾਜਪਾ ਦਫਤਰ ਤੱਕ ਮਾਰਚ ਕੱਢਣ ਦਾ ਯਤਨ ਕੀਤਾ ਵੀ; ਪਰ ਉਨ੍ਹਾਂ ਨੂੰ ਰਸਤੇ ਵਿੱਚ ਹੀ ਰੋਕ ਲਿਆ ਗਿਆ। 'ਆਪ' ਦੀ ਲੀਡਰਸ਼ਿਪ ਗ੍ਰਿਫਤਾਰੀ ਲਈ ਅੱਧਾ ਘੰਟਾ ਸੜਕ 'ਤੇ ਬੈਠੀ ਰਹੀ ਅਤੇ ਬਾਅਦ ਵਿਚ ਵਾਪਸ ਪਰਤ ਗਈ।

ਇੱਥੇ ਜ਼ਿਕਰਯੋਗ ਹੈ ਕਿ ਮਾਲੀਵਾਲ ਦੀ ਸ਼ਿਕਾਇਤ ਦੇ ਮੁਕਾਬਲੇ ਵੈਭਵ ਕੁਮਾਰ ਨੇ ਵੀ ਆਪਣੀ ਇਕ ਸ਼ਿਕਾਇਤ ਆਨਲਾਈਨ ਦਰਜ ਕਰਵਾਈ ਹੈ। ਇਸ ਵਿੱਚ ਉਸ ਨੇ ਕਿਹਾ ਕਿ ਮਾਲੀਵਾਲ ਨੇ ਜ਼ਬਰਦਸਤੀ ਮੁੱਖ ਮੰਤਰੀ ਦੀ ਰਿਹਾਇਸ਼ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕੀਤੀ, ਮਾਲੀਵਾਲ ਨੂੰ ਅੰਦਰ ਦਾਖਲ ਹੋਣ ਤੋਂ ਜ਼ਰੂਰ ਰੋਕਿਆ ਸੀ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਮਾਲੀਵਾਲ ਨੇ ਉਨ੍ਹਾਂ ਨੂੰ ਇਸ ਮੌਕੇ 'ਤੇ ਗਾਲ੍ਹਾਂ ਵੀ ਕੱਢੀਆਂ। ਇਸ ਦਰਮਿਆਨ ਕੌਮੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰੇਖਾ ਸ਼ਰਮਾ ਨੇ ਕਿਹਾ ਕਿ ਦਿੱਲੀ ਦਾ ਮੁੱਖ ਮੰਤਰੀ ਕਥਿਤ ਅਪਰਾਧੀ ਨੂੰ ਪਨਾਹ ਦੇ ਰਿਹਾ ਹੈ।

ਪੁਲਿਸ ਕੇਸ ਦਰਜ ਹੋਣ ਤੋਂ ਬਾਅਦ ਸਵਾਤੀ ਮਾਲੀਵਾਲ ਦੀ ਏਮਸ ਹਸਪਤਾਲ ਵਿੱਚ ਹੋਈ ਜਾਂਚ ਵਿੱਚ ਇਹ ਸਾਹਮਣੇ ਆਇਆ ਹੈ ਕਿ ਉਸ ਦੀ ਸੱਜੀ ਗੱਲ੍ਹ ਅਤੇ ਖੱਬੀ ਲੱਤ 'ਤੇ ਸੱਟ ਲੱਗੀ ਹੈ। ਖੱਬੀ ਲੱਤ 'ਤੇ ਕਰੀਬ ਤਿੰਨ ਬਾਈ ਦੋ ਸੈਂਟੀਮੀਟਰ ਅਤੇ ਅੱਖ ਦੇ ਹੇਠਾਂ ਸੱਜੀ ਗੱਲ੍ਹ 'ਤੇ ਦੋ ਬਾਈ ਦੋ ਸੈਂਟੀਮੀਟਰ ਦਾ ਸੱਟ ਦਾ ਨਿਸ਼ਾਨ ਹੈ। ਇਸ ਤੋਂ ਜਾਪਦਾ ਹੈ ਕਿ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਕੁਝ ਨਾ ਕੁਝ ਵਾਪਰਿਆ ਜ਼ਰੂਰ ਹੈ, ਪਰ ਪੁਲਿਸ ਵੱਲੋਂ ਜਬਤ ਕੀਤੀ ਗਈ ਮੁੱਖ ਮੰਤਰੀ ਦੀ ਰਿਹਾਇਸ਼ ਦੇ ਕੈਮਰਿਆਂ ਦੀ ਫੁਟੇਜ ਤੋਂ ਪੁਲਿਸ ਦੇ ਹੱਥ ਕੁਝ ਨਹੀਂ ਲੱਗਿਆ, ਪੁਲਿਸ ਦਾ ਆਖਣਾ ਹੈ ਕਿ ਕੈਮਰਿਆਂ ਦੀ ਰਿਕਾਰਡਿੰਗ ਦੀ ਫੁਟੇਜ ਡਲੀਟ ਕਰ ਦਿੱਤੀ ਗਈ ਹੈ। ਇਹ ਦੋਸ਼ ਵੀ ਲੱਗੇ ਹਨ ਕਿ ਵੈਭਵ ਕੁਮਾਰ ਨੇ ਆਪਣਾ ਆਈ ਫੋਨ ਵੀ ਫਾਰਮੈਟ ਕਰਵਾ ਦਿੱਤਾ ਹੈ।

ਉਧਰ ਸਵਾਤੀ ਮਾਲੀਵਾਲ ਨੇ ਵੀ ਕਿਹਾ ਹੈ ਕਿ ਕੈਮਰਿਆਂ ਦੀ ਫੁੱਟੇਜ ਗਾਇਬ ਕੀਤੀ ਗਈ ਹੈ ਅਤੇ ਵੈਭਵ ਦਾ ਫੋਨ ਫਾਰਮੈਟ ਕਰਵਾਇਆ ਗਿਆ ਹੈ। ਮਾਲੀਵਾਲ ਨੇ ਕਿਹਾ ਕਿ ਕਦੀ ਅਸੀਂ ਨਿਰਭੈ ਕਾਂਡ ਦਾ ਵਿਰੋਧ ਕਰਨ ਲਈ ਇਕੱਠੇ ਸੜਕਾਂ 'ਤੇ ਨਿਕਲੇ ਸਾਂ, ਪਰ ਹੁਣ ਇਹ ਔਰਤ 'ਤੇ ਹਮਲਾ ਕਰਨ ਵਾਲੇ ਇੱਕ ਵਿਅਕਤੀ ਨੂੰ ਬਚਾਉਣ ਦਾ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇੰਨਾ ਹੀ ਜ਼ੋਰ ਇਨ੍ਹਾਂ ਨੇ ਜੇ ਮਨੀਸ਼ ਸਿਸੋਦੀਆ ਨੂੰ ਬਾਹਰ ਲਿਆਉਣ ਲਈ ਲਾਇਆ ਹੁੰਦਾ, ਤਾਂ ਉਹ ਕਦੋਂ ਦੇ ਰਿਹਾ ਹੋ ਗਏ ਹੁੰਦੇ। ਮਾਲੀਵਾਲ ਨੇ ਸਿਸੋਦੀਆ ਦੀ ਹਮਦਰਦੀ ਆਪਣੇ ਪੱਖ ਵਿੱਚ ਜਿੱਤਣ ਦਾ ਯਤਨ ਕਰਦਿਆਂ ਕਿਹਾ ਕਿ 'ਜੇ ਮਨੀਸ਼ ਸਿਸੋਦੀਆ ਬਾਹਰ ਹੁੰਦੇ ਤਾਂ ਮੇਰੇ ਨਾਲ ਇਹ ਕੁਝ ਨਹੀਂ ਸੀ ਵਾਪਰਨਾ।'

ਉਧਰ ਕੇਜਰੀਵਾਲ ਨੇ ਕਿਹਾ ਹੈ ਕਿ ਭਾਜਪਾ ਰਾਘਵ ਚੱਢਾ, ਦਿੱਲੀ ਸਰਕਾਰ ਦੇ ਮੰਤਰੀਆਂ, ਆਤਿਸ਼ੀ ਅਤੇ ਸੌਰਵ ਭਾਰਦਵਾਜ ਨੂੰ ਵੀ ਗ੍ਰਿਫਤਾਰ ਕਰਨ ਦੀ ਤਾਕ ਵਿੱਚ ਹੈ। ਯਾਦ ਰਹੇ, ਦਿੱਲੀ ਦੇ ਉਪ-ਮੁੱਖ ਮੰਤਰੀ ਅਤੇ 'ਆਪ' ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਤੇ ਇੱਕ ਹੋਰ ਮੰਤਰੀ ਸਤਿੰਦਰ ਜੈਨ ਪਹਿਲਾਂ ਹੀ ਜੇਲ੍ਹ ਵਿੱਚ ਹਨ, ਜਦਕਿ ਕੇਜਰੀਵਾਲ ਪਹਿਲੀ ਜੂਨ ਤੱਕ ਅੰਤ੍ਰਿਮ ਜ਼ਮਾਨਤ ਤਹਿਤ ਜੇਲ੍ਹ ਤੋਂ ਬਾਹਰ ਹਨ। ਸੰਜੇ ਸਿੰਘ ਵੀ ਕੁਝ ਸਮਾਂ ਪਹਿਲਾਂ ਹੀ ਜੇਲ੍ਹ ਤੋਂ ਬਾਹਰ ਆਏ ਹਨ।

ਲੰਘੇ ਐਤਵਾਰ ਕੇਜਰੀਵਾਲ ਖਿਲਾਫ ਈ.ਡੀ. ਨੇ ਇਕ ਨਵੀਂ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ, ਜਿਸ ਵਿੱਚ ਹੁਣ ਖਤਮ ਕਰ ਦਿੱਤੀ ਗਈ ਦਿੱਲੀ ਸ਼ਰਾਬ ਐਕਸਾਈਜ਼ ਨੀਤੀ ਮਾਮਲੇ ਵਿੱਚ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਨੂੰ ਕਥਿਤ ਦੋਸ਼ੀਆਂ ਵਜੋਂ ਸ਼ਾਮਲ ਕਰ ਲਿਆ ਹੈ। ਅਰਵਿੰਦ ਕੇਜਰੀਵਾਲ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਭਾਜਪਾ ਆਮ ਆਦਮੀ ਪਾਰਟੀ ਦੇ ਖਿਲਾਫ ਉਪਰੇਸ਼ਨ ਝਾੜੂ ਚਲਾ ਰਹੀ ਹੈ। ਉਨ੍ਹਾਂ ਕਿਹਾ ਕਿ ਮੋਦੀ ਨੂੰ ਡਰ ਹੈ ਕਿ ਆਮ ਆਦਮੀ ਪਾਰਟੀ ਉਨ੍ਹਾਂ ਲਈ ਵੱਡੀ ਚਣੌਤੀ ਬਣ ਸਕਦੀ ਹੈ। ਉਨ੍ਹਾਂ ਕਿਹਾ ਕਿ 'ਉਹ ਸਾਡੇ ਸਾਰੇ ਵੱਡੇ ਨੇਤਾਵਾਂ ਨੂੰ ਗ੍ਰਿਫਤਾਰ ਕਰਨਗੇ। ਸਾਡੇ ਬੈਂਕ ਖਾਤੇ ਜ਼ਬਤ ਕਰਨਗੇ ਅਤੇ ਸਾਡੇ ਬੈਂਕ ਖਾਤੇ ਖਾਲੀ ਕਰਵਾਉਣਗੇ। ਸਾਨੂੰ ਸੜਕਾਂ 'ਤੇ ਲਿਆਉਣਗੇ। ਪ੍ਰਧਾਨ ਮੰਤਰੀ ਸੋਚਦੇ ਹਨ ਕਿ ਉਹ 'ਆਪ' ਨੂੰ ਤਬਾਹ ਕਰ ਦੇਣਗੇ, ਪਰ ਅਜਿਹਾ ਨਹੀਂ ਹੋਵੇਗਾ।'

ਲੰਘੇ ਐਤਵਾਰ ਦਿੱਲੀ ਪੁਲਿਸ ਵੱਲੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਰਕਾਰੀ ਰਿਹਾਇਸ਼ ਤੋਂ ਇੱਕ ਲੈਪਟਾਪ ਅਤੇ ਉਨ੍ਹਾਂ ਦਾ ਮੋਬਾਈਲ ਵੀ ਜਬਤ ਕਰ ਲਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਕੇਜਰੀਵਾਲ ਦੀ ਰਿਹਾਇਸ਼ ਤੋਂ ਜਬਤ ਕੀਤੀ ਗਈ ਫੁਟੇਜ ਸੀ.ਸੀ.ਟੀ.ਵੀ. ਖਾਲੀ ਨਿਕਲੀ ਹੈ। ਪੁਲਿਸ ਅਨੁਸਾਰ ਇਹ ਸਬੂਤਾਂ ਨੂੰ ਸੋਚ ਸਮਝ ਕੇ ਮਿਟਾਉਣ ਦਾ ਮਾਮਲਾ ਹੈ।



*ਸਵਾਤੀ ਮਾਲੀਵਾਲ ਦੀ ਕੁੱਟਮਾਰ ਦੇ ਕੇਸ 'ਚ ਕੇਜਰੀਵਾਲ ਦਾ ਨਿੱਜੀ ਸਕੱਤਰ ਗ੍ਰਿਫਤਾਰ

*ਸ਼ਰਾਬ ਘੁਟਾਲੇ ਵਿੱਚ ਨਵੀਂ ਚਾਰਜਸ਼ੀਟ ਦਾਖਲ, 'ਆਪ' ਅਤੇ ਕੇਜਰੀਵਾਲ ਨੂੰ ਪਾਰਟੀ ਬਣਾਇਆ







17115 W. Bluemound Rd, Suite D1, Brookfield, WI 53005

We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



BOLLYWOOD Grill

Restaurant - Bar - Banquet

1038 N. Jackson St,
Milwaukee, WI 53202

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

We Also Provide

Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913
ਜਾਂ 414-588-3325

# ਕਾਂਗਰਸ ਤੋਂ ਬਾਅਦ ਹੁਣ ਅਕਾਲੀਆਂ ਦੇ ਚੋਣ ਮੈਨੀਫੈਸਟੋ ਦੀ ਚਰਚਾ

**ਜੇ.ਐਸ. ਮਾਂਗਟ**

***ਪੰਜਾਬੀ ਨੌਜੁਆਨਾਂ ਨੂੰ ਰੁਜ਼ਗਾਰ ਵਿੱਚ ਤਰਜੀਹ ਦੇਣ ਦਾ ਕੀਤਾ ਵਾਅਦਾ***
***'ਦਿੱਲੀ ਵਾਲੇ ਭਜਾਓ, ਪੰਜਾਬ ਬਚਾਉ' ਦਾ ਨਾਹਰਾ ਦਿੱਤਾ***

ਪੰਜਾਬ ਜੂਨ ਦੇ ਪਹਿਲੇ ਹਫਤੇ ਬੇਹੱਦ ਸੰਵੇਦਨਸ਼ੀਲ ਦਿਨਾਂ ਵਿੱਚੋਂ ਗੁਜ਼ਰ ਰਿਹਾ ਹੋਵੇਗਾ। ਇੱਕ ਪਾਸੇ 4 ਜੂਨ ਨੂੰ ਪੰਜਾਬ ਸਮੇਤ ਸਮੁੱਚੇ ਹਿੰਦੁਸਤਾਨ ਵਿੱਚ ਚੋਣਾਂ ਦੇ ਨਤੀਜੇ ਆ ਜਾਣਗੇ, ਦੂਜੇ ਪਾਸੇ 6 ਜੂਨ ਨੂੰ ਪੂਰਾ ਸਿੱਖ ਜਗਤ ਜੂਨ-1984 ਵਾਲੇ ਘੱਲੂਘਾਰੇ ਨੂੰ ਯਾਦ ਕਰ ਰਿਹਾ ਹੋਵੇਗਾ। ਇਧਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਜੂਨ ਦਾ ਪਹਿਲਾ ਹਫਤਾ ਇਸ ਘੱਲੂਘਾਰੇ ਨੂੰ ਯਾਦ ਵਜੋਂ ਮਨਾਉਣ ਲਈ ਸਮੁੱਚੇ ਸਿੱਖ ਪੰਥ ਨੂੰ ਅਪੀਲ ਕੀਤੀ ਹੈ।

ਇਸ ਸੰਦਰਭ ਵਿੱਚ ਅਕਾਲੀ ਦਲ ਦਾ ਇਹ 'ਚੋਣ ਮੈਨੀਫੈਸਟੋ' ਕਾਫੀ ਅਹਿਮ ਡਾਕੂਮੈਂਟ ਹੈ, ਜਿਸ ਵਿੱਚ ਪੰਜਾਬ ਦੀ ਜ਼ਿੰਦਗੀ ਦੇ ਤਕਰੀਬਨ ਸਾਰੇ ਪੱਖਾਂ ਨੂੰ ਕਵਰ ਕਰਨ ਦਾ ਯਤਨ ਕੀਤਾ ਗਿਆ ਹੈ। ਪੰਜਾਬ ਦੇ ਦਰਿਆਈ ਪਾਣੀਆਂ, ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿੱਚ ਸ਼ਾਮਲ ਕਰਨ ਆਦਿ ਮੁੱਦੇ ਫਿਰ ਉਠਾਏ ਗਏ ਹਨ। ਇੱਕ ਅਹਿਮ ਗੱਲ ਇਸ ਦਸਤਾਵੇਜ਼ ਵਿੱਚ ਇਹ ਕੀਤੀ ਗਈ ਹੈ ਕਿ ਪੰਜਾਬ ਵਿੱਚ ਸਰਕਾਰੀ ਅਤੇ ਗੈਰ-ਸਰਕਾਰੀ ਖੇਤਰ ਦੀਆਂ ਨੌਕਰੀਆਂ ਪੰਜਾਬ ਦੇ ਸਥਾਨਕ ਵਸਨੀਕਾਂ ਲਈ ਰਾਖਵੀਆਂ ਕੀਤੀਆਂ ਜਾਣਗੀਆਂ।

ਇਹੋ ਮਾਮਲਾ ਸੰਗਰੂਰ ਵਿੱਚ ਕਾਂਗਰਸ ਪਾਰਟੀ ਵੱਲੋਂ ਚੋਣ ਲੜ ਰਹੇ ਸੁਖਪਾਲ ਸਿੰਘ ਖਹਿਰਾ ਨੇ ਵੀ ਉਠਾਇਆ ਹੈ। ਸੁਖਪਾਲ ਸਿੰਘ ਖਹਿਰਾ ਨੇ ਆਪਣੇ ਬਿਆਨ ਵਿੱਚ ਕਿਹਾ, "ਮੇਰਾ ਮੰਨਣਾ ਹੈ ਕਿ ਪੰਜਾਬ ਪੰਜਾਬੀਆਂ ਦਾ ਹੈ। ਇੱਥੇ ਦੂਜੇ ਸੂਬਿਆਂ ਤੋਂ ਆਉਣ ਵਾਲੇ ਲੋਕਾਂ ਲਈ ਵੋਟ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਉਨ੍ਹਾਂ ਨੂੰ ਪੰਜਾਬ ਵਿੱਚ ਜ਼ਮੀਨ ਖਰੀਦਣ ਦਾ ਅਧਿਕਾਰ ਦੇਣਾ ਚਾਹੀਦਾ ਹੈ।" ਉਨ੍ਹਾਂ ਹੋਰ ਕਿਹਾ ਕਿ ਹਿਮਾਚਲ ਵਾਂਗ ਹੀ ਪੰਜਾਬ ਵਿੱਚ ਵੀ ਗੈਰ-ਪੰਜਾਬੀਆਂ ਖਿਲਾਫ ਕਾਨੂੰਨ ਲਿਆਉਣ ਦੀ ਜ਼ਰੂਰਤ ਹੈ ਤਾਂ ਕਿ ਦੂਜੇ ਸੂਬਿਆਂ ਤੋਂ ਕੋਈ ਵੀ ਵਿਅਕਤੀ ਇੱਥੇ ਜ਼ਮੀਨ ਨਾ ਖਰੀਦ ਸਕੇ। ਕਿਹਾ ਜਾ ਰਿਹਾ ਹੈ ਕਿ ਖਹਿਰਾ ਇਸ ਮੁੱਦੇ ਨੂੰ ਲਗਾਤਾਰ ਆਪਣੀਆਂ ਰੈਲੀਆਂ ਵਿੱਚ ਉਠਾ ਰਹੇ ਹਨ। 2022 ਵਿੱਚ ਹੋਈਆਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਇਸ ਕਿਸਮ ਦਾ ਬਿਆਨ ਦਿੱਤਾ ਸੀ।

ਯਾਦ ਰਹੇ, ਕਾਂਗਰਸ ਪਾਰਟੀ ਇੱਕ ਸਰਬ ਭਾਰਤੀ ਪਾਰਟੀ ਹੈ ਅਤੇ ਬੀਤੇ ਵਿੱਚ ਉਹ ਇਸ ਕਿਸਮ ਦੀ ਸਿਆਸਤ ਦਾ ਵਿਰੋਧ ਕਰਦੀ ਰਹੀ ਹੈ। ਸੁਖਪਾਲ ਸਿੰਘ ਖਹਿਰਾ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਖਿਲਾਫ ਸੰਗਰੂਰ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਹਨ। ਸ. ਮਾਨ ਪੰਜਾਬ ਵਿੱਚ ਜੂਨ 1984 ਤੋਂ ਬਾਅਦ ਉਭਰੀ



ਰੈਡੀਕਲ ਸਿੱਖ ਸਿਆਸਤ ਦੇ ਚਿੰਨ੍ਹ ਮੰਨੇ ਜਾਂਦੇ ਹਨ। ਇਸ ਮਾਮਲੇ ਵਿੱਚ ਨਿਤਾਰਨ ਵਾਲਾ ਪੱਖ ਇਹ ਹੈ ਕਿ ਕਾਂਗਰਸ ਪਾਰਟੀ ਆਪਣੀ ਨੀਤੀ ਵਿੱਚ ਕੋਈ ਤਬਦੀਲੀ ਕਰ ਰਹੀ ਹੈ ਜਾਂ ਇਹ ਸੁਖਪਾਲ ਖਹਿਰਾ ਦੇ ਆਪਣੇ ਨਿੱਜੀ ਵਿਚਾਰ ਹਨ।

ਬਠਿੰਡਾ ਤੋਂ ਅਕਾਲੀ ਦਲ ਅੰਮ੍ਰਿਤਸਰ ਦੀ ਹਮਾਇਤ ਪ੍ਰਾਪਤ ਉਮੀਦਵਾਰ ਲੱਖਾ ਸਿਧਾਣਾ ਵੀ ਇਸ ਕਿਸਮ ਦੇ ਬਿਆਨ ਦਿੰਦੇ ਆ ਰਹੇ ਹਨ। ਇਸ ਕਿਸਮ ਦੀ ਹੀ ਸੁਰ ਹੁਣ ਅਕਾਲੀ ਦਲ ਨੇ ਆਪਣੇ ਚੋਣ ਮੈਨੀਫੈਸਟੋ, ਐਲਾਨਾਮਾ-2024 ਵਿੱਚ ਅਲਾਪੀ ਹੈ। ਇਸ ਤਰ੍ਹਾਂ ਲਗਦਾ ਹੈ ਕਿ ਪੰਜਾਬ ਦੇ ਨੌਜਵਾਨਾਂ ਲਈ ਰੁਜ਼ਗਾਰ ਦਾ ਮਸਲਾ ਭਾਜਪਾ ਨੂੰ ਛੱਡ ਕੇ ਤਕਰੀਬਨ ਸਾਰੀਆਂ ਪਾਰਟੀਆਂ ਦੇ ਚੋਣ ਏਜੰਡੇ 'ਤੇ ਆ ਗਿਆ ਹੈ।

ਅਕਾਲੀ ਦਲ ਵੱਲੋਂ ਆਪਣੇ ਚੋਣ ਮੈਨੀਫਸਟੋ, ਐਲਾਨਨਾਮਾ-2024 ਦੇ 7 ਚੈਪਟਰ ਬਣਾਏ ਗਏ ਹਨ। ਮੁੱਢ ਵਿੱਚ ਭੂਮਿਕਾ ਹੈ, ਅਗਲਾ ਚੈਪਟਰ 'ਮੌਜੂਦਾ ਹਾਲਾਤ ਅਤੇ ਸੰਕਟ', 'ਏਜੰਡਾ ਅਤੇ ਵਿਧੀ' ਤੀਜਾ ਚੈਪਟਰ ਹੈ। ਅਗਲੇ ਚੈਪਟਰ ਵਿੱਚ ਸ੍ਰੋਮਣੀ ਅਕਾਲੀ ਦਲ ਦੇ ਕਿਸਾਨਾਂ ਨਾਲ ਖੜ੍ਹੇ ਰਹਿਣ ਦੀ ਗੱਲ ਕੀਤੀ ਗਈ ਹੈ। ਇਸ ਤੋਂ ਅੱਗੇ ਵਪਾਰੀਆਂ, ਨੌਜਵਾਨਾਂ ਅਤੇ ਪਰਵਾਸੀ ਪੰਜਾਬੀਆਂ ਲਈ ਅਕਾਲੀ ਦਲ ਵੱਲੋਂ ਆਪਣੀ ਨੀਤੀ ਐਲਾਨੀ ਗਈ ਹੈ। ਆਪਣੇ ਮੈਨੀਫੈਸਟੋ ਦੀ ਭੂਮਿਕਾ, 'ਪੰਜਾਬ ਦੇ ਹੱਕਾਂ ਅਤੇ ਇਨਸਾਫ ਲਈ ਐਲਾਨਨਾਮਾ' ਵਿੱਚ ਨੋਟ ਕੀਤਾ ਗਿਆ ਹੈ ਕਿ "ਗੈਰ-ਪੰਜਾਬੀ ਪਾਰਟੀਆਂ ਦਿੱਲੀ ਬੈਠੀਆਂ ਪੰਜਾਬ ਵਿੱਚ ਧਾੜਵੀਆਂ ਵਾਂਗ ਕੰਮ ਕਰਦੀਆਂ ਹਨ, ਪੰਜਾਬ ਦੇ ਹੱਕਾਂ 'ਤੇ ਡਾਕੇ ਮਾਰਦੀਆਂ ਹਨ।" ਅਕਾਲੀ ਦਲ ਦਾ ਇਹ ਇਸ਼ਾਰਾ ਅਸਲ ਵਿੱਚ 'ਆਮ ਆਦਮੀ ਪਾਰਟੀ' ਵੱਲ ਜਾਪਦਾ ਹੈ। ਅਕਾਲੀ ਦਲ ਦਾ ਦਾਅਵਾ ਹੈ ਕਿ ਕੇਂਦਰਵਾਦੀ ਪਾਰਟੀਆਂ ਪੰਜਾਬ ਦਾ ਭਲਾ ਨਹੀਂ ਕਰ ਸਕਦੀਆਂ। ਅਕਾਲੀ ਦਲ ਹੀ ਇੱਕੋ-ਇੱਕ ਪੰਜਾਬ ਦੀ ਖੇਤਰੀ ਪਾਰਟੀ ਹੈ, ਜਿਹੜੀ ਖਾਲਸਾ ਪੰਥ, ਪੰਜਾਬ ਅਤੇ ਪੰਜਾਬੀਅਤ ਲਈ ਜੂਝਦੀ ਰਹੀ। ਮੀਡੀਆ ਦੀ 'ਕਾਰਪੋਰਟਸ ਦੀ ਗੁਲਾਮੀ' ਤੋਂ ਮੁਕਤ ਕਰਵਾਉਣ ਦਾ ਵਾਅਦਾ ਵੀ ਅਕਾਲੀ ਦਲ ਨੇ ਆਪਣੇ ਮੈਨੀਫੈਸਟੋ ਵਿੱਚ ਕੀਤਾ ਹੈ। ਨੌਜਵਾਨਾਂ ਲਈ 'ਕੈਰੀਅਰ ਕੌਂਸਲਿੰਗ ਸੈਂਟਰ' ਖੋਲ੍ਹਣ ਅਤੇ ਮੁਲਾਜ਼ਮਾਂ ਨੂੰ ਛੇਵਾਂ ਪੇਅ ਕਮਿਸ਼ਨ ਦੇਣ ਤੇ ਐਨ.ਆਰ.ਆਈਜ਼ ਦੇ ਮਸਲਿਆਂ ਨੂੰ ਹੱਲ ਕਰਨ ਦਾ ਵਾਅਦਾ ਵੀ ਅਕਾਲੀ ਦਲ ਨੇ ਕੀਤਾ ਹੈ। ਆਪਣੇ ਚੋਣ ਐਲਾਨਨਾਮੇ ਦੀ ਅੰਤਿਕਾ ਵਿੱਚ ਅਕਾਲੀ ਦਲ ਨੇ ਦਾਅਵਾ ਕੀਤਾ ਹੈ ਕਿ 'ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬੀਆਂ ਦੀ ਇੱਕੋ ਇੱਕ ਨੁਮਾਇੰਦਾ' ਪਾਰਟੀ ਹੈ। ਮੈਨੀਫੈਸਟੋ ਦੀਆਂ ਸਾਰੀਆਂ ਮੱਦਾਂ ਨੂੰ ਲਾਗੂ ਕਰਵਾਉਣ ਅਤੇ ਇਨ੍ਹਾਂ 'ਤੇ ਨਿਗਰਾਨੀ ਰੱਖਣ ਲਈ ਪਾਰਲੀਮੈਂਟੇਰੀਅਨ ਮੈਨੀਫੈਸਟੋ ਨਿਗਰਾਨ ਚੈਂਬਰ ਬਣਾਉਣ ਦਾ ਵਾਅਦਾ ਵੀ ਕੀਤਾ ਹੈ।

ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਅਤੇ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਨਾਲ ਜੁੜੇ ਵਰਤਾਰੇ ਬਾਰੇ ਨਾਂ ਲੈ ਕੇ ਤਾਂ ਅਕਾਲੀ ਐਲਾਨਨਾਮੇ ਵਿੱਚ ਕੁਝ ਨਹੀਂ ਕਿਹਾ ਗਿਆ, ਪਰ ਇਸ ਨਾਲ ਜੁੜੇ ਵਰਤਾਰੇ ਨੂੰ ਕੇਂਦਰੀ ਏਜੰਸੀਆਂ ਦੀ ਅਕਾਲੀ ਦਲ ਨੂੰ ਢਾਹ ਲਾਉਣ ਦੀ 'ਖ਼ਰੂਦੀ' ਨੀਤੀ ਵਜੋਂ ਵੇਖਿਆ ਗਿਆ ਹੈ।

ਯਾਦ ਰਹੇ, ਇਨ੍ਹਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਵੱਲੋਂ ਜਾਰੀ ਕੀਤੇ ਗਏ ਵਿਸਥਾਰਤ ਚੋਣ ਮੈਨੀਫੈਸਟੋ ਵਿੱਚ ਲੋਕਾਂ ਦੇ ਆਰਥਿਕ ਮਸਲਿਆਂ ਨੂੰ ਸੰਬੋਧਨ ਹੁੰਦਿਆਂ ਨੌਜੁਆਨਾਂ ਲਈ ਰੁਜ਼ਗਾਰ ਦੀ ਗਾਰੰਟੀ, ਗਰੀਬ ਔਰਤਾਂ ਨੂੰ ਇੱਕ ਲੱਖ ਰੁਪਏ ਸਾਲ ਦੇ ਦੇਣ ਅਤੇ ਕਿਸਾਨਾਂ ਲਈ ਐਮ.ਐਸ.ਪੀ. ਦੀ ਗਾਰੰਟੀ ਆਦਿ ਦੇਣ ਸਬੰਧੀ ਵਾਅਦੇ ਕੀਤੇ ਗਏ ਹਨ। ਕਾਂਗਰਸ ਨੇ ਆਪਣੇ ਮੈਨੀਫੈਸਟੋ ਵਿਚ ਭਾਰਤੀ ਜਨਤਾ ਪਾਰਟੀ ਦੀਆਂ ਕਾਰਪੋਰੇਟ ਪੱਖੀ ਆਰਥਿਕ ਨੀਤੀਆਂ ਦੇ ਉਲਟ, ਲੋਕਾਂ ਨੂੰ ਸਮਰਿਧ ਬਣਾਉਣ ਦੀ ਗੱਲ ਆਖੀ ਹੈ।

ਇਸ ਮੈਨੀਫੈਸਟੋ ਨੇ ਭਾਜਪਾ ਖਿਲਾਫ ਵਿਰੋਧੀ ਧਿਰ ਦੇ ਲੋਕ ਸਭਾ ਚੋਣ ਮੁਹਿੰਮ ਵਿੱਚ ਪੈਰ ਬੰਨ੍ਹਣ ਵਿੱਚ ਵੱਡੀ ਮਦਦ ਕੀਤੀ ਹੈ। ਕਾਂਗਰਸ ਦੇ ਚੋਣ ਮੈਨੀਫੈਸਟੋ ਦੀ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਵੱਡੀ ਪੱਧਰ 'ਤੇ ਚਰਚਾ ਹੋਈ ਹੈ। ਖੱਬੀਆਂ ਅਤੇ ਲਿਬਰਲ ਧਿਰਾਂ ਇਸ ਮੈਨੀਫੈਸਟੋ ਦਾ ਸੁਆਗਤ ਕਰ ਰਹੀਆਂ ਹਨ, ਜਦਕਿ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੋਣ ਮੈਨੀਫੈਸਟੋ ਨੂੰ ਲੈ ਕੇ ਕਾਂਗਰਸ ਖਿਲਾਫ ਵੱਡੇ ਹਮਲੇ ਕੀਤੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਦੇ ਮੈਨੀਫੈਸਟੋ 'ਤੇ ਸ਼ਹਿਰੀ ਨਕਸਲਵਾਦੀਆਂ ਦੀ ਛਾਪ ਹੈ। ਇਸ ਮੈਨੀਫੈਸਟੋ ਨੂੰ ਆਧਾਰ ਬਣਾ ਕੇ ਪ੍ਰਧਾਨ ਮੰਤਰੀ ਨੇ ਰਾਜਸਥਾਨ 'ਚ ਪ੍ਰਚਾਰ ਕਰਦਿਆਂ ਇੱਥੋਂ ਤੱਕ ਆਖ ਦਿੱਤਾ ਸੀ ਕਿ ਕਾਂਗਰਸ ਪਾਰਟੀ ਜੇ ਸੱਤਾ 'ਚ ਆ ਗਈ ਤਾਂ ਇਹ ਤੁਹਾਡਾ ਗਹਿਣਾ-ਗੱਟਾ ਖੋਹ ਲਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਤੁਹਾਡਾ ਮੰਗਲ ਸੂਤਰ ਵੀ ਲਾਹ ਲਏਗੀ; ਪਰ ਭਾਜਪਾ ਦੀ ਇਹ ਮਹਿੰਮ ਕਾਂਗਰਸ ਦੀ ਮੁਹਿੰਮ ਸਾਹਮਣੇ ਟਿਕ ਨਹੀਂ ਸਕੀ। ਇਸੇ ਕਾਰਨ ਅਗਲੇ ਦੌਰ ਵਿੱਚ ਪ੍ਰਧਾਨ ਮੰਤਰੀ ਨੂੰ ਮੁੱਦਾ ਬਦਲਨਾ ਪਿਆ। ਹੁਣ ਪ੍ਰਧਾਨ ਮੰਤਰੀ ਨੇ ਕਹਿ ਦਿੱਤਾ ਕਿ ਕਾਂਗਰਸ ਪਾਰਟੀ ਜੇ ਸੱਤਾ ਵਿੱਚ ਆ ਗਈ ਤਾਂ ਰਾਮ ਮੰਦਰ ਨੂੰ ਢਾਹ ਦੇਵੇਗੀ। ਇਸ ਤਰ੍ਹਾਂ ਚੋਣਾਂ ਜਿਉਂ ਆਪਣੇ ਆਖਰੀ ਦੌਰ ਵੱਲ ਵਧ ਰਹੀਆਂ ਹਨ ਤਾਂ ਚੋਣ ਪ੍ਰਚਾਰ ਦਾ ਤਾਪਮਾਨ ਵੀ ਵਧਦਾ ਜਾ ਰਿਹਾ ਹੈ। ਇਸ ਪਾਰੇ ਦੇ ਹਾਲੇ ਹੋਰ ਉਤਾਂਹ ਚੜ੍ਹਨ ਦੇ ਆਸਾਰ ਹਨ।

Gagandeep Cheema
FINANCIAL SERVICES PROFESSIONAL
847-340-6692

Services:
Debt Consolidation
Will and Estate Planning
Kids Education Planning
Retirement Planning
Annuities & 401K rollover
Insurance- Life, Disability, Long-Term Care
Funeral Planning

ਸੇਵਾਵਾਂ:
ਕਰਜ਼ੇ ਦੀ ਇਕਸਾਰਤਾ
ਵਸੀਅਤ ਅਤੇ ਜਾਇਦਾਦ ਦੀ ਯੋਜਨਾਬੰਦੀ
ਬੱਚਿਆਂ ਦੀ ਸਿੱਖਿਆ ਦੀ ਯੋਜਨਾਬੰਦੀ
ਸੇਵਾਮੁਕਤੀ ਦੀ ਯੋਜਨਾਬੰਦੀ
ਸਾਲਾਨਾ ਅਤੇ 401ਕੇ ਰੋਲਓਵਰ
ਬੀਮਾ- ਜੀਵਨ, ਅਪਾਹਜਤਾ, ਲੰਬੇ ਸਮੇਂ ਦੀ ਦੇਖਭਾਲ
ਅੰਤਿਮ ਸਸਕਾਰ ਦੀ ਯੋਜਨਾ

GCHEEMAWFG@GMAIL.COM
1699 Wall St., Suite 615, Mount Prospect, IL 60056

ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

Serving the Sikh Community with Dignity and Care



ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ
-ਅੰਤਿਮ ਦਰਸ਼ਨਾਂ ਲਈ ਕਮਰਾ
-ਵੱਡਾ ਤੇ ਸੁੰਦਰ ਚੈਪਲ
-ਘੱਟ ਖਰਚ ਉਤੇ ਸੇਵਾਵਾਂ

-On Site Crematory
-Viewing Room Available
-Large, Beautiful Chapels
-Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at
www.davenportfamily.com

Davenport
FAMILY FUNERAL HOMES AND CREMATORY

# ਦਿਲਜੀਤ ਦੋਸਾਂਝ ਨੇ ਖ਼ਰੂਦੀ ਪੰਜਾਬੀ ਪੇਸ਼ਕਾਰੀ ਨਾਲ ਦਿਲ ਜਿੱਤੇ

## 'ਉਹ ਪੰਜਾਬ ਬਣ ਕੇ ਆਇਆ ਤੇ ਪਿਆਰ ਹੂੰਝ ਕੇ ਲੈ ਗਿਆ'

**ਕੁਲਜੀਤ ਦਿਆਲਪੁਰੀ**


**ਸ਼ਿਕਾਗੋ:** ਓ'ਹੇਅਰ ਏਅਰਪੋਰਟ ਦੇ ਨੇੜੇ ਰੋਜ਼ਮਾਂਟ ਵਿੱਚ ਪੈਂਦੇ ਆਲਸਟੇਟ ਅਰੀਨਾ ਹਾਲ ਵਿੱਚ ਦਿਲਜੀਤ ਦੋਸਾਂਝ ਦੀ ਖ਼ਰੂਦੀ ਪੰਜਾਬੀ ਪੇਸ਼ਕਾਰੀ ਨੇ ਸਰੋਤਿਆਂ/ਦਰਸ਼ਕਾਂ ਦੇ ਦਿਲ ਜਿੱਤੇ ਹੀ ਨਹੀਂ, ਸਗੋਂ ਉਹ ਤਾਂ ਦਿਲ ਕੱਢ ਕੇ ਹੀ ਲੈ ਗਿਆ ਸਮਝੋ! ਉਸ ਦੀ ਗਾਇਕੀ ਦਾ ਜਾਦੂ ਤਾਂ ਲੋਕਾਂ ਦੇ ਸਿਰ ਚੜ੍ਹ ਬੋਲਿਆ ਹੀ, ਸਗੋਂ ਉਸ ਦੇ ਨਸੀਹਤ ਭਰੇ ਬੋਲਾਂ ਦਾ ਸਰੋਦੀ ਅਸਰ ਵੀ ਲੋਕਾਂ ਨੇ ਕਬੂਲਿਆ। ਦੂਜੇ ਸ਼ਬਦਾਂ ਵਿੱਚ ਕਹੀਏ ਤਾਂ ਦਿਲਜੀਤ ਨੇ ਸ਼ਿਕਾਗੋਲੈਂਡ ਵਿੱਚ ਪੰਜਾਬੀ ਗਾਇਕੀ ਦਾ ਇੱਕ ਨਵਾਂ ਅਧਿਆਏ ਲਿਖ ਦਿੱਤਾ ਯਾਨਿ ਦਿਲਜੀਤ ਸ਼ਿਕਾਗੋ ਵਿੱਚ 'ਖੁੱਤੀ ਪਾ ਕੇ ਚਲਾ ਗਿਆ', ਪਰ ਉਹ ਲੋਕਾਂ ਦੀਆਂ ਯਾਦਾਂ ਵਿੱਚ ਲੰਮਾ ਸਮਾਂ ਰਹੇਗਾ। ਇਹ ਇਤਿਹਾਸ ਉਸਨੇ ਆਪਣੀ ਲਗਨ ਨਾਲ, ਜ਼ਿੱਦ ਨਾਲ ਅਤੇ ਕਲਾ ਦੇ ਸਿਰ ਉਤੇ ਸਿਰਜਿਆ ਹੈ।

ਦਿਲਜੀਤ ਦੇ ਸ਼ੋਅ ਦੌਰਾਨ ਸੋਸ਼ਲ ਮੀਡੀਆ ਉਤੇ ਜਿਸ ਕਿਸਮ ਦੀ ਉਸ ਪ੍ਰਤੀ ਵੱਖ-ਵੱਖ ਭਾਈਚਾਰਿਆਂ ਦੇ ਲੋਕਾਂ ਦੀ ਦੀਵਾਨਗੀ ਦੇਖਣ ਨੂੰ ਮਿਲੀ, ਉਹ ਕਿਸੇ ਤੋਂ ਲੁਕੀ-ਛਿਪੀ ਨਹੀਂ ਰਹਿ ਗਈ। ਜਿਨ੍ਹਾਂ ਨੇ ਉਹਦਾ ਸ਼ੋਅ ਪ੍ਰਤੱਖ ਦੇਖਿਆ, ਉਨ੍ਹਾਂ ਦੇ ਦੋਹੀਂ ਹੱਥੀਂ ਲੱਡੂ ਸਨ ਤੇ ਜਿਹੜੇ ਦੇਖ ਨਾ ਸਕੇ, ਉਨ੍ਹਾਂ ਨੂੰ ਝੋਰਾ ਤਾਂ ਜ਼ਰੂਰ ਹੀ ਰਹੇਗਾ! ਨਿਰਸੰਦੇਹ ਉਸ ਨੂੰ ਦਰਸ਼ਕਾਂ ਦੀਆਂ ਅੱਖਾਂ, ਕੰਨਾਂ ਤੇ ਦਿਮਾਗ ਨੂੰ ਆਪਣੇ ਵੱਸ ਵਿੱਚ ਕਰਨ ਦਾ ਵੱਲ ਆਉਂਦਾ ਹੈ, ਕਿਉਂਕਿ ਉਹ ਲੋਕਾਂ ਲਈ ਅਤੇ ਲੋਕਾਂ ਦਾ ਹੋ ਕੇ ਗਾਉਂਦਾ ਹੈ।

ਦਿਲਜੀਤ ਜਦੋਂ ਚਿੱਟੇ ਕੁੜਤੇ-ਚਾਦਰੇ ਤੇ ਤੁਰਲੇ ਵਾਲੀ ਪੱਗ ਬੰਨ੍ਹੀਂ ਅਤੇ ਕਾਲੇ ਰੰਗ ਦੇ ਕੱਪੜੇ ਪਾਈ ਤੇ ਸਿਰ 'ਤੇ ਕਾਲੇ ਹੀ ਰੰਗ ਦੀਆਂ ਦਸਤਾਰਾਂ ਬੰਨੀ 15-16 ਨੌਜਵਾਨਾਂ ਦੇ ਵਿਚਕਾਰ ਘਿਰਿਆ ਆਪਣੇ ਚਹੇਤਿਆਂ ਦੇ ਰੂਬਰੂ ਹੋਇਆ ਤਾਂ ਹਾਲ ਉਤਸ਼ਾਹ ਨਾਲ ਗੂੰਜ ਉਠਿਆ। ਉਸ ਨੇ ਆਉਂਦਿਆਂ ਹੀ ਅਜਿਹਾ ਰੰਗ ਬੰਨ੍ਹਿਆ ਕਿ ਹਰ ਕੋਈ ਅਸ਼ ਅਸ਼ ਕਰ ਉਠਿਆ- ਚਾਹੇ ਕੋਈ ਹਾਲ ਵਿੱਚ ਹਾਜ਼ਰ ਸੀ, ਚਾਹੇ ਕੋਈ ਉਸ ਨੂੰ ਸੋਸ਼ਲ ਮੀਡੀਆ ਰਾਹੀਂ ਲਾਈਵ ਦੇਖ ਰਿਹਾ ਸੀ। ਉਹ ਪੱਗ ਬੰਨ੍ਹੀਂ ਸਟੇਜ ਮਾਣਦਾ ਤੇ ਹੰਢਾਉਂਦਾ ਇਸ ਊਰਜਾ ਨਾਲ ਲਰਜਿਆ ਕਿ ਸਭ ਪੰਜਾਬੀ ਮਾਣ ਨਾਲ ਭਰੇ ਭਰੇ ਮਹਿਸੂਸ ਕਰਨ ਲੱਗੇ ਅਤੇ ਅਥਾਹ ਖੁਸ਼ੀ ਵਿੱਚ ਕਈਆਂ ਦੇ ਰੌਂਗਟੇ ਖੜ੍ਹੇ ਹੋ ਗਏ।

ਪੰਜਾਬੀ ਲਹਿਜੇ ਤੇ ਪੰਜਾਬੀ ਪਸੰਦ ਦੀ ਧੂੰਆਂਧਾਰ ਗਾਇਕੀ ਅਤੇ ਪੰਜਾਬੀਆਂ ਲਈ ਸੁਚੱਜਾ ਸੁਨੇਹਾ ਵਿੰਡੀਸਿਟੀ ਦੀਆਂ ਫਿਜ਼ਾਵਾਂ ਵਿੱਚ ਇਸ ਕਦਰ ਘੁਲ ਗਿਆ ਕਿ 'ਦਿਲਜੀਤ, ਦਿਲਜੀਤ' ਹੋਈ ਪਈ ਹੈ- ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਅੰਬਰੀਂ ਉਡਦਾ ਜੰਗੀ ਜਹਾਜ਼ ਆਪਣੇ ਪਿੱਛੇ ਲੀਕ ਜਿਹੀ ਛੱਡਦਾ ਜਾਂਦਾ ਹੈ; ਜਾਂ ਜਿਸ ਤਰ੍ਹਾਂ ਮੀਂਹ ਪੈਣ ਪਿੱਛੋਂ ਹਵਾ ਦੇ ਬੁੱਲੇ ਰਾਹਤ ਦਿੰਦੇ ਹਨ। ਹਾਲ ਅੰਦਰ ਸ਼ੋਅ ਦਾ ਪੂਰੇ ਜੋਸ਼-ਓ-ਖਰੋਸ਼ ਨਾਲ ਅਨੰਦ ਮਾਣਦੇ ਬੈਠੇ, ਪਰ ਬਹੁ-ਗਿਣਤੀ ਖੜ੍ਹੇ ਲੋਕਾਂ ਨੇ ਉਸੇ ਤਰ੍ਹਾਂ ਦਾ ਹੀ ਅਨੁਭਵ ਮਹਿਸੂਸ ਕੀਤਾ। ਨਾ ਦਿਲਜੀਤ ਸਟੇਜ ਉਤੇ ਆਪ ਭੜਥੂ ਪਾਉਣ ਤੋਂ ਹਟਿਆ ਤੇ ਨਾ ਹੀ ਓਹਨੇ ਆਪਣੇ ਚਾਹੁਣ ਵਾਲਿਆਂ ਨੂੰ ਨਿਰਾਸ਼ ਕੀਤਾ। ਇੱਕ ਪਿੱਛੋਂ ਇੱਕ ਆਪਣੇ ਹਿੱਟ ਗੀਤਾਂ ਦੇ ਨਾਲ ਨਾਲ ਉਸ ਨੇ 'ਚਮਕੀਲੇ' ਦੇ ਕੁਝ ਗੀਤ ਗਾ ਕੇ ਵੀ ਪੂਰਾ ਰੰਗ ਬੰਨ੍ਹਿਆ।

ਗਾਉਂਦਾ ਗਾਉਂਦਾ ਉਹ ਸਟੇਜ ਉਤੇ ਇਸ ਤਰ੍ਹਾਂ ਨੱਚ-ਟੱਪ ਰਿਹਾ ਸੀ, ਜਿਵੇਂ ਉਸ ਦੇ ਪੈਰਾਂ ਨੂੰ ਸਪਰਿੰਗ ਲੱਗੇ ਹੋਣ ਅਤੇ ਲਹਿਰਾਅ ਇੰਜ ਰਿਹਾ ਸੀ ਜਿਵੇਂ ਹੱਥਾਂ-ਬਾਹਾਂ ਨੂੰ ਖੰਭ ਲੱਗੇ ਹੋਣ! ਮੈਨੂੰ ਯਾਦ ਹੈ, ਉਹ ਆਪਣੀ ਇੱਕ ਇੰਟਰਵਿਊ ਵਿੱਚ ਕਹਿ ਰਿਹਾ ਸੀ, "ਸਟੇਜ 'ਤੇ ਜ਼ੋਰ ਬਹੁਤ ਲੱਗਦਾ, ਖੁਰਾਕ ਤਾਂ ਫੇਰ ਭਾਈ ਖਾਣੀ ਪੈਂਦੀ ਐ।" ਸੱਚਮੁੱਚ ਉਹ ਪੂਰੇ ਜ਼ੋਰ, ਸੰਗੀਤ ਦੇ ਸ਼ੋਰ ਅਤੇ ਗਾਇਕੀ ਦੀ ਲੋਰ ਵਿੱਚ ਆਇਆ ਹੋਇਆ ਸੀ ਤੇ ਸਰੋਤੇ ਵੀ ਉਹਦਾ ਹੀ ਪਰਛਾਵਾਂ ਬਣੇ ਉਹਦੇ ਨਾਲ ਨਾਲ ਨੱਚ-ਗਾ ਰਹੇ ਸਨ। ਪੰਜਾਬੀਆਂ ਦੀ ਤਾਂ ਗੱਲ ਛੱਡੋ, ਕਈ ਗੈਰ-ਪੰਜਾਬੀ ਸਰੋਤਿਆਂ ਦੇ ਦਿਲਜੀਤ ਪ੍ਰਤੀ ਬੋਲ ਉਤਸ਼ਾਹ ਨਾਲ ਭਰੇ ਪਰ ਭਾਵੁਕ









ਦਿਲਜੀਤ ਦੋਸਾਂਝ ਨਾਲ 'ਭੰਗੜਾ ਰਾਈਮਜ਼ ਸ਼ਿਕਾਗੋ' ਦੇ ਭੰਗੜਚੀ

ਕਰ ਦੇਣ ਵਾਲੇ ਵੀ ਸਨ। ਇਸ ਤਰ੍ਹਾਂ ਲੱਗ ਰਿਹਾ ਸੀ, ਜਿਵੇਂ ਗੈਰ-ਪੰਜਾਬੀ ਸਰੋਤਿਆਂ ਨੂੰ ਪੰਜਾਬ ਦੀ ਹਵਾ ਲੱਗ ਗਈ ਹੋਵੇ ਤੇ ਉਹ ਦਿਲਜੀਤ ਦੀ ਗਾਇਕੀ ਤੇ ਪੇਸ਼ਕਾਰੀ ਨੂੰ ਸਜਦਾ ਕਰਨ ਪਹੁੰਚੇ ਹੋਣ।

ਆਪਣੇ ਸ਼ੋਅ ਦੌਰਾਨ ਦਿਲਜੀਤ ਨੇ ਕਿਹਾ ਕਿ ਜੇ ਪੰਜਾਬੀ ਹੀ ਪੰਜਾਬੀ ਦੀ ਸੁਪੋਰਟ ਕਰ ਦੇਵੇ ਤਾਂ ਦੁਨੀਆਂ ਦੀ ਕੋਈ ਤਾਕਤ ਕਿਸੇ ਸਰਦਾਰ ਨੂੰ ਇਸ ਮੁਕਾਮ 'ਤੇ ਪਹੁੰਚਣ ਤੋਂ ਨਹੀਂ ਰੋਕ ਸਕਦੀ। ਉਸ ਨੇ ਗਿਲ੍ਹਾ ਵੀ ਕੀਤਾ, ਪਰ ਸਾਡੀ ਤ੍ਰਾਸਦੀ ਹੈ ਕਿ ਅੱਜ ਪੱਗ ਨੂੰ ਪੱਗਾਂ ਵਾਲਿਆਂ ਤੋਂ ਹੀ ਖਤਰਾ ਹੈ। ਅਸੀਂ ਆਪਣਿਆਂ ਦੀਆਂ ਹੀ ਲੱਤਾਂ ਖਿੱਚਦੇ ਹਾਂ। ਅੱਜ ਸਾਨੂੰ ਆਪਣੇ ਅੰਦਰ ਝਾਤ ਮਾਰਨ ਦੀ ਲੋੜ ਹੈ। ਦੁਨੀਆਂ ਕਿੱਥੋਂ ਦੀ ਕਿੱਥੇ ਪਹੁੰਚ ਗਈ, ਪਰ ਅਸੀਂ ਅੱਜ ਵੀ ਇੱਕ ਛੋਟੀ ਸੋਚ ਦੇ ਸ਼ਿਕਾਰ ਹਾਂ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦਿਲਜੀਤ ਇੱਕ ਪੇਸ਼ੇਵਰ ਗਾਇਕ ਹੈ ਤੇ ਦੇਸ-ਦੇਸਾਂਤਰਾਂ ਵਿੱਚ ਉਹ ਆਪਣੇ ਸ਼ੋਅ ਖ਼ਰਾਇਤੀ ਨਹੀਂ ਕਰਦਾ, ਪਰ ਸ਼ਿਕਾਗੋ ਸ਼ੋਅ ਦੌਰਾਨ ਬਤੌਰ ਗਾਇਕ ਵੱਖ-ਵੱਖ ਮੂਲ ਦੇ ਲੋਕਾਂ ਨਾਲ ਭਰੇ ਮੇਲੇ ਵਿੱਚ ਦਿਲਜੀਤ ਦਾ ਸੂਖਮ ਪਰ ਡੂੰਘੇ ਅਰਥਾਂ ਵਾਲਾ ਸੁਨੇਹਾ ਲਾਉਣਾ ਵੱਡੀ ਤੇ ਸੂਝ ਵਾਲੀ ਗੱਲ ਹੈ। ਕੁਝ ਲੋਕਾਂ ਦਾ ਵਿਚਾਰ ਸੀ ਕਿ ਦਿਲਜੀਤ ਨੇ ਇਸ ਸੁਨੇਹੇ ਜ਼ਰੀਏ ਪੰਜਾਬੀ ਹੋਣ ਦਾ ਕਰਜ਼ ਅਦਾ ਕੀਤਾ ਹੈ। ਕੁਝ ਲੋਕ ਕਹਿ ਰਹੇ ਸਨ, ਉਸ ਦੇ ਸੁਨੇਹੇ ਵਿੱਚ ਇੱਕ ਤਰ੍ਹਾਂ ਪੰਜਾਬੀਆਂ ਦੇ ਏਕੇ ਦੀ ਹੀ ਨਹੀਂ, ਸਗੋਂ 'ਸਿੱਖਾਂ ਦੇ ਇੱਕਜੁੱਟ ਹੋਣ ਦੀ' ਗੁਹਾਰ ਸੀ।

ਸ਼ੋਅ ਵੇਖਣ ਆਈ ਇੱਕ ਗੁਜਰਾਤਣ ਦਾ ਬਿਆਨ ਸੀ, "ਮੈਂ ਗੁਜਰਾਤੀ ਹੂੰ, ਪਰ ਕੌਨਸਰਟ ਸੁਨ ਕੇ ਲਗਾ, ਮੈਂ ਪੰਜਾਬ ਹੂੰ।" ਇੱਕ ਹੋਰ ਬੀਬੀ ਆਖ ਰਹੀ ਸੀ, "ਇਹ ਮੇਰੀ ਜ਼ਿੰਦਗੀ ਦਾ ਨਵਾਂ ਤਜ਼ਰਬਾ ਹੈ।" ਇੱਕ ਮਰਾਠੀ ਪ੍ਰਸ਼ੰਸਕ ਦੇ ਬੋਲ ਸਨ, "ਸ਼ੱਪਤ! ਮਜ਼ਾ ਆਈ ਲਾ। ਸ਼ੋਅ ਏਕ ਨੰਬਰ" (ਸਹੁੰ ਲੱਗੇ! ਸਵਾਦ ਆ ਗਿਆ। ਸ਼ੋਅ ਇੱਕ ਨੰਬਰ ਸੀ)। 'ਉਹ ਪੰਜਾਬ ਬਣ ਕੇ ਆਇਆ ਤੇ ਪਿਆਰ ਹੂੰਝ ਕੇ ਲੈ ਗਿਆ', 'ਇਹ ਹੈ ਦਿਲਜੀਤ ਦਾ ਇੰਪਾਇਰ...', 'ਪੰਜਾਬੀ ਹੋਣਾ ਹੀ ਦਿਲਜੀਤ ਦਾ ਹਾਸਲ ਹੈ' ਸਮੇਤ ਲੋਕਾਂ ਦੀਆਂ ਕਈ ਅਜਿਹੀਆਂ ਟਿੱਪਣੀਆਂ ਸਨ, ਜਿਸ ਤੋਂ ਜ਼ਾਹਰ ਸੀ ਕਿ ਦਿਲਜੀਤ ਪੇਸ਼ਕਾਰੀ ਸਟੇਜ 'ਤੇ ਕਰ ਰਿਹਾ ਹੁੰਦਾ ਹੈ, ਪਰ ਨੱਚਦਾ ਉਹ ਆਪਣੇ ਪ੍ਰਸ਼ੰਸਕਾਂ ਦੇ ਦਿਲ ਵਿੱਚ ਹੈ!

ਸ਼ੋਅ ਵਾਲੇ ਹਾਲ ਦਾ ਮੰਜ਼ਰ ਇਹ ਸੀ ਜਿਵੇਂ ਪੰਜਾਬ ਦਾ ਕੋਈ ਵੱਡਾ ਮੇਲਾ ਲੱਗਿਆ ਹੋਵੇ। ਰੰਗ-ਬਰੰਗੀਆਂ ਰੋਸ਼ਨੀਆਂ ਦੇ ਚਮਕਾਰੇ ਇਸ ਤਰ੍ਹਾਂ ਪੈ ਰਹੇ ਸਨ, ਜਿਵੇਂ ਜਗਰਾਵਾਂ ਦੇ ਮੇਲੇ ਵਿੱਚ ਰੋਸ਼ਨੀਆਂ ਪੈਂਦੀਆਂ ਹੋਣ! ਦਿਲਚਸਪ ਗੱਲ ਇਹ ਸੀ ਕਿ ਕੰਮਕਾਰ ਵਾਲੇ ਦਿਨ ਬੁੱਧਵਾਰ ਨੂੰ ਕਰੀਬ ਡੇਢ ਦਰਜਨ ਹਜ਼ਾਰ ਕੁਰਸੀਆਂ ਵਾਲਾ ਹਾਲ ਖਚਾ ਖਚ ਭਰਿਆ ਹੋਇਆ ਸੀ। ਲੋਕ ਕੁਰਸੀਆਂ 'ਤੇ ਬਹਿਣ ਨਾਲੋਂ ਨੱਚ-ਝੂਮ ਕੇ ਸ਼ੋਅ ਮਾਣ ਰਹੇ ਸਨ। ਅਸਲ ਵਿੱਚ ਦਿਲਜੀਤ ਦੇ ਸ਼ੋਅ ਬਹਿ ਕੇ ਵੇਖਣ ਵਾਲੇ ਤਾਂ ਹੁੰਦੇ ਹੀ ਨਹੀਂ! ਢਾਈ-ਤਿੰਨ ਘੰਟੇ ਹਾਲ ਦਾ ਇਹੋ ਨਜ਼ਾਰਾ ਬਣਿਆ ਹੋਇਆ ਸੀ। ਸ਼ੋਅ ਸ਼ੁਰੂ ਹੋਣ ਤੋਂ ਕਾਫੀ ਸਮਾਂ ਪਹਿਲਾਂ ਹੀ ਬਹੁਤੇ ਲੋਕ ਦਿਲਜੀਤ ਦੀ ਝਲਕ ਪਾਉਣ ਲਈ ਬੇਸਬਰੇ ਹੋਏ ਪਏ ਸਨ।

ਜਦੋਂ ਕਰੀਬ ਦਹਾਕਾ ਪਹਿਲਾਂ ਉਹ ਸ਼ਿਕਾਗੋ ਆਇਆ ਸੀ ਤਾਂ ਬਹੁਤੇ ਲੋਕ ਨਹੀਂ ਸਨ ਜੁੜੇ। ਉਦੋਂ ਆਸ ਮੁਤਾਬਕ ਟਿਕਟਾਂ ਵੀ ਨਹੀਂ ਸਨ ਵਿਕੀਆਂ। ਖਰਚਾ ਤਾਂ ਕੀ ਨਿਕਲਣਾ ਸੀ, ਸਗੋਂ ਪ੍ਰਬੰਧਕਾਂ ਨੂੰ ਪੱਲਿਓਂ ਅਤੇ ਸਪਾਂਸਰਾਂ ਨੂੰ ਵਾਧੂ ਬੋਝ ਝੱਲਣਾ ਪੈ ਗਿਆ ਸੀ। ਇਹ ਦਿਲਜੀਤ ਦੀ ਮਿਹਨਤ ਤੇ ਪਰਮਾਤਮਾ ਦੀ ਕਿਰਪਾ ਹੀ ਹੈ ਕਿ ਉਹਦੇ ਸ਼ੋਅ ਟਿੱਪ-ਟੌਪ ਹੋ ਰਹੇ ਹਨ, ਜਿਨ੍ਹਾਂ ਵਿੱਚ ਹਾਲ ਹੀ ਦੇ ਕੈਨੇਡਾ ਤੇ ਅਮਰੀਕਾ ਦੇ ਸ਼ੋਅ ਵੀ ਸ਼ੁਮਾਰ ਹਨ।

ਦਿਲਜੀਤ ਵਾਂਗ ਹੀ ਚਿੱਟੇ ਕੁੜਤੇ-ਚਾਦਰਿਆਂ ਤੇ ਪੱਗਾਂ ਅਤੇ ਕਾਲੀ ਜੈਕਟਾਂ ਪਾਈ 'ਭੰਗੜਾ ਰਾਈਮਜ਼ ਸ਼ਿਕਾਗੋ' ਦੇ ਭੰਗੜਚੀ- ਗੁਰਈਸਰ ਸਿੰਘ ਕੁਲਾਰ, ਅਜੇ ਸਿੰਘ ਤੇ ਇਕਾਗਰ ਸਿੰਘ ਬਰਾੜ ਉਸ ਨਾਲ ਬਰਾਬਰ ਨੱਚ ਰਹੇ ਸਨ। ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਦਿਲਜੀਤ ਨੇ ਆਪਣੀ ਜੈਕਟ ਤੋਹਫਾ ਕਰ ਦਿੱਤੀ, ਤੇ ਕਰਮਨ ਸਿੰਘ ਨੂੰ ਡਰੱਮ ਸਟਿੱਕਸ ਦਿੱਤੀਆਂ। ਭੰਗੜਾ ਰਾਈਮਜ਼ ਦੇ ਅਮਨਦੀਪ ਕੁਲਾਰ ਨੇ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ। ਸਟੇਜ ਉਤੇ ਐਵੇਂ ਤਾਂ ਨਹੀਂ ਉਹਦੇ ਬੋਲ ਗੂੰਜ ਰਹੇ ਸਨ, 'ਰਾਤੋ-ਰਾਤ ਨਹੀਂ ਹੋਈ ਸਾਡੀ ਆਹ ਚੜ੍ਹਾਈ।' 'ਕਹਿੰਦੇ ਦੋਸਾਂਝਾਂ ਵਾਲਿਆ ਕੀ ਖੱਟਿਆ? ਦੋਸਾਂਝਾਂ ਵਾਲੇ ਨੇ ਬੱਸ ਆਹੀ ਖੱਟਿਆ।' ਉਸ ਦਾ ਇਸ਼ਾਰਾ ਲੋਕਾਂ ਦੇ ਮਿਲ ਰਹੇ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC**
**DBA Punjabi Parwaz**

**Address:**
827 E. Kings Row, Unit# 7,
Palatine, IL 60074

**Managed by:**
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

**ਪੰਜਾਬੀ ਪਰਵਾਜ਼** Punjabi Parwaz — ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਬੱਬੂ (ਐਪਲਟਨ)
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਸੰਨੀ ਧੂੜ (ਮਿਸ਼ੀਗਨ)
ਮਨਮਿੰਦਰ ਸਿੰਘ ਹੀਰ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਮੀਕ ਸਿੰਘ ਗਿਰਨ
ਜਿਗਰਦੀਪ ਸਿੰਘ ਢਿੱਲੋਂ

## ਦਿਲਜੀਤ ਦੋਸਾਂਝ ਨੇ ਖ਼ਰੂਦੀ ਪੰਜਾਬੀ ਪੇਸ਼ਕਾਰੀ ਨਾਲ ਦਿਲ ਜਿੱਤੇ

ਅਥਾਹ ਪਿਆਰ ਵੱਲ ਸੀ।

ਸ਼ੋਅ ਦੌਰਾਨ ਸਿਰਫ ਪੰਜਾਬੀ ਹੀ ਨਹੀਂ, ਸਗੋਂ ਗੁਜਰਾਤੀ, ਹਰਿਆਣਵੀ, ਰਾਜਸਥਾਨੀ, ਚੰਡੀਗੜ੍ਹੀਏ ਅਤੇ ਭਾਰਤ ਦੀਆਂ ਸਾਊਥ ਸਾਈਡ ਸਟੇਟਾਂ ਨਾਲ ਸਬੰਧਤ ਲੋਕਾਂ ਸਮੇਤ ਸਥਾਨਕ ਮੂਲ ਦੇ ਲੋਕ ਵੀ ਦਿਲਜੀਤ ਦੋਸਾਂਝ ਦੀ ਗਾਇਕੀ ਦਾ ਅਖਾੜਾ ਦੇਖਣ ਇਸ ਤਰ੍ਹਾਂ ਪਹੁੰਚੇ ਹੋਏ ਸਨ, ਜਿਸ ਤਰ੍ਹਾਂ ਗੁੜ ਨੂੰ ਮੱਖੀਆਂ ਪੈਂਦੀਆਂ ਹਨ। ਲੋਕ ਦਿਲਜੀਤ ਦਾ ਸ਼ੋਅ ਵੇਖ ਕੇ ਬਾਗੋਬਾਗ ਸਨ। ਸ਼ਿਕਾਗੋਲੈਂਡ ਵਿੱਚ ਇਹ ਅਜਿਹੀ ਕਿਸਮ ਦਾ ਪਹਿਲਾ ਪੰਜਾਬੀ ਸ਼ੋਅ ਸੀ, ਜਿਸ ਲਈ ਪ੍ਰਬੰਧਕਾਂ ਵੱਲੋਂ ਲੋਕਾਂ ਨੂੰ ਟਿਕਟਾਂ ਵੇਚਣ ਜਾਂ ਸਰੋਤਿਆਂ ਨੂੰ ਆਉਣ ਲਈ ਮਿੰਨਤਾਂ ਨਹੀਂ ਸਨ ਕਰਨੀਆਂ ਪਈਆਂ। ਮਿਡਵੈਸਟ ਦੀਆਂ ਕਰੀਬ ਕਰੀਬ ਸਾਰੀਆਂ ਸਟੇਟਾਂ ਤੋਂ ਇਲਾਵਾ ਕੈਨੇਡਾ ਤੋਂ ਵੀ ਸਰੋਤੇ ਆਣ ਹਾਜ਼ਰ ਹੋਏ ਸਨ।

ਪੰਜਾਬੀ ਰੰਗਮੰਚ ਨਾਲ ਜੁੜੇ ਹੋਏ ਗੁਰਮੁਖ ਸਿੰਘ ਭੁੱਲਰ ਦੇ ਸ਼ਬਦਾਂ ਵਿੱਚ, "ਮੈਂ ਅਮਰੀਕਾ ਰਹਿੰਦਿਆਂ ਆਪਣੇ 34 ਸਾਲਾਂ ਦੌਰਾਨ ਬੜੇ ਵੱਡੇ-ਵੱਡੇ ਹਿੰਦੀ ਦੇ ਛੇ-ਛੇ ਸਟਾਰਾਂ ਵਾਲੇ ਕਹਿੰਦੇ-ਕਹਾਉਂਦੇ ਸ਼ੋਅ ਵੀ ਵੇਖੇ, ਪਰ ਐਨਾ ਇਕੱਠ ਕਿਸੇ ਸ਼ੋਅ ਵਿੱਚ ਮੈਂ ਅੱਜ ਤੱਕ ਨਹੀਂ ਦੇਖਿਆ। ਜਿਸ ਦਿਨ ਸ਼ੋਅ ਹੋਣ ਦਾ ਐਲਾਨ ਹੋਇਆ ਸੀ ਤਾਂ ਬਹੁਤ ਸਾਰੇ ਮੇਰੇ ਵਰਗੇ ਇਹੀ ਗੱਲ ਕਰਦੇ ਸਨ ਕਿ ਵੀਕ ਡੇਅ ਦੇ ਵਿੱਚ ਸ਼ੋਅ ਰੱਖਣਾ ਵੱਡੀ ਗਲਤੀ ਹੋਵੇਗੀ, ਪਰ ਜਦ ਲੋਕਾਂ ਨੇ ਸ਼ੋਅ ਵਾਲੇ ਦਿਨ ਇਹ ਨਜ਼ਾਰਾ ਦੇਖਿਆ ਤਾਂ ਫਿਰ ਸੁਭਾਵਿਕ ਹੀ ਮੂੰਹੋਂ ਨਿਕਲ ਗਿਆ, 'ਦਿਲਜੀਤ ਸਿਹਾਂ! ਇਹ ਬੱਸ ਤੇਰੇ ਹਿੱਸੇ ਹੀ ਆਇਆ ਹੈ।' ਦਿਲਜੀਤ ਇਸ ਮੁਕਾਮ 'ਤੇ ਪਹੁੰਚ ਕੇ ਜਿਹੜਾ ਮਾਣ ਸਤਿਕਾਰ ਪੱਗ ਨੂੰ ਦਿੰਦਾ ਹੈ, ਉਹ ਕਿਸੇ ਹੋਰ ਕਲਾਕਾਰ ਦੇ ਹਿੱਸੇ ਨਹੀਂ ਆਇਆ ਹੈ, ਕਿਉਂਕਿ ਉਸ ਦੀ ਟੀਮ ਦੇ ਵਿੱਚ ਬਹੁਤੇ ਸਰਦਾਰ ਮੁੰਡੇ ਹਨ।"

ਨਾਮੀ ਕਲਾਕਾਰ ਰਾਣਾ ਰਣਬੀਰ ਨੇ ਕੁਝ ਸਮਾਂ ਪਹਿਲਾਂ ਦਿਲਜੀਤ ਦੋਸਾਂਝ ਬਾਰੇ ਕੁਝ ਇਉਂ ਲਿਖਿਆ ਸੀ, "ਹੁਣ ਮੈਨੂੰ ਪਤਾ ਲੱਗ ਗਿਆ ਹੈ ਕਿ ਦੋਸਾਂਝਾਂ ਵਾਲੇ ਦਿਲਜੀਤ ਦੀ ਰਾਸ਼ੀ, ਜਾਤ ਅਤੇ ਧਰਮ ਕੀ ਹੈ। ਦਿਲਜੀਤ ਦੀ ਰਾਸ਼ੀ ਸਟੇਜ ਹੈ, ਜਾਤ ਕਲਾਕਾਰੀ ਹੈ ਤੇ ਧਰਮ ਉਸਦਾ ਮੁਹੱਬਤ ਹੀ ਹੈ।" ਸ਼ਿਕਾਗੋ ਦਾ ਸ਼ੋਅ ਵੀ ਮੁਹੱਬਤ 'ਚ ਮੁਹੱਬਤ ਹੋਏ ਦੀ ਪ੍ਰਾਪਤੀ ਕਿਹਾ ਜਾ ਸਕਦਾ ਹੈ। ਉਹ ਸਰੋਤਿਆਂ ਨੂੰ ਅਕਾਸ਼ 'ਚ ਖੜ੍ਹੇ ਹੋਣ ਦਾ ਅਹਿਸਾਸ ਕਰਵਾ ਕੇ ਆਪ ਧਰਤੀ (ਸਟੇਜ) ਉਤੇ ਮਸਤੀ ਦਾ ਨਾਚ ਕਰ ਜਾਂਦਾ ਹੈ।

ਹਰਬੀਰ ਵਿਰਕ ਦੇ ਸ਼ਬਦਾਂ ਵਿੱਚ, "ਦਿਲਜੀਤ ਦੋਸਾਂਝ ਵਾਂਗ ਸੱਚਮੁੱਚ ਕੋਈ ਵੀ ਭਾਰਤੀ ਕਲਾਕਾਰ ਕਦੇ ਵੀ ਦਰਸ਼ਕਾਂ ਨੂੰ ਮੰਤਰਮੁਗਧ ਕਰਨ ਦੇ ਇੰਨਾ ਯੋਗ ਨਹੀਂ ਹੋਇਆ ਹੈ, ਜਿਵੇਂ ਉਹਨੇ ਭਰ ਅਖਾੜਿਆਂ ਵਿੱਚ ਕੀਤਾ ਹੈ। ਉਹਦੀ ਪ੍ਰਤਿਭਾ, ਨਜ਼ਰੀਆ, ਵਿਭਿੰਨਤਾ ਅਤੇ ਨਿਮਰਤਾ ਦਾ ਮੇਲ ਨਹੀਂ ਕੀਤਾ ਜਾ ਸਕਦਾ। ਉਹਦੇ ਸੰਗੀਤ ਤੋਂ ਇਲਾਵਾ ਪ੍ਰਦਰਸ਼ਨ ਵਿੱਚ ਉਹਦੇ ਸੂਖਮ ਪਰ ਡੂੰਘੇ ਸੰਦੇਸ਼ ਬਹੁਤ ਸ਼ਕਤੀਸ਼ਾਲੀ ਹਨ।"

ਸ਼ਿਕਾਗੋ ਸ਼ੋਅ ਉਪਰੰਤ ਦਿਲਜੀਤ ਨੇ ਸੋਸ਼ਲ ਮੀਡੀਆ 'ਤੇ ਆਪਣੇ ਪਿੰਡ ਦੋਸਾਂਝ ਕਲਾਂ ਤੋਂ ਬੱਬੀ ਭੈਣ ਨੂੰ ਮਿਲਣ ਦੀ ਖੁਸ਼ੀ ਵੀ ਜ਼ਾਹਰ ਕੀਤੀ ਹੈ, ਇਸ ਵਿੱਚ ਉਸ ਨੇ ਲਿਖਿਆ ਹੈ, "ਜਦ ਮੈਂ ਛੋਟਾ ਹੁੰਦਾ ਰੋਟੀ ਨਹੀਂ ਸੀ ਖਾਂਦਾ ਤਾਂ ਗਵਾਂਢ 'ਚ ਰਹਿੰਦੀ ਬੱਬੀ ਭੈਣ ਨੇ ਗੁੜ ਨਾਲ ਰੋਟੀ ਖਾਣ ਲਾਇਆ।... ਫਿਰ ਇੱਕ ਦਿਨ ਅਚਾਨਕ ਸਾਰਾ ਪਰਿਵਾਰ ਯੂ.ਐਸ.ਏ. ਮੂਵ ਹੋ ਗਿਆ। ਮੈਂ ਬਹੁਤ ਕਿਹਾ ਕਿ ਮੈਨੂੰ ਨਾਲ ਲੈ ਜਾਓ, ਕਹਿੰਦੇ 'ਹਾਂ ਬੈਗ 'ਚ ਪਾ ਕੇ ਲੈ ਜਾਵਾਂਗੇ।'... ਜਦੋਂ ਸਾਰਾ ਪਰਿਵਾਰ ਯੂ.ਐਸ.ਏ. ਚਲਾ ਗਿਆ ਤਾਂ ਮੈਂ ਬਹੁਤ ਰੋਇਆ। ਇਹ ਸ਼ਾਇਦ ਪਹਿਲਾ ਸਬਕ ਸੀ ਰਿਸ਼ਤਿਆਂ ਤੋਂ ਦੂਰ ਹੋਣ ਦਾ...।"



American Sikh Community

*a partner in Memorial Day observance*

WWW.AmericanSikhCommunity.Com

*Request to all religious, cultural and sports organizations to join in the following events to show support for "Sikh Identity" in the main stream.*

Dress Code for Parades

Men: Black Pant, Red/Maroon Dastar, Shirt Basspro.com SKU#101422665

Women: White Salwar-Kameez, Maroon Chunni

American Sikh Community participating in Memorial Day parade in Chicago Since 2014

Assembly: Wacker Dr. (between Clark St. and Lasalle St.)

Saturday, May 25, 2024 Time 12:00PM

The American Sikh Community Participating in Schaumburg Memorial Day Parade Since 2013

*Location: Saint Peter Church*
*202 E. Schaumburg Rd,*
*Schaumburg, IL. 60193*

Monday, May 27, 2024 Time 10:00AM

*After the Memorial Day observance, you are cordially invited for refreshments. Volunteers are most welcome.*

American Sikh Community ILSCC Participating in Memorial Day Parade Since 2022

*Naperville, IL Memorial Day Parade*

Monday May 27, 2024 Time 9:30AM

Assembly: 500 W Jefferson Ave, Naperville, IL 60540

Amarjit Singh MBA 630-886-9191 or Wheaton Gurdwara 630-510-9700



"In the last two world wars, 83,005 turban-wearing Sikh soldiers killed and 109,045 were wounded for the freedom of Britain and the world during shell fire, with no other protection but the turban, the symbol of their faith."

*-General Sir Frank Messervy*



For further info. contact:

S. Amardev Singh Bandesha 708-612-7963
S. Amrik Pal Singh 312-608-0006
S. Avtar Singh Aulakh 630-935-7370
Dr. Inderbir Singh Gill 630-445-3255
Dr. Pardeep Singh Gill 847-989-5723
Dr. Rashpal Singh Bajwa 630-303-8330
S. Rajinderbir Singh Mago 630-440-7730
S. Sarwan Singh Bolina 224-628-5522
Dr. Vikramjeet Singh Gill 304-906-5276




Hiring Local & Midwest Drivers and Dedicated Lanes & Owner Operators



NT corp

4800 Vernon Ave, Ste. C, McCook, IL 60525

Ph: 847-562-5860 ext. 1003

Fax: 847-897-2660

Premium Truck & Trailer Tires

We also provide installation services

ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ

HT HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ



*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

Hampshire Tires

235 Industrial Dr., Hampshire, IL 60140

Ph: 847-556-9996

Email: info@hampshiretires.com www.hampshiretires.com

# ਬ੍ਰਹਿਮੰਡ ਦਾ ਸ਼ਾਸਕ: ਆਸਤਿਕ-ਨਾਸਤਿਕ ਨਜ਼ਰੀਏ

**ਤਰਜੀਹਾਂ**

**ਡਾ. ਪੀ. ਐੱਸ. ਤਿਆਗੀ**
**ਫੋਨ: +91-9855446519**





ਸਾਡੇ ਮਨ ਵਿੱਚ ਅਕਸਰ ਇੱਕ ਸਵਾਲ ਉੱਠਦਾ ਹੈ ਕਿ ਕੀ ਕੋਈ ਰੱਬ ਹੈ? ਕੀ ਬ੍ਰਹਿਮੰਡ ਦਾ ਕੋਈ ਸਰਵਉੱਚ ਜੀਵ ਜਾਂ ਸ਼ਾਸਕ ਹੈ? ਹਜ਼ਾਰਾਂ ਸਾਲ ਪਹਿਲਾਂ ਮਨੁੱਖਜਾਤੀ ਰੱਬ ਤੋਂ ਡਰਦੀ ਸੀ ਅਤੇ ਕਿਸੇ ਨੂੰ ਰੱਬ ਦੀ ਹੋਂਦ ਵਿੱਚ ਸ਼ੱਕ ਨਹੀਂ ਸੀ। ਅਸੀਂ ਸਾਰਿਆਂ ਨੇ ਬਚਪਨ ਵਿੱਚ ਇੱਕ ਕਹਾਣੀ ਜ਼ਰੂਰ ਪੜ੍ਹੀ ਹੋਵੇਗੀ, ਜਿਸ ਵਿੱਚ ਇੱਕ ਵਿਅਕਤੀ ਆਪਣੇ ਛੋਟੇ ਬੇਟੇ ਨੂੰ ਕਹਿੰਦਾ ਹੈ, ਮੈਂ ਨੇੜਲੇ ਖੇਤ 'ਚੋਂ ਕੁਝ ਤਰਬੂਜ਼ ਚੋਰੀ ਕਰਨ ਜਾ ਰਿਹਾ ਹਾਂ। ਨਜ਼ਰ ਰੱਖ ਕਿ ਕੋਈ ਸਾਨੂੰ ਦੇਖ ਤਾਂ ਨਹੀਂ ਰਿਹਾ। ਬੇਟੇ ਨੇ ਤੁਰੰਤ ਕਿਹਾ, ਪਾਪਾ ਨਾ ਜਾਓ, ਰੱਬ ਸਾਨੂੰ ਦੇਖ ਰਿਹਾ ਹੈ। ਰੱਬ ਦਾ ਡਰ ਇਹੋ ਜਿਹਾ ਸੀ।

ਜਿਵੇਂ-ਜਿਵੇਂ ਮਨੁੱਖ ਨੇ ਵੱਧ ਤੋਂ ਵੱਧ ਗਿਆਨ ਪ੍ਰਾਪਤ ਕੀਤਾ, ਲੋਕਾਂ ਦੇ ਇੱਕ ਹਿੱਸੇ ਨੇ ਰੱਬ ਦੀ ਹੋਂਦ ਉੱਤੇ ਸ਼ੱਕ ਕਰਨਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਮਨੁੱਖੀ ਸਮਾਜ ਦੋ ਹਿੱਸਿਆਂ ਵਿਚ ਵੰਡਿਆ ਗਿਆ- ਆਸਤਿਕ ਅਤੇ ਨਾਸਤਿਕ। ਪਰਮਾਤਮਾ ਦੇ ਸਬੰਧ ਵਿੱਚ ਬਹੁਤ ਸਾਰੇ ਸਵਾਲਾਂ ਨੇ ਮਨੁੱਖੀ ਮਨ ਨੂੰ ਪ੍ਰੇਸ਼ਾਨ ਕੀਤਾ ਹੈ ਅਤੇ ਇੱਕ ਪਰਮ ਹਸਤੀ ਜਿਸਨੂੰ ਅਸੀਂ ਪਰਮਾਤਮਾ ਵਜੋਂ ਜਾਣਦੇ ਹਾਂ, ਦੀ ਹੋਂਦ ਨੂੰ ਸਾਬਤ ਕਰਨ ਦੀ ਉਮੀਦ ਨਾਲ ਕਈ ਦਲੀਲਾਂ ਦਿੱਤੀਆਂ ਗਈਆਂ ਹਨ।

ਆਓ, ਪਹਿਲਾਂ ਰੱਬ ਨੂੰ ਦਾਰਸ਼ਨਿਕ, ਵਿਗਿਆਨੀ ਅਤੇ ਧਰਮ ਦੀ ਨਜ਼ਰ ਵਿੱਚ ਸਮਝੀਏ। ਅਸੀਂ ਸਾਰੇ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ। ਸੈਂਕੜੇ ਰੱਬ ਤੇ ਦਰਜਨਾਂ ਧਰਮ ਹਨ, ਅਤੇ ਅਸੀਂ ਸਾਰੇ ਆਪਣੇ ਪਰਮਾਤਮਾ ਦੀ ਖੋਜ ਵਿੱਚ ਕਿਸੇ ਮੰਦਰ, ਚਰਚ, ਮੱਠ ਜਾਂ ਗੁਰਦੁਆਰੇ ਵਿੱਚ ਜਾਂਦੇ ਹਾਂ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇੱਕ ਸਿਰਜਣਹਾਰ ਮੌਜੂਦ ਹੈ, ਜਿਸਨੂੰ ਅਸੀਂ ਰੱਬ ਕਹਿੰਦੇ ਹਾਂ। ਰੱਬ ਕਿਸੇ ਧਰਮ ਨਾਲ ਸਬੰਧਤ ਨਹੀਂ ਹੈ। ਰੱਬ ਨੂੰ ਕਿਸੇ ਨੇ ਨਹੀਂ ਬਣਾਇਆ। ਪਰਮਾਤਮਾ ਜਨਮ ਰਹਿਤ ਹੈ, ਪਰਮਾਤਮਾ ਮੌਤ ਰਹਿਤ ਹੈ। ਪਰਮਾਤਮਾ ਬੇਅੰਤ ਹੈ। ਰੱਬ ਦਾ ਕੋਈ ਨਾਮ ਨਹੀਂ ਹੈ। 'ਰੱਬ ਸਾਡੇ ਦਿਲ ਦੇ ਮੰਦਰ ਵਿੱਚ ਵਸਦਾ ਹੈ।' ਗੁਰਬਾਣੀ ਦੇ ਮੂਲ ਮੰਤਰ ਵਿੱਚ ਪਰਮਾਤਮਾ ਦੀ ਪਰਿਭਾਸ਼ਾ ਬਹੁਤ ਵਧੀਆ ਢੰਗ ਨਾਲ ਬਿਆਨ ਕੀਤੀ ਗਈ ਹੈ। ਪਰਮਾਤਮਾ ਸਰਬ-ਵਿਆਪਕ ਹੈ। ਉਸ ਨੂੰ ਕਿਸੇ ਨੇ ਨਹੀਂ ਬਣਾਇਆ, ਕਿਉਂਕਿ ਉਹ ਹਮੇਸ਼ਾ ਮੌਜੂਦ ਸੀ। ਉਸ ਨੇ ਧਰਤੀ, ਆਕਾਸ਼ ਅਤੇ ਹਵਾ, ਸਮੁੰਦਰਾਂ ਦੇ ਪਾਣੀ, ਅੱਗ ਅਤੇ ਭੋਜਨ ਦੀ ਸਥਾਪਨਾ ਕੀਤੀ। ਉਸਨੇ ਚੰਦ, ਤਾਰੇ ਤੇ ਸੂਰਜ, ਰਾਤ ਤੇ ਦਿਨ ਅਤੇ ਪਹਾੜ ਬਣਾਏ ਹਨ; ਉਸਨੇ ਰੁੱਖਾਂ ਨੂੰ ਫੁੱਲਾਂ ਅਤੇ ਫਲਾਂ ਨਾਲ ਅਸੀਸ ਦਿੱਤੀ। ਉਸ ਨੇ ਦੇਵਤੇ, ਮਨੁੱਖ ਅਤੇ ਸੱਤ ਸਮੁੰਦਰ ਬਣਾਏ ਹਨ।

ਬ੍ਰਹਿਮੰਡ ਦੀ ਰਚਨਾ ਬਾਰੇ ਬਹੁਤ ਸਾਰੇ ਸਿਧਾਂਤ ਪੇਸ਼ ਕੀਤੇ ਗਏ ਹਨ। ਸਭ ਤੋਂ ਪ੍ਰਚਲਿਤ ਸਿਧਾਂਤ ਨੂੰ 'ਵਿਸ਼ੇਸ਼ ਰਚਨਾ ਦਾ ਸਿਧਾਂਤ' ਕਿਹਾ ਜਾਂਦਾ ਹੈ, ਜਿਸ ਅਨੁਸਾਰ ਹਰ ਚੀਜ਼ ਜੋ ਅਸੀਂ ਕੁਦਰਤ ਵਿਚ ਦੇਖਦੇ ਹਾਂ, ਪਰਮਾਤਮਾ ਦੁਆਰਾ ਬਣਾਈ ਗਈ ਹੈ। ਈਸਾਈਆਂ ਅਨੁਸਾਰ ਰੱਬ ਨੇ ਸਵਰਗ, ਨਰਕ, ਆਕਾਸ਼, ਤਾਰੇ, ਸਮੁੰਦਰ, ਪਹਾੜ, ਜਾਨਵਰ, ਪੌਦੇ, ਮਨੁੱਖ ਆਦਿ ਛੇ ਕੁਦਰਤੀ ਦਿਨਾਂ ਵਿੱਚ ਬਣਾਏ। ਹਿੰਦੂ ਧਰਮ ਵਿੱਚ ਹਿੰਦੂ ਦੇਵਤਿਆਂ ਦੀ ਤ੍ਰਿਏਕ ਹੈ: ਬ੍ਰਹਮਾ ਬ੍ਰਹਿਮੰਡ ਦਾ ਸਿਰਜਣਹਾਰ, ਵਿਸ਼ਨੂੰ ਰੱਖਿਅਕ ਅਤੇ ਸ਼ਿਵ ਵਿਨਾਸ਼ਕਾਰੀ। ਸਿੱਖ ਧਰਮ ਰੱਬ ਦੀ ਏਕਤਾ ਵਿੱਚ ਵਿਸ਼ਵਾਸ ਰੱਖਦਾ ਹੈ ਕਿ ਸਿਰਜਣਹਾਰ, ਰੱਖਿਅਕ ਅਤੇ ਨਾਸ਼ ਕਰਨ ਵਾਲਾ ਇੱਕ ਹੈ। ਕੀਤਾ ਪਸਾਉ ਏਕੋ ਕਵਾਉ॥ ਤਿਸ ਤੇ ਹੋਇ ਲਖ ਦਰੀਆਉ॥ ਭਾਵ ਬ੍ਰਹਿਮੰਡ ਦੀ ਰਚਨਾ ਦੀ ਪ੍ਰਕਿਰਿਆ ਉਸ ਦੇ ਇੱਕ ਸ਼ਬਦ ਤੋਂ ਸ਼ੁਰੂ ਹੋਈ ਅਤੇ ਅਣਗਿਣਤ ਧਾਰਾਵਾਂ ਵਿੱਚ ਫੈਲ ਗਈ।

ਰੱਬ ਦੀ ਹੋਂਦ ਬਾਰੇ ਦਾਰਸ਼ਨਿਕਾਂ ਦੇ ਆਪਣੇ ਵਿਚਾਰ ਹਨ। ਬਹੁਤ ਸਾਰੇ ਦਾਰਸ਼ਨਿਕਾਂ ਨੇ ਰੱਬ ਦੀ ਹੋਂਦ ਤੋਂ ਪੂਰੀ ਤਰ੍ਹਾਂ ਇਨਕਾਰ ਕੀਤਾ ਹੈ। ਦੂਜੇ ਪਾਸੇ, ਅਜਿਹੇ ਦਾਰਸ਼ਨਿਕ ਵੀ ਹਨ ਜੋ ਰੱਬ ਨੂੰ ਮੰਨਦੇ ਸਨ। ਰੱਬ ਦੀ ਧਾਰਨਾ ਦੀ ਪੜਚੋਲ ਕਰਨ ਵਾਲੇ ਸਭ ਤੋਂ ਪੁਰਾਣੇ ਦਾਰਸ਼ਨਿਕਾਂ ਵਿੱਚੋਂ ਇੱਕ ਪਲੈਟੋ ਸੀ। ਉਹ ਵਿਸ਼ਵਾਸ ਕਰਦਾ ਸੀ ਕਿ ਬ੍ਰਹਿਮੰਡ ਇੱਕ ਬ੍ਰਹਮ ਜੀਵ ਦੁਆਰਾ ਬਣਾਇਆ ਗਿਆ ਸੀ। ਇੱਕ ਹੋਰ ਦਾਰਸ਼ਨਿਕ ਡੇਕਾਰਟਸ ਨੇ ਦਲੀਲ ਦਿੱਤੀ ਕਿ ਬ੍ਰਹਿਮੰਡ ਦੀ ਹੋਂਦ ਅਤੇ ਮਨੁੱਖੀ ਮਨ ਦੀ ਵਿਆਖਿਆ ਕਰਨ ਲਈ ਪਰਮਾਤਮਾ ਦੀ ਹੋਂਦ ਜ਼ਰੂਰੀ ਸੀ। ਮਹਾਨ ਦਾਰਸ਼ਨਿਕ ਅਰਸਤੂ ਨੇ ਪਰਮਾਤਮਾ ਨੂੰ ਸੰਸਾਰ ਵਿੱਚ ਹਰ ਗਤੀ ਅਤੇ ਤਬਦੀਲੀ ਦਾ ਪਹਿਲਾ ਕਾਰਨ ਅਤੇ ਅੰਤਿਮ ਸਰੋਤ ਦੱਸਿਆ ਹੈ।

ਰੱਬ ਦੀ ਹੋਂਦ ਬਾਰੇ ਇੱਕ ਪ੍ਰਸਿੱਧ ਦਲੀਲ ਇਹ ਹੈ ਕਿ ਬ੍ਰਹਿਮੰਡ ਇੱਕ ਮਸ਼ੀਨ ਵਾਂਗ ਹੈ, ਮਸ਼ੀਨਾਂ ਬੁੱਧੀਮਾਨ ਡਿਜ਼ਾਈਨਰਾਂ ਦੁਆਰਾ ਬਣਾਈਆਂ ਜਾਂਦੀਆਂ ਹਨ, ਇਸ ਲਈ ਸਮੁੱਚੇ ਬ੍ਰਹਿਮੰਡ ਦਾ ਇੱਕ ਬੁੱਧੀਮਾਨ ਡਿਜ਼ਾਈਨਰ ਹੈ, ਜੋ ਕਿ ਪਰਮਾਤਮਾ ਹੈ; ਪਰ ਬਹੁਤ ਸਾਰੇ ਦਾਰਸ਼ਨਿਕਾਂ ਨੇ ਰੱਬ ਦੀ ਹੋਂਦ ਦੇ ਵਿਰੁੱਧ ਦਲੀਲਾਂ ਪ੍ਰਦਾਨ ਕੀਤੀਆਂ ਹਨ। ਫਿਲਾਸਫਰ ਰਿਚਰਡਸ ਡਾਕਿੰਸ ਨੇ ਡਿਜ਼ਾਇਨਰ ਥਿਊਰੀ ਦੀ ਇਹ ਦਲੀਲ ਦੇ ਕੇ ਆਲੋਚਨਾ ਕੀਤੀ ਹੈ ਕਿ ਜੇ ਪਰਮਾਤਮਾ ਸਾਰੇ ਬ੍ਰਹਿਮੰਡ ਲਈ ਡਿਜ਼ਾਈਨਰ ਹੈ ਤਾਂ ਡਿਜ਼ਾਈਨਰ ਅਰਥਾਤ ਰੱਬ ਨੂੰ ਕਿਸ ਨੇ ਡਿਜ਼ਾਈਨ ਕੀਤਾ ਹੈ। ਕਿਉਂਕਿ ਪਰਮਾਤਮਾ ਨੂੰ ਅੰਤਿਮ ਹਕੀਕਤ ਸਮਝਿਆ ਜਾਂਦਾ ਹੈ, ਕੋਈ ਵੀ ਉਸਨੂੰ ਡਿਜ਼ਾਈਨ ਨਹੀਂ ਕਰ ਸਕਦਾ ਸੀ, ਇਸ ਲਈ ਡਾਕਿੰਸ ਦੀ ਦਲੀਲ ਰੱਦ ਕੀਤੀ ਜਾਂਦੀ ਹੈ।

ਵਿਗਿਆਨ ਨੂੰ ਆਮ ਤੌਰ 'ਤੇ ਲੋਕਾਂ ਨੂੰ ਰੱਬ ਤੋਂ ਦੂਰ ਕਰਨ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ, ਪਰ ਇਹ ਸੱਚ ਨਹੀਂ ਹੈ। ਇਹ ਕੁਝ ਵਿਗਿਆਨੀਆਂ ਦਾ ਨਜ਼ਰੀਆ ਹੋ ਸਕਦਾ ਹੈ, ਪਰ ਵਿਗਿਆਨ ਦਾ ਨਹੀਂ। ਵਿਗਿਆਨ ਕੋਲ ਪਰਮਾਤਮਾ ਦੀ ਹੋਂਦ ਨੂੰ ਸਾਬਤ ਕਰਨ ਜਾਂ ਗਲਤ ਸਾਬਤ ਕਰਨ ਦੀਆਂ ਪ੍ਰਕਿਰਿਆਵਾਂ ਨਹੀਂ ਹਨ। ਵਿਗਿਆਨ ਅਧਿਐਨ ਕਰਦਾ ਹੈ ਅਤੇ ਕੇਵਲ ਕੁਦਰਤੀ ਸੰਸਾਰ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ, ਜਦੋਂ ਕਿ ਰੱਬ ਅਲੌਕਿਕ ਹੈ। ਵਿਗਿਆਨ ਨੂੰ ਸਬੂਤ ਚਾਹੀਦਾ ਹੈ, ਧਾਰਮਿਕ ਵਿਸ਼ਵਾਸ ਨੂੰ ਵਿਸ਼ਵਾਸ ਦੀ ਲੋੜ ਹੈ। ਵਿਗਿਆਨੀ ਰੱਬ ਦੀ ਹੋਂਦ ਨੂੰ ਸਾਬਤ ਕਰਨ ਜਾਂ ਗਲਤ ਸਾਬਤ ਕਰਨ ਦੀ ਕੋਸ਼ਿਸ਼ ਨਹੀਂ ਕਰਦੇ, ਕਿਉਂਕਿ ਉਹ ਜਾਣਦੇ ਹਨ ਕਿ ਅਜਿਹਾ ਕੋਈ ਪ੍ਰਯੋਗ ਨਹੀਂ ਹੈ, ਜੋ ਕਦੇ ਵੀ ਰੱਬ ਦਾ ਪਤਾ ਲਗਾ ਸਕੇ।

ਇੱਕ ਭੌਤਿਕ ਵਿਗਿਆਨੀ ਡਾ. ਸਟੀਫਨ ਡੀ. ਅਨਵਿਨ ਨੇ ਆਪਣੀ ਕਿਤਾਬ "ਦ ਪ੍ਰੋਬੇਬਿਲਟੀ ਆਫ਼ ਗੌਡ" ਵਿੱਚ ਸਿੱਟਾ ਕੱਢਿਆ ਹੈ ਕਿ ਰੱਬ ਦੀ ਹੋਂਦ ਦੀ 67% 'ਸੰਭਾਵਨਾ' ਹੈ। ਇੱਕ ਸਰਵੇਖਣ ਅਨੁਸਾਰ ਲਗਭਗ 51% ਵਿਗਿਆਨੀ ਦੇਵਤੇ ਜਾਂ ਉੱਚ ਸ਼ਕਤੀ ਦੇ ਕਿਸੇ ਰੂਪ ਵਿੱਚ ਵਿਸ਼ਵਾਸ ਕਰਦੇ ਹਨ, ਜਿਸਨੂੰ ਰੱਬ ਕਿਹਾ ਜਾ ਸਕਦਾ ਹੈ। ਬਹੁਤ ਸਾਰੇ ਮਸ਼ਹੂਰ ਵਿਗਿਆਨੀ ਜਿਵੇਂ ਕਿ ਨਿਊਟਨ, ਬੋਇਲ, ਡਾਲਟਨ, ਫੈਰਾਡੇ ਅਤੇ ਪਾਸਚਰ ਸ੍ਰਿਸ਼ਟੀ ਦੇ ਸਰਬਸ਼ਕਤੀਮਾਨ ਪਰਮਾਤਮਾ ਵਿੱਚ ਪੱਕਾ ਵਿਸ਼ਵਾਸ ਰੱਖਦੇ ਸਨ। ਐਡਵਿਨ ਹਬਲ ਅਤੇ ਅਲਬਰਟ ਆਇਨਸਟਾਈਨ ਦੋ ਹੋਰ ਵਿਗਿਆਨੀ ਹਨ, ਜਿਨ੍ਹਾਂ ਨੇ ਆਪਣੇ ਖੇਤਰਾਂ ਵਿੱਚ ਵਿਗਿਆਨਕ ਸਬੂਤ ਦੇਖੇ, ਜੋ ਇੱਕ ਸਿਰਜਣਹਾਰ ਵੱਲ ਇਸ਼ਾਰਾ ਕਰਦੇ ਹਨ।

ਇੱਕ ਇੰਟਰਵਿਊ ਵਿੱਚ ਆਈਨਸਟਾਈਨ ਨੂੰ ਪੁੱਛਿਆ ਗਿਆ ਸੀ ਕਿ ਕੀ ਉਹ ਰੱਬ ਵਿੱਚ ਵਿਸ਼ਵਾਸ ਕਰਦਾ ਹੈ? ਉਸਨੇ ਕਿਹਾ, ਮੈਂ ਨਾਸਤਿਕ ਨਹੀਂ ਹਾਂ। ਰੱਬ ਦੀ ਹੋਂਦ ਬਾਰੇ ਸਮਝ ਸਾਡੇ ਸੀਮਤ ਦਿਮਾਗਾਂ ਲਈ ਬਹੁਤ ਵਿਸ਼ਾਲ ਹੈ। ਅਸੀਂ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਕਿਤਾਬਾਂ ਨਾਲ ਭਰੀ ਇੱਕ ਵੱਡੀ ਲਾਇਬ੍ਰੇਰੀ (ਬ੍ਰਹਿਮੰਡ ਨਾਲ ਤੁਲਨਾ) ਵਿੱਚ ਦਾਖਲ ਹੋਣ ਵਾਲੇ ਇੱਕ ਛੋਟੇ ਬੱਚੇ ਦੀ ਸਥਿਤੀ ਵਿੱਚ ਹਾਂ, ਜੋ ਏਹ ਜਾਣਦਾ ਹੈ ਕਿ ਕਿਸੇ ਨੇ ਉਹ ਕਿਤਾਬਾਂ ਜ਼ਰੂਰ ਲਿਖੀਆਂ ਹਨ (ਸਿਰਜਣਹਾਰ ਨਾਲ ਤੁਲਨਾ), ਪਰ ਇਹ ਨਹੀਂ ਜਾਣਦਾ ਕਿ ਕਿਵੇਂ?

ਰੱਬ ਦੀ ਹੋਂਦ ਅਤੇ ਜੀਵਨ ਦੀ ਰਚਨਾ ਦੇ ਧਾਰਮਿਕ ਸਿਧਾਂਤ 'ਤੇ ਸਭ ਤੋਂ ਵੱਡਾ ਝਟਕਾ ਚਾਰਲਸ ਡਾਰਵਿਨ ਦੁਆਰਾ ਪ੍ਰਸਤਾਵਿਤ ਵਿਕਾਸਵਾਦ ਦੇ ਸਿਧਾਂਤ ਤੋਂ ਆਇਆ। ਡਾਰਵਿਨ ਦੀ ਧਾਰਨਾ ਅਨੁਸਾਰ ਮਨੁੱਖ ਸਮੇਤ ਸਾਰੀਆਂ ਮੌਜੂਦਾ ਪ੍ਰਜਾਤੀਆਂ ਸਮੇਂ ਦੇ ਨਾਲ ਨਿਰੰਤਰ ਅਤੇ ਬੇਤਰਤੀਬ ਤਬਦੀਲੀਆਂ ਕਾਰਨ ਵਿਕਸਿਤ ਹੋਈਆਂ ਹਨ। ਡਾਰਵਿਨ ਦਾ ਧਾਰਮਿਕ ਵਿਸ਼ਵਾਸਾਂ ਨੂੰ ਚੁਣੌਤੀ ਦੇਣ ਦਾ ਇਰਾਦਾ ਨਹੀਂ ਸੀ, ਪਰ ਧਾਰਮਿਕ ਵਿਸ਼ਵਾਸੀਆਂ ਨੇ ਇਸ ਦਾ ਗੁੱਸੇ ਨਾਲ ਜਵਾਬ ਦਿੱਤਾ। ਉਨ੍ਹਾਂ ਨੇ ਕਿਹਾ ਕਿ ਵਿਕਾਸਵਾਦ ਦਾ ਸਿਧਾਂਤ ਧਾਰਮਿਕ ਸਿੱਖਿਆਵਾਂ ਦੇ ਵਿਰੁੱਧ ਹੈ ਕਿ ਰੱਬ ਨੇ ਧਰਤੀ ਅਤੇ ਸਾਰੀਆਂ ਜੀਵਿਤ ਚੀਜ਼ਾਂ ਬਣਾਈਆਂ। ਵਿਕਾਸਵਾਦ ਦਾ ਸਿਧਾਂਤ ਇਹ ਕਹਿੰਦਾ ਹੈ ਕਿ ਅਮੀਬਾ ਵਰਗੇ ਸਿੰਗਲ ਸੈੱਲ ਵਾਲੇ ਜੀਵ ਪਹਿਲਾਂ ਧਰਤੀ 'ਤੇ ਮੂਲ ਤੱਤਾਂ ਤੋਂ ਆਪਸੀ ਪਰਸਪਰ ਕ੍ਰਿਆਵਾਂ ਦੁਆਰਾ ਵਿਕਸਿਤ ਹੋਏ ਅਤੇ ਫਿਰ ਸਾਰੇ ਬਹੁ-ਸੈਲੀਲਰ ਪੌਦਿਆਂ ਅਤੇ ਜਾਨਵਰਾਂ ਦਾ ਵਿਕਾਸ ਹੋਇਆ। ਸਵਾਲ ਇਹ ਪੈਦਾ ਹੁੰਦਾ ਹੈ ਕਿ ਮੂਲ ਤੱਤ ਕਿੱਥੋਂ ਆਏ? ਵਿਗਿਆਨੀ ਜਵਾਬ ਦਿੰਦੇ ਹਨ ਕਿ ਇਹ ਅਜਿਹੇ ਪਦਾਰਥ ਹਨ, ਜੋ ਨਾ ਤਾਂ ਬਣਾਏ ਜਾ ਸਕਦੇ ਹਨ ਅਤੇ ਨਾ ਹੀ ਨਸ਼ਟ ਹੋ ਸਕਦੇ ਹਨ। ਫਿਰ ਸਮੱਸਿਆ ਕੀ ਹੈ? ਜੇ ਅਸੀਂ ਇਹ ਸਵੀਕਾਰ ਕਰ ਸਕਦੇ ਹਾਂ ਕਿ ਹਰ ਚੀਜ਼ ਪਦਾਰਥ ਤੋਂ ਉਤਪੰਨ ਹੋਈ ਹੈ ਤਾਂ ਅਸੀਂ ਇਹ ਕਿਉਂ ਨਹੀਂ ਮੰਨ ਸਕਦੇ ਕਿ ਹਰ ਚੀਜ਼ ਪਰਮਾਤਮਾ ਦੁਆਰਾ ਰਚੀ ਗਈ ਹੈ, ਜੋ ਸਰਵ ਵਿਆਪਕ ਅਤੇ ਜਨਮ ਮਰਨ ਤੋਂ ਮੁਕਤ ਹੈ।

ਸਮੇਂ ਦੇ ਇਤਿਹਾਸ ਦੌਰਾਨ ਲੋਕਾਂ ਨੇ ਕਿਸੇ ਚੀਜ਼ ਜਾਂ ਆਪਣੇ ਤੋਂ ਵੱਡੇ ਵਿਅਕਤੀ ਦੀ ਪੂਜਾ ਕਰਨ ਦੀ ਲੋੜ ਮਹਿਸੂਸ ਕੀਤੀ ਹੈ। ਇਹ ਜ਼ਾਹਰ ਹੈ ਕਿ ਹਰ ਵਿਅਕਤੀ ਦੇ ਅੰਦਰ ਕੁਝ ਅਜਿਹਾ ਹੁੰਦਾ ਹੈ, ਜੋ ਕਿਸੇ ਉੱਚ ਸ਼ਕਤੀ ਨਾਲ ਸਬੰਧਤ ਹੋਣਾ ਚਾਹੁੰਦਾ ਹੈ। ਅਣਗਿਣਤ ਵਿਅਕਤੀਆਂ ਨੇ ਵੱਖ-ਵੱਖ ਰੂਪਾਂ ਵਿੱਚ ਬ੍ਰਹਮ ਦਾ ਅਨੁਭਵ ਕਰਨ ਦਾ ਦਾਅਵਾ ਕੀਤਾ ਹੈ ਜਿਵੇਂ ਕਿ ਚਮਤਕਾਰੀ ਇਲਾਜ। ਕਈ ਵਾਰ ਤਾਂ ਡਾਕਟਰ ਵੀ ਕਹਿ ਦਿੰਦੇ ਹਨ ਕਿ ਇਹ ਬਿਮਾਰੀ ਸਾਡੇ ਇਲਾਜ ਤੋਂ ਬਾਹਰ ਹੈ, ਜਾਓ ਅਤੇ ਮਰੀਜ਼ ਨੂੰ ਠੀਕ ਕਰਨ ਲਈ ਪਰਮਾਤਮਾ ਅੱਗੇ ਅਰਦਾਸ ਕਰੋ। ਹਰ ਕੋਈ ਪਰਮਾਤਮਾ ਨੂੰ ਪਿਆਰਾ ਹੈ, ਉਹ ਕਿਸੇ ਨਾਲ ਪੱਖਪਾਤ ਨਹੀਂ ਕਰਦਾ। ਉਹ ਹਰ ਇੱਕ ਨੂੰ ਆਪਣੀਆਂ ਮੁਸ਼ਕਲਾਂ ਵਿੱਚੋਂ ਬਾਹਰ ਨਿਕਲਣ ਦੇ ਕਈ ਮੌਕੇ ਦਿੰਦਾ ਹੈ। ਜੋ ਵਿਅਕਤੀ ਸਹੀ ਸਮੇਂ 'ਤੇ ਮੌਕੇ ਨੂੰ ਫੜ ਲੈਂਦਾ ਹੈ, ਉਹ ਸਫਲ ਹੋ ਜਾਂਦਾ ਹੈ ਅਤੇ ਜੋ ਮੌਕਾ ਨਹੀਂ ਪਛਾਣਦਾ, ਉਹ ਅਸਫਲ ਰਹਿੰਦਾ ਹੈ। ਇੱਕ ਕਹਾਣੀ ਵਿੱਚ ਇੱਕ ਆਦਮੀ ਸੀ, ਜੋ ਨਦੀ ਵਿੱਚ ਡੁੱਬਣ ਵਾਲਾ ਸੀ। ਪਹਿਲਾਂ ਇੱਕ ਕਿਸ਼ਤੀ ਵਾਲੇ ਨੇ ਅਤੇ ਫਿਰ ਇੱਕ ਆਦਮੀ ਨੇ ਉਸ ਨੂੰ ਬਚਾਉਣ ਦੀ ਪੇਸ਼ਕਸ਼ ਕੀਤੀ, ਪਰ ਡੁੱਬਦੇ ਆਦਮੀ ਨੇ ਕਿਹਾ ਕਿ ਰੱਬ ਮੈਨੂੰ ਬਚਾਵੇਗਾ, ਕਿਉਂਕਿ ਮੈਂ ਉਸਦਾ ਭਗਤ ਹਾਂ। ਉਹ ਡੁੱਬ ਕੇ ਮਰ ਗਿਆ। ਮੌਤ ਤੋਂ ਬਾਅਦ, ਉਸਨੇ ਸਵਰਗ ਵਿੱਚ ਰੱਬ ਨੂੰ ਪੁੱਛਿਆ ਕਿ ਉਹ ਉਸਨੂੰ ਬਚਾਉਣ ਕਿਉਂ ਨਹੀਂ ਆਇਆ? ਰੱਬ ਨੇ ਜਵਾਬ ਦਿੱਤਾ ਕਿ ਮੈਂ ਤੁਹਾਨੂੰ ਬਚਾਉਣ ਲਈ ਦੋ ਵਾਰ ਆਇਆ ਸੀ, ਪਰ ਤੁਸੀਂ ਮੈਨੂੰ ਪਛਾਣਿਆ ਨਹੀਂ। ਇਸ ਲਈ ਆਓ, ਅਸੀਂ ਸਾਰੇ ਪਰਮਾਤਮਾ ਦੀ ਹੋਂਦ ਨੂੰ ਪਛਾਣੀਏ ਤੇ ਸਵੀਕਾਰ ਕਰੀਏ ਅਤੇ ਉਸ ਦੀ ਹੋਂਦ 'ਤੇ ਬਹਿਸ ਤੇ ਸ਼ੱਕ ਨਾ ਕਰੀਏ।


## Matrimonial

**ਲੜਕੇ ਦੀ ਭਾਲ**

Looking for a suitable match for our Canadian Citizen Ramgarhia Sikh daughter 30, 5'-8" beautiful, family oriented, graduated in M.B.A (Canada). The boy must be from the USA or Canada, professionally qualified, good-natured, well settled, and with good family values. Serious enquiries only. Please respond to hunjan.inders@gmail.com with bio-data.

'ਪੰਜਾਬੀ ਪਰਵਾਜ਼' ਵਿੱਚ ਇਸ਼ਤਿਹਾਰ ਲਵਾਉਣ ਲਈ ਸੰਪਰਕ ਕਰੋ:
ਫੋਨ: 224-386-4548

**DIABETIC LIMB SALVAGE AND MAJOR AMPUTATION PREVENTION**
Dr. Singh is the Only Foot and Ankle Surgeon in Illinois with the following training:



Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.

**He has over 30 years of surgical experience**
HINDI, PUNJABI, ENGLISH AND SPANISH

Bunions, sports medicine, Pediatric foot deformity, ingrown toenails, warts and Diabetic Limb Salvage

UCLA: BS Biochemistry Cum Laude
San Francisco: Podiatric Medical School
VA WEST LA: Surgical /Trauma Residency Foot/Ankle

**847-310-1600**

St Alexius Medical Center
1555 Barrington Rd, Building 1, Suite 235 (2nd floor) • Hoffman Estates, IL 60169

**ਚੋਣ ਚਰਚਾ**

ਤਰਲੋਚਨ ਸਿੰਘ ਭੱਟੀ
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607



# ਚੋਣ ਉਮੀਦਵਾਰਾਂ ਦੇ ਹਲਫ਼ਨਾਮੇ ਘੋਖੇ ਜਾਣੇ ਜ਼ਰੂਰੀ

18ਵੀਂ ਲੋਕ ਸਭਾ ਲਈ 7 ਗੇੜਾਂ ਵਿੱਚ ਹੋ ਰਹੀਆਂ ਚੋਣਾਂ ਵਿੱਚ ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਕੁੱਲ 18605 (ਪੰਜਾਬ 598) ਉਮੀਦਵਾਰ ਨੇ ਨਾਮਜ਼ਦਗੀ ਦੇ ਨਾਲ ਹਲਫ਼ਨਾਮੇ ਵੀ ਦਿਤੇ ਹਨ, ਜੋ ਚੋਣ ਕਮਿਸ਼ਨ ਦੇ ਹਲਫ਼ਨਾਮਾ ਪੋਰਟਲ ਉਤੇ ਉਪੱਲਬਧ ਹਨ। ਲੋੜ ਹੈ, ਭਾਰਤ ਦੇ ਵੋਟਰ ਵੋਟ ਅਧਿਕਾਰ ਦਾ ਇਸਤੇਮਾਲ ਕਰਨ ਤੋ ਪਹਿਲਾਂ ਆਪਣੇ ਸੰਸਦੀ ਹਲਕਿਆਂ ਵਿੱਚ ਚੋਣਾਂ ਲੜ ਰਹੇ ਉਮੀਦਵਾਰਾਂ ਦੇ ਹਲਫਨਾਮਿਆਂ ਨੂੰ ਜਰੂਰ ਘੋਖਣ। ਉਮੀਦਵਾਰਾਂ ਦੇ ਹਲਫ਼ਨਾਮੇ ਉਨ੍ਹਾਂ ਦੇ ਪਿਛੋਕੜ ਅਤੇ ਛਵੀ ਬਾਰੇ ਬਹੁਤ ਕੁੱਝ ਦਸ ਸਕਦੇ ਹਨ। ਲੋੜ ਹੈ ਵੋਟਰਾਂ ਨੂੰ ਜਾਗਰੂਕ ਕਰਨ ਲਈ ਚੋਣ ਲੜ ਰਹੇ ਉਮੀਦਵਾਰਾਂ ਦੇ ਹਲਫ਼ਨਾਮਿਆਂ ਵਿੱਚ ਦਿੱਤੀ ਜਾਣਕਾਰੀ ਦਾ ਸੰਖੇਪ ਹਰੇਕ ਪੋਲਿੰਗ ਬੂਥ ਵਿਖੇ ਚੋਣ ਕਮਿਸ਼ਨ ਵੱਲੋਂ ਡਿਸਪਲੇਅ ਕੀਤਾ ਜਾਵੇ।

ਜ਼ਿਕਰਯੋਗ ਹੈ ਕਿ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਲਈ ਚੋਣ ਲੜ ਰਹੇ ਉਮੀਦਵਾਰਾਂ ਵੱਲੋਂ ਆਪਣੇ ਨਾਮਜ਼ਦਗੀ ਪੇਪਰਾਂ ਦੇ ਨਾਲ ਤਸਦੀਕਸ਼ੁਦਾ ਹਲਫ਼ੀਆ ਬਿਆਨ (ਫਾਰਮ ਨੰਬਰ 26) ਵੀ ਸਬੰਧਤ ਰਿਟਰਨਿੰਗ ਅਫ਼ਸਰ ਦੇ ਰੂਬਰੂ ਪੇਸ਼ ਕੀਤਾ ਜਾਂਦਾ ਹੈ। ਇਹ ਹਲਫ਼ੀਆ ਬਿਆਨ ਸੁਪਰੀਮ ਕੋਰਟ ਦੇ ਆਦੇਸ਼ਾਂ ਅਨੁਸਾਰ ਹਰੇਕ ਉਮੀਦਵਾਰ ਲਈ ਆਪਣੇ ਵਿਰੁੱਧ ਚਲ ਰਹੇ ਅਪਰਾਧਿਕ ਕੇਸਾਂ, ਅਚੱਲ ਤੇ ਚੱਲ ਜਾਇਦਾਦ ਦੇ ਵੇਰਵੇ, ਵਿਦਿਅਕ ਯੋਗਤਾ ਆਦਿ ਸਬੰਧੀ ਦੇਣ ਲਾਜ਼ਮੀ ਹੈ। ਚੋਣ ਕਮਿਸ਼ਨ ਵੱਲੋਂ ਆਪਣੀ ਵੈਬ ਸਾਈਟ 'ਤੇ ਉਮੀਦਵਾਰਾਂ ਦਾ 'ਐਫੀਡੇਵਿਟ ਪੋਰਟਲ' (ਇਨਕੋਰ) ਉਪਲਬੱਧ ਕਰਵਾਇਆ ਗਿਆ ਹੈ, ਜੋ ਲੋਕਾਂ ਨੂੰ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਦੀ ਪੂਰੀ ਸੂਚੀ ਦੇਖਣ ਦੀ ਇਜਾਜ਼ਤ ਦਿੰਦਾ ਹੈ। ਉਮੀਦਵਾਰਾਂ ਦੀਆਂ ਨਾਮਜ਼ਦਗੀ ਵੇਰਵਿਆਂ ਨੂੰ ਜਦੋਂ ਸਬੰਧਤ ਰਿਟਰਨਿੰਗ ਅਫ਼ਸਰ ਚੋਣ ਕਮਿਸ਼ਨ ਦੀ ਪੋਰਟਲ ਉਤੇ ਅਪਲੋਡ ਕਰਦਾ ਹੈ ਤਾਂ ਉਮੀਦਵਾਰ ਦੀ ਫੋਟੋ ਅਤੇ ਹਲਫੀਆ ਬਿਆਨ ਦੇ ਨਾਲ ਉਮੀਦਵਾਰ ਦੀ ਪੂਰੀ ਪ੍ਰੋਫਾਈਲ ਚੋਣ ਕਮਿਸ਼ਨ ਦੀ ਵੈਬ ਸਾਈਟ ਉਤੇ ਅਪਲੋਡ ਹੁੰਦੇ ਹੀ ਜਨਤਕ ਹੋ ਜਾਂਦੀ ਹੈ, ਜਿਸ ਨੂੰ ਕੋਈ ਵੀ ਵੇਖ ਤੇ ਵੇਰਵੇ ਡਾਊਨਲੋਡ ਕਰ ਸਕਦਾ ਹੈ।

ਉਮੀਦਵਾਰ 'ਐਫੀਡੇਵਿਟ ਪੋਰਟਲ' ਦੀ ਕੀਤੀ ਗਈ ਮੌਜੂਦਾ ਵਿਵਸਥਾ ਤੋਂ ਪਹਿਲਾਂ ਸਬੰਧਤ ਰਿਟਰਨਿੰਗ ਅਫ਼ਸਰਾਂ ਵੱਲੋਂ ਉਮੀਦਵਾਰਾਂ ਦੇ ਹਲਫ਼ਨਾਮੇ ਵੱਖਰੇ ਤੌਰ 'ਤੇ ਅਪਲੋਡ ਕੀਤੇ ਜਾਂਦੇ ਸਨ, ਜਿਸ ਕਾਰਨ ਹਲਫਨਾਮੇ ਅਤੇ ਉਮੀਦਵਾਰਾਂ ਦੀ ਪ੍ਰੋਫਾਈਲ ਵਿਚਾਲੇ ਕੋਈ ਲਿੰਕ ਨਹੀਂ ਸੀ ਬਣਦਾ। ਇਨਕੋਰ 'ਚ ਐਫੀਡੇਵਿਟ ਪੋਰਟਲ ਦੇ ਏਕੀਕਰਨ ਦੇ ਨਾਲ ਪ੍ਰਕ੍ਰਿਆ ਨੂੰ ਸਰਲ ਬਣਾਇਆ ਗਿਆ ਹੈ ਤੇ ਗਲਤੀਆਂ ਵੀ ਘਟੀਆਂ ਹਨ। ਇਹ ਪੋਰਟਲ 10 ਮਾਰਚ 2019 ਨੂੰ ਲਾਂਚ ਕੀਤਾ ਗਿਆ ਸੀ। ਚੋਣ ਕਮਿਸ਼ਨ ਵੱਲੋਂ ਪੋਰਟਲ ਤੱਕ ਪਹੁੰਚ ਕਰਨ ਲਈ ਲਿੰਕ ਦਿੱਤਾ ਗਿਆ ਹੈ। ਇਸਦੇ ਨਾਲ ਹੀ ਸੰਸਦ ਅਤੇ ਵਿਧਾਨ ਸਭਾਵਾਂ ਦੀਆਂ 2019 ਅਤੇ ਉਸ ਤੋਂ ਪਹਿਲੀਆਂ ਵਾਲੀਆਂ ਚੋਣਾਂ ਵਿੱਚ ਚੋਣ ਵਾਲੇ ਉਮੀਦਵਾਰਾਂ ਦੇ ਹਲਫ਼ਨਾਮੇ ਵੀ ਵੇਖੇ ਜਾ ਸਕਦੇ ਹਨ, ਜਿਨ੍ਹਾਂ ਤੱਕ ਪਹੁੰਚਣ ਲਈ ਲਿੰਕ ਵੀ ਚੋਣ ਕਮਿਸ਼ਨ ਵੱਲੋਂ ਲਿੰਕ ਦਿੱਤਾ ਗਿਆ ਹੈ। ਇਸ ਲਿੰਕ ਰਾਹੀਂ ਸਬੰਧਤ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ 2004 ਤੋਂ 2019 ਦੌਰਾਨ ਅਤੇ ਲੋਕ ਸਭਾ ਦੀਆਂ ਜਨਰਲ ਚੋਣਾਂ 2014 ਤੋਂ 2019 ਤੱਕ ਚੋਣ ਲੜਨ ਵਾਲੇ ਉਮੀਦਵਾਰਾਂ ਦੇ ਹਲਫ਼ੀਆਂ ਬਿਆਨ ਵੇਖੇ ਜਾ ਸਕਦੇ ਹਨ। ਤਸਦੀਕਸ਼ੁਦਾ ਹਲਫ਼ੀਆ ਬਿਆਨ ਭਾਗ (ੲ) ਵਿੱਚ ਉਮੀਦਵਾਰ ਦੇ ਨਿਜੀ ਵੇਰਵੇ (ਨਾਮ ਵਾਲੰਟੀਅਰ, ਉਮਰ, ਘਰੇਲੂ ਪਤਾ, ਇੱਕ ਸਿਆਸੀ ਪਾਰਟੀ ਵੱਲੋਂ ਜਾਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਿਹਾ ਉਮੀਦਵਾਰ, ਬਤੌਰ ਵੋਟਰ ਦੇ ਵੇਰਵੇ, ਪੈਨ ਕਾਰਡ ਅਤੇ ਪਿਛਲੇ ਪੰਜ ਸਾਲਾਂ ਦੌਰਾਨ ਆਪਣੇ ਵੱਲੋਂ ਅਤੇ ਆਪਣੇ ਪਰਿਵਾਰਕ ਮੈਂਬਰਾਂ ਵੱਲੋਂ ਇਨਕਮ ਟੈਕਸ ਸਬੰਧੀ ਭਰੀਆਂ ਗਈਆਂ ਰਿਟਰਨਾਂ ਦੇ ਵੇਰਵੇ, ਉਮੀਦਵਾਰ ਵਿਰੁੱਧ ਅਦਾਲਤ ਵਿੱਚ ਚੱਲ ਰਹੇ ਅਪਰਾਧਿਕ ਮਾਮਲੇ ਅਤੇ ਲੰਬਤ ਐਫ.ਆਈ.ਆਰ. ਦੇ ਵੇਰਵੇ, ਅਚੱਲ ਤੇ ਚਲ ਜਾਇਦਾਦ ਦੇ ਵੇਰਵੇ, ਆਮਦਨ ਦੇ ਸਰੋਤ, ਦੇਣਦਾਰੀਆਂ, ਆਪਣਾ ਤੇ ਆਪਣੀ ਪਤੀ-ਪਤਨੀ ਦੇ ਭਾਗ (ਬੀ) ਵਿੱਚ ਅਚੱਲ ਤੇ ਜਾਇਦਾਦ ਦੀ ਸੰਖੇਪ ਸਾਰਨੀ। ਹਲਫ਼ਨਾਮਾ ਓਥ ਕਮਿਸ਼ਨਰ, ਪਹਿਲੇ ਦਰਜੇ ਦਾ ਮੈਜਿਸਟਰੇਟ ਜਾਂ ਨੋਟਰੀ ਪਬਲਿਕ ਵੱਲੋਂ ਮਿਤੀਬੱਧ ਤਸਦੀਕ ਹੋਣਾ ਲਾਜ਼ਮੀ ਹੈ। ਹਲਫ਼ਨਾਮੇ ਦੇ ਹਰ ਪੰਨੇ ਉਤੇ ਉਮੀਦਵਾਰ ਦੇ ਦਸਤਖਤ/ਨਿਸ਼ਾਨ ਅੰਗੂਠਾ ਅਤੇ ਤਸਦੀਕ ਕਰਨ ਵਾਲੇ ਅਧਿਕਾਰੀ ਦੀ ਸਟੈਂਪ ਲੱਗਣੀ ਜਰੂਰੀ ਹੈ। ਇਹ ਹਲਫ਼ੀਆ ਬਿਆਨ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਆਖਰੀ ਮਿਤੀ ਤੱਕ ਸਬੰਧਤ ਰਿਟਰਨਿੰਗ ਅਫ਼ਸਰ ਪਾਸ ਪੁਜਣਾ ਲਾਜ਼ਮੀ ਹੈ ਤਾਂ ਕਿ ਉਸਨੂੰ ਚੋਣ ਕਮਿਸ਼ਨ ਦੇ ਹਲਫ਼ੀਆ ਬਿਆਨ ਪੋਰਟਲ ਉਤੇ ਲੋਕਾਂ ਦੀ ਜਾਣਕਾਰੀ ਲਈ ਅਪਲੋਡ ਕੀਤਾ ਜਾ ਸਕੇ। ਇਹ ਵੀ ਲਾਜ਼ਮੀ ਹੈ ਕਿ ਹਲਫ਼ੀਆ ਬਿਆਨ ਪੜਨਯੋਗ ਹੋਵੇ ਤੇ ਉਸਦਾ ਕੋਈ ਕਾਲਮ ਖਾਲੀ ਨਾ ਹੋਵੇ।

ਚੋਣਾਂ ਲੜ ਰਹੇ ਉਮੀਦਵਾਰਾਂ ਵੱਲੋਂ ਆਪਣੇ ਨਾਮਜ਼ਦਗੀਆਂ ਭਰਨ ਸਮੇਂ ਦਿੱਤੇ ਜਾਂਦੇ ਤਸਦੀਕਸ਼ੁਦਾ ਹਲਫ਼ੀਆ ਬਿਆਨ (ਫਾਰਮ 26) ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫ਼ਾਰਮਜ਼ ਵੱਲੋਂ ਘੋਖਿਆ ਗਿਆ ਹੈ। ਇਸ ਸਬੰਧੀ ਉਨ੍ਹਾਂ ਵੱਲੋਂ ਅਗਸਤ 2023 ਵਿੱਚ ਜਾਰੀ ਰਿਪੋਰਟ ਅਨੁਸਾਰ 28 ਰਾਜਾਂ ਅਤੇ 2 ਯੂ.ਟੀਜ਼ ਦੀਆਂ ਵਿਧਾਨ ਸਭਾਵਾਂ ਦੇ ਮੌਜੂਦਾ 4033 ਮੈਂਬਰਾਂ ਵਿੱਚੋਂ 4001 ਮੈਂਬਰਾਂ ਦੇ ਹਲਫਨਾਮੇ ਦੀ ਪੜਤਾਲ ਤੋਂ ਪਾਇਆ ਗਿਆ ਕਿ ਮੌਜੂਦਾ ਵਿਧਾਨ ਸਭਾਵਾਂ ਦੇ ਮੈਂਬਰਾਂ ਦੀ ਔਸਤਨ ਜਾਇਦਾਦ 13.63 ਕਰੋੜ ਹੈ, ਜਦਕਿ ਸਭ ਦੀ ਰਲਵੀਂ ਜਾਇਦਾਦ 54,545 ਕਰੋੜ ਹੈ, ਜਿਸ ਵਿੱਚ ਪੰਜਾਬ ਦੇ 117 ਮੈਂਬਰਾਂ ਦੀ ਕੁੱਲ ਜਾਇਦਾਦ 1222 ਕਰੋੜ ਵੀ ਸ਼ਾਮਲ ਹੈ। ਇਨ੍ਹਾਂ ਸਾਰੇ 4001 ਮੈਂਬਰਾਂ ਵਿੱਚੋਂ 86 ਅਰਬਪਤੀ ਹਨ, ਜਿਸ ਵਿੱਚ ਪੰਜਾਬ ਦੇ 24 ਮੈਂਬਰ ਸ਼ਾਮਲ ਹਨ। ਪੰਜਾਬ ਦੇ 2 ਵਿਧਾਇਕ ਐਸੇ ਹਨ, ਜਿਨ੍ਹਾਂ ਦੀ ਕੁੱਲ ਜਾਇਦਾਦ 15 ਤੋਂ 24 ਹਜ਼ਾਰ ਦੇ ਵਿਚਾਲੇ ਹੈ। ਲੋਕ ਸਭਾ ਦੇ 538 ਅਤੇ ਰਾਜ ਸਭਾ ਦੇ 232 ਮੈਂਬਰਾਂ ਦੀ ਔਸਤਨ ਜਾਇਦਾਦ 38.33 ਕਰੋੜ ਹੈ।

ਹਲਫ਼ਨਾਮਿਆਂ ਰਾਹੀਂ ਚੋਣ ਲੜਨ ਵਾਲਿਆਂ ਵੱਲੋਂ ਆਪਣੀ ਚੱਲ ਤੇ ਅਚੱਲ ਜਾਇਦਾਦ, ਵਿੱਤੀ ਤੇ ਪੇਸ਼ੇਵਰ ਆਮਦਨ ਸਰੋਤਾਂ ਅਤੇ ਦੇਣਦਾਰੀਆਂ ਦੇ ਨਾਲ ਨਾਲ ਉਨ੍ਹਾਂ ਵਿਰੁੱਧ ਚਲ ਰਹੇ ਅਪਰਾਧਿਕ ਮਾਮਲ਼ਿਆਂ ਅਤੇ ਐਫ.ਆਈ.ਆਰ. ਦੇ ਵੇਰਵੇ ਜਨਤਕ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਏ.ਡੀ.ਆਰ. ਅਤੇ ਨੈਸ਼ਨਲ ਇਲੈਕਸ਼ਨ ਵਾਚ ਦੀ 12 ਸਤੰਬਰ 2023 ਦੀ ਪ੍ਰੈਸ ਰਿਪੋਰਟ ਅਨੁਸਾਰ ਲੋਕ ਸਭਾ ਅਤੇ ਰਾਜ ਸਭਾ ਦੇ ਮੌਜੂਦਾ ਕੁੱਲ 776 ਮੈਂਬਰਾਂ ਵਿੱਚੋ 763 ਮੈਂਬਰਾਂ ਨਾਲ ਸਬੰਧਤ ਜਾਰੀ ਅੰਕੜਿਆਂ ਅਨੁਸਾਰ ਲੋਕ ਸਭਾ ਦੇ 538 ਅਤੇ ਰਾਜ ਸਭਾ ਦੇ 232 ਮੈਂਬਰਾਂ ਦੇ ਹਲਫ਼ਨਾਮਿਆਂ ਦੀ ਪੜਤਾਲ ਅਨੁਸਾਰ ਲੋਕ ਸਭਾ ਦੇ 532 ਮੈਂਬਰਾਂ ਵਿੱਚੋਂ 232 ਵਿਰੁੱਧ ਅਪਰਾਧਿਕ ਮਾਮਲੇ ਅਤੇ 154 ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਅਦਾਲਤਾਂ ਵਿੱਚ ਲੰਬਤ ਹਨ। ਇਸੇ ਤਰ੍ਹਾਂ ਰਾਜ ਸਭਾ ਦੇ 225 ਮੈਂਬਰਾਂ ਵਿੱਚੋਂ 74 ਵਿਰੁੱਧ ਅਪਰਾਧਿਕ ਅਤੇ 40 ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਅਦਾਲਤਾਂ ਵਿੱਚ ਹਨ।

ਰਾਸ਼ਟਰੀ ਤੇ ਖੇਤਰੀ ਪੱਧਰੀ ਰਾਜਨੀਤਿਕ ਪਾਰਟੀਆਂ ਨਾਲੋਂ ਗੈਰ-ਮਾਨਤਾ ਪ੍ਰਾਪਤ ਰਜਿਸਟਰਡ ਪਾਰਟੀਆਂ ਦੇ ਚੋਣ ਲੜ ਰਹੇ ਲਗਭਗ 100% ਉਮੀਦਵਾਰਾਂ ਵਿਰੁੱਧ ਅਪਰਾਧਿਕ ਮਾਮਲੇ ਚਲ ਰਹੇ ਹਨ। ਕੁੱਲ 278 ਉਮੀਦਵਾਰਾਂ ਵਿੱਚੋਂ 67 (24%) ਦੀ ਜਾਇਦਾਦ ਇੱਕ ਕਰੋੜ ਰੁਪਏ ਤੋਂ ਵਧੇਰੇ ਹੈ, ਜਦਕਿ 123 ਆਜ਼ਾਦ ਉਮੀਦਵਾਰਾਂ ਵਿੱਚੋਂ 14 (11%) ਕਰੋੜਪਤੀ ਹਨ। ਰਾਸ਼ਟਰੀ ਤੇ ਖੇਤਰੀ ਰਾਜਨੀਤਿਕ ਪਾਰਟੀਆਂ ਦੇ ਲਗਭਗ ਸਾਰੇ ਉਮੀਦਵਾਰ ਕਰੋੜਪਤੀ ਸਨ। 278 ਉਮੀਦਵਾਰਾਂ ਦੀ ਔਸਤਨ ਜਾਇਦਾਦ 5.06 ਕਰੋੜ ਹੈ, ਜਦਕਿ 123 ਆਜ਼ਾਦ ਉਮੀਦਵਾਰਾਂ ਦੀ ਔਸਤਨ ਜਾਇਦਾਦ 44 ਲੱਖ ਰੁਪਏ ਹੈ। 278 ਉਮੀਦਵਾਰਾਂ ਵਿੱਚੋਂ 10 ਉਮੀਦਵਾਰ ਅਜਿਹੇ ਹਨ, ਜਿਨ੍ਹਾਂ ਨੇ ਸਾਲ 2014 ਵਿੱਚ ਵੀ ਔਸਤਨ ਜਾਇਦਾਦ 18.36 ਕਰੋੜ ਜਦਕਿ 2019 'ਚ 29.09 ਕਰੋੜ ਸੀ। ਉਮੀਦਵਾਰਾਂ ਦੀ ਆਮਦਨ ਦੇ ਮੁੱਖ ਸਰੋਤ ਹਲਫ਼ਨਾਮਿਆਂ ਅਨੁਸਾਰ ਤਨਖਾਹ, ਪੈਨਸ਼ਨ, ਜਾਇਦਾਦਾਂ ਤੋਂ ਮਿਲਦਾ ਕਰਾਇਆ, ਬੈਕਾਂ ਵਿੱਚ ਜਮ੍ਹਾਂ ਰਾਸ਼ੀ ਤੋਂ ਵਿਆਜ, ਖੇਤੀਬਾੜੀ ਅਤੇ ਵਪਾਰ ਤੋਂ ਆਮਦਨ ਹੈ। ਉਮੀਦਵਾਰਾਂ ਦੇ ਹਲਫ਼ਨਾਮਿਆਂ 'ਚ ਦਿੱਤੀ ਜਾਣਕਾਰੀ ਜਨਤਕ ਹੋਣ 'ਤੇ ਪਤਾ ਲੱਗਦਾ ਹੈ ਕਿ ਸੰਸਦ ਦੀਆਂ 2009, 2014 ਅਤੇ 2019 ਦੀਆਂ ਚੋਣਾਂ ਸਮੇਂ ਉਮੀਦਵਾਰਾਂ ਦੀ ਔਸਤਨ ਜਾਇਦਾਦ 6.15 ਕਰੋੜ (2009), 16.23 ਕਰੋੜ (2014) ਅਤੇ 23.75 ਕਰੋੜ (2019) ਸੀ। ਸੰਨ 2009 ਤੋ 2019 ਦੌਰਾਨ ਮੈਂਬਰਾਂ ਦੀਆਂ ਜਾਇਦਾਦਾਂ ਵਿੱਚ ਔਸਤਨ 17.50 ਕਰੋੜ ਦਾ ਵਾਧਾ ਹੋਇਆ ਹੈ। ਤ੍ਰਾਸਦੀ ਹੈ ਕਿ ਚੋਣਾਂ ਪਿੱਛੋਂ ਕਰੋੜਪਤੀਆਂ ਅਤੇ ਅਪਰਾਧੀਆਂ ਦਾ ਸੰਸਦ ਵਿੱਚ ਪਰਵੇਸ਼ ਵੱਧਦਾ ਜਾ ਰਿਹਾ ਹੈ। ਅਜਿਹਾ ਰੁਝਾਨ ਲੋਕਤੰਤਰ ਦੀ ਆਤਮਾ ਦੇ ਅਨੁਕੂਲ ਨਹੀਂ ਹੈ।

# ਕਿਸ ਪਾਸੇ ਵੱਲ ਤੁਰ ਰਿਹਾ ਕਿਸਾਨਾਂ ਦਾ ਭਾਜਪਾ ਵਿਰੋਧ?

ਚੁੱਕੇ ਹਨ, ਪੰਜਾਬ ਦੇ ਕਿਸਾਨਾਂ ਦੀਆਂ ਵੋਟਾਂ ਦਾ ਬਦਲ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਦਲਿੱਤਾਂ ਅਤੇ ਹੋਰ ਪਛੜੇ ਵਰਗਾਂ ਵਿੱਚ ਵੇਖਣ ਲੱਗੀ ਹੈ। ਦਿੱਲੀ ਵਾਲੇ ਕਿਸਾਨ ਅੰਦੋਲਨ ਨੇ ਪੰਜਾਬ ਦੀਆਂ ਵੱਖ-ਵੱਖ ਜਾਤੀਆਂ ਦਾ ਕਿਸਾਨਾਂ ਨਾਲ ਇੱਕ ਤਰ੍ਹਾਂ ਦਾ ਸਦਭਾਵਨਾ ਪੂਰਨ ਅਤੇ ਸਾਂਝੀਵਾਲਤਾ ਵਾਲਾ ਸਮਾਜਕ ਅਤੇ ਸਭਿਆਚਾਰਕ ਮਾਹੌਲ ਸਿਰਜਣ ਦਾ ਯਤਨ ਕੀਤਾ ਸੀ; ਪਰ ਕਿਸਾਨ ਸੰਗਠਨਾਂ ਦੀ ਆਪਸੀ ਫੁੱਟ ਉਪਰੋਕਤ ਅੰਦੋਲਨ ਦੇ ਪ੍ਰਭਾਵ ਨੂੰ ਅੱਗੇ ਨਹੀਂ ਤੋਰ ਸਕੀ। ਪੰਜਾਬ ਦੇ ਕਿਸਾਨਾਂ ਅਤੇ ਪੇਂਡੂ ਮਜ਼ਦੂਰਾਂ ਵਿੱਚ ਗੈਰ-ਦੁਸ਼ਮਣਾਨਾ ਵਿਰੋਧ ਨੂੰ ਟਕਰਾਵੇਂ ਵਿਰੋਧ ਵਿੱਚ ਪਲਟਣ ਲਈ ਯਤਨ ਵੀ ਆਉਣ ਵਾਲੇ ਦਿਨਾਂ ਵਿੱਚ ਵੇਖਣ ਨੂੰ ਮਿਲ ਸਕਦੇ ਹਨ। ਇਸ ਪੱਖ ਤੋਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਅਤੇ ਵੱਖ-ਵੱਖ ਅਕਾਲੀ ਦਲਾਂ ਦੀ ਲੀਡਰਸ਼ਿੱਪ ਨੂੰ ਬੇਹੱਦ ਸੁਚੇਤ ਰਹਿਣ ਅਤੇ ਇਸ ਦਾ ਵਿਰੋਧ ਕਰਨ ਦੀ ਲੋੜ ਹੈ। ਪੰਜਾਬ ਦੀ ਕਾਂਗਰਸ ਪਾਰਟੀ ਅਤੇ ਹਾਕਮ ਧਿਰ ਆਮ ਆਦਮੀ ਪਾਰਟੀ ਨੂੰ ਵੀ ਪੰਜਾਬ ਦੇ ਵੱਖ-ਵੱਖ ਤਬਕਿਆਂ ਵਿਚਕਾਰ ਦੁਫੇੜ ਖੜ੍ਹੀ ਕਰਨ ਵਾਲੀ ਸਿਆਸਤ ਨੂੰ ਤੇਜ਼ੀ ਨਾਲ ਬੇਪਰਦ ਕਰਨ ਅਤੇ ਨੱਪਣ ਦੀ ਲੋੜ ਹੈ।

ਜਿਸ ਕਿਸਮ ਦਾ ਜਾਤੀ ਵਿਰੋਧ ਅਤੇ ਕਲੇਸ਼ ਭਾਰਤ ਦੇ ਦੂਜੇ ਰਾਜਾਂ ਵਿੱਚ ਹੈ, ਉਸ ਕਿਸਮ ਦਾ ਪੰਜਾਬ ਵਿੱਚ ਸਾਨੂੰ ਕਿਧਰੇ ਵਿਖਾਈ ਨਹੀਂ ਦਿੰਦਾ। ਇਸ ਵਿੱਚ ਆਰੀਆ ਸਮਾਜ ਅਤੇ ਸਿੰਘ ਸਭਾ ਲਹਿਰ ਤੋਂ ਲੈ ਕੇ ਖੱਬੇ ਪੱਖੀਆਂ ਤੱਕ, ਸਭ ਦਾ ਇੱਕ ਸਾਰਥਕ ਰੋਲ ਹੈ। ਸਿੱਖ ਲਹਿਰ ਨੇ ਸਮੁੱਚੇ ਤੌਰ 'ਤੇ ਆਪਣੇ ਇਤਿਹਾਸ ਵਿੱਚ ਜਾਤਪਾਤ ਨੂੰ ਕਮਜ਼ੋਰ ਕਰਨ ਦੇ ਮਾਮਲੇ ਵਿੱਚ ਵੱਡੀ ਭੂਮਿਕਾ ਨਿਭਾਈ। ਆਜ਼ਾਦੀ ਤੋਂ ਪਿਛੋਂ ਖੱਬੇ ਪੱਖੀਆਂ, ਆਰਥਿਕਤਾ ਦੇ ਆਧੁਨਕੀਕਰਨ ਨੇ ਹੀ ਇਸ ਨੂੰ ਕਿਸੇ ਹੱਦ ਤੱਕ ਸੱਟ ਮਾਰੀ। ਮਨੁੱਖੀ ਮਨ ਦਾ ਇੱਕ ਨਾਂਹ-ਮੁਖੀ ਪਾਸਾ ਇਹ ਹੈ ਕਿ ਆਪਣੇ ਜਾਤੀ ਅਤੇ ਸਮਾਜਕ-ਸਭਿਆਚਾਰਕ ਵਿਕਾਸ ਨੂੰ ਉਪਰ ਚੁੱਕਣ ਲਈ ਇਸ ਨੂੰ ਪੂਰੀ ਤਾਕਤ ਲਗਾਉਣੀ ਪੈਂਦੀ ਹੈ, ਪਰ ਨਿਵਾਣਾ ਵੱਲ ਇਹ ਆਪਣੇ ਆਪ ਹੋ ਤੁਰਦਾ ਹੈ, ਹਕੂਮਤਾਂ ਅਤੇ ਹੋਰ ਪ੍ਰਭਾਵਸ਼ੀਲ ਤਬਕਿਆਂ ਦੇ ਕੁਝ ਇਸ਼ਾਰੇ ਮਾਤਰ ਹੀ ਕਾਫੀ ਹੁੰਦੇ ਹਨ।

ਫਿਰਕੂ ਅਤੇ ਜਾਤੀ ਟਕਰਾਵਾਂ ਤੋਂ ਪੰਜਾਬ ਦਾ ਜਨ ਮਾਨਸ ਹਾਲੇ ਤੱਕ ਬਚਦਾ ਆਇਆ ਹੈ। ਇੱਥੋਂ ਤੱਕ ਕਿ 84ਵਿਆਂ ਦੇ ਭਿਆਨਕ ਦੌਰ ਵਿੱਚ ਵੀ ਪੰਜਾਬ ਦੇ ਵੱਖ-ਵੱਖ ਤਬਕਿਆਂ ਦੇ ਲੋਕਾਂ ਵਿਚਕਾਰ ਆਪਮੁਹਾਰੇ ਜਾਤੀ/ਮਜ਼ਬੀ ਟਕਰਾਅ ਨਹੀਂ ਹੋਏ। ਇਸ ਦੇ ਕਾਰਨ ਵੀ ਸ਼ਾਇਦ ਇਹੋ ਹਨ ਕਿ ਪੰਜਾਬੀ ਸਮਾਜ ਦਾ ਅਚੇਤ ਮਨ ਲਗਾਤਾਰ ਆਪਣੇ ਇਤਿਹਾਸ ਅਤੇ ਗੁਰਬਾਣੀ ਤੋਂ ਸੇਧ ਲੈਂਦਾ ਆ ਰਿਹਾ ਹੈ, ਭਾਵੇਂ ਕਿ ਇਸ ਕਿਸਮ ਦਾ ਟਕਰਾਅ ਸਿਰਜਣ ਦੇ ਸੁਚੇਤ ਯਤਨ ਬਹੁਤ ਹੋਏ ਹਨ। ਨਵੀਂ ਰਾਜਨੀਤਿਕ ਲੋੜ ਅਤੇ ਭਾਜਪਾ ਦੀ ਆਪਣੀ ਸਿਆਸਤ ਲਈ ਪੰਜਾਬ ਵਿੱਚੋਂ ਤਬਕੇ ਲੱਭਣ ਦਾ ਯਤਨ ਅਤੇ ਕਿਸਾਨਾਂ ਵੱਲੋਂ ਇਸ ਦਾ ਵਿਰੋਧ ਸਾਰੀ ਸਥਿਤੀ ਨੂੰ ਉਪਰੋਕਤ ਟਕਰਾਵਾਂ ਵੱਲ ਵੀ ਧੱਕ ਸਕਦਾ ਹੈ। ਇਸ ਸਥਿਤੀ ਤੋਂ ਪੰਜਾਬ ਸਰਕਾਰ, ਕਿਸਾਨ ਲੀਡਰਸ਼ਿਪ ਅਤੇ ਖੁਦ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੂੰ ਵੀ ਸੁਚੇਤ ਰਹਿਣਾ ਚਾਹੀਦਾ ਹੈ। ਉਨ੍ਹਾਂ ਦਾ ਪੰਜਾਬ ਦੇ ਦਲਿਤ ਤਬਕਿਆਂ ਅਤੇ ਸ਼ਹਿਰੀ ਹਿੰਦੂ ਤਬਕੇ ਨੂੰ ਇੱਕ-ਦੂਜੇ ਨਾਲ ਜੋੜ ਕੇ ਇੱਕ ਸਿਆਸੀ ਗੱਠਜੋੜ ਖੜ੍ਹਾ ਕਰਨ ਦਾ ਮਕਸਦ ਇੱਕ ਵਕਤੀ ਸਿਆਸੀ ਲਾਹਾ ਜ਼ਰੂਰ ਦੇ ਸਕਦਾ ਹੈ, ਪਰ ਇਹ ਪੰਜਾਬ ਦੇ ਸਮਾਜਕ ਤਾਣੇ-ਬਾਣੇ ਵਿੱਚ ਨਾ ਹੱਲ ਹੋਣ ਵਾਲੀਆਂ ਗੁੰਝਲਾਂ ਵੀ ਪਾ ਸਕਦਾ ਹੈ। ਇਸ ਨਾਲ ਕਿਸਾਨਾਂ ਅਤੇ ਸਿੱਖ ਭਾਈਚਾਰੇ ਦੀ ਅਲੱਗ-ਥਲੱਗਤਾ ਇਕਮਿਕ ਹੋ ਜਾਵੇਗੀ। ਮੁੜ ਕੇ ਇਸ ਨੂੰ ਰਿਵਰਸ ਕਰਨਾ ਵੀ ਸ਼ਾਇਦ ਸੰਭਵ ਨਾ ਹੋਵੇ।

Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group

CALL FOR A FREE QUOTE: Auto • Home • Condo • Life
Bicky Sarkaria
847-465-1484
KSARKARIA@allstate.com
482 N. Milwaukee #3
Wheeling, IL
15700 103rd St #250
Lemont, IL
Building a stronger community together
Allstate®
You're In Good Hands With Allstate
*ਕਾਰਾਂ ਤੇ ਘਰਾਂ ਦੀ ਇੰਸ਼ੋਰੈਂਸ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ *ਅਸੀਂ ਜੀਵਨ ਬੀਮਾ ਵੀ ਕਰਦੇ ਹਾਂ

# 'ਰੰਗਲਾ ਪੰਜਾਬ ਫੌਕਸ ਵੈਲੀ' ਵੱਲੋਂ ਵਿਸਾਖੀ ਨੂੰ ਸਮਰਪਿਤ ਸਮਾਗਮ

## *ਐਪਲਟਨ ਵਿੱਚ ਲੱਗੀਆਂ ਰੌਣਕਾਂ* *ਬੱਚਿਆਂ ਵੱਲੋਂ ਪੰਜਾਬੀ ਗੀਤ-ਸੰਗੀਤ ਅਤੇ ਲੋਕ ਨਾਚ ਪੇਸ਼*




**ਐਪਲਟਨ, ਵਿਸਕਾਨਸਿਨ (ਗੁਰਲੀਨ ਕੌਰ):** ਬੀਤੇ ਦਿਨ ਐਪਲਟਨ ਦੇ 'ਰੰਗਲਾ ਪੰਜਾਬ ਫੌਕਸ ਵੈਲੀ' ਗਰੁੱਪ ਵੱਲੋਂ ਵਿਸਾਖੀ ਦੇ ਮੌਕੇ ਨੂੰ ਮੁੱਖ ਰੱਖਦਿਆਂ ਇੱਕ ਸੱਭਿਆਚਾਰਕ ਪ੍ਰੋਗਰਾਮ ਅੰਮ੍ਰਿਤਪਾਲ ਸਿੰਘ ਗਿੱਲ ਦੀ ਅਗਵਾਈ ਵਿੱਚ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਵੱਲੋਂ ਪੰਜਾਬੀ ਗੀਤ-ਸੰਗੀਤ ਅਤੇ ਲੋਕ ਨਾਚ ਪੇਸ਼ ਕੀਤੇ ਗਏ। ਸਰਗੁਨ, ਸਮਰਦੀਪ, ਮਨਮੀਤ, ਅਰਨੀਤ, ਜੋਤ, ਸਿਮਰ ਆਦਿ ਬੱਚਿਆਂ ਦੀਆਂ ਪੇਸ਼ਕਾਰੀਆਂ ਬਹੁਤ ਖ਼ੂਬਸੂਰਤ ਸਨ।

ਇਸ ਮੌਕੇ ਯੂ.ਐੱਸ.ਏ. ਪੈਟਰੋਲ ਦੇ ਡੈਲੀਕੇਟ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਪਹਿਲੀ ਵਾਰ ਕਰਵਾਇਆ ਗਿਆ ਇਹ ਸਮਾਗਮ ਆਪਣੇ ਆਪ ਵਿੱਚ ਵਿਸ਼ੇਸ਼ ਇਸ ਕਰਕੇ ਵੀ ਸੀ ਕਿ ਪੰਜਾਬੀ ਭਾਈਚਾਰੇ ਦੀ ਸ਼ਮੂਲੀਅਤ ਐਨੀ ਜ਼ਿਆਦਾ ਸੀ ਕਿ ਹਾਲ ਛੋਟਾ ਪੈ ਗਿਆ। ਬੱਚਿਆਂ ਦੀਆਂ ਪੇਸ਼ਕਾਰੀਆਂ ਨੂੰ ਲੋਕ ਖੜ੍ਹ-ਖੜ੍ਹ ਕੇ ਦੇਖ ਰਹੇ ਸਨ। ਸਮਾਗਮ ਦਾ ਮੁੱਖ ਮਕਸਦ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨਾ ਸੀ। ਪੰਜਾਬੀ ਪਹਿਰਾਵੇ ਵਿੱਚ ਸਜੇ ਹੋਏ ਬੱਚੇ ਬਹੁਤ ਖ਼ੂਬਸੂਰਤ ਲੱਗ ਰਹੇ ਸਨ। ਰੰਗਲਾ ਪੰਜਾਬ ਫੌਕਸ ਵੈਲੀ ਦੇ ਰਮਿੰਦਰ ਸਿੰਘ, ਸਤਨਾਮ ਸਿੰਘ, ਸਰਬਜੀਤ ਸਿੰਘ, ਰਾਜਾ ਸਿੰਘ, ਪਰਵਿੰਦਰ ਸਿੰਘ, ਸਤਬੀਰ ਸਿੰਘ, ਸੰਨੀ ਸਿੰਘ, ਸਰਪੰਚ, ਰਾਜਾ, ਰਿਸ਼ੀ, ਬਿੰਦਰ ਸਿੰਘ, ਜਸਵਿੰਦਰ ਸਿੰਘ, ਪੰਮਾ ਸਵਰਨ ਆਦਿ ਮੈਂਬਰਾਂ ਵੱਲੋਂ ਸਪਾਂਸਰਾਂ ਅਤੇ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਅੰਮ੍ਰਿਤਪਾਲ ਸਿੰਘ ਗਿੱਲ ਨੇ ਵਿਸਾਖੀ ਅਤੇ ਇਸ ਦੇ ਸਾਰੇ ਪੱਖਾਂ ਦੀ ਜਾਣਕਾਰੀ ਦਿੱਤੀ। ਗੱਲਬਾਤ ਦੌਰਾਨ ਅੰਮ੍ਰਿਤਪਾਲ ਗਿੱਲ ਨੇ ਦੱਸਿਆ ਕਿ ਇਸ ਸਮਾਗਮ ਨੂੰ ਕਰਾਉਣ ਦਾ ਮੁੱਖ ਮਕਸਦ ਬੱਚਿਆਂ ਨੂੰ ਸਭਿਆਚਾਰ ਤੇ ਵਿਰਸੇ ਨਾਲ ਜੋੜਨਾ ਹੈ ਅਤੇ ਉਨ੍ਹਾਂ ਨੇ ਬੱਚਿਆਂ ਨੂੰ ਤਿਆਰ ਕਰਾਉਣ ਵਾਲੇ ਅਧਿਆਪਕ ਸੀਮਾ ਜੀ ਦਾ ਵੀ ਧੰਨਵਾਦ ਕੀਤਾ।

ਇਸ ਮੌਕੇ ਬੱਚਿਆਂ ਲਈ ਪੀਜ਼ਾ ਅਤੇ ਵੱਡਿਆਂ ਲਈ ਸਵਾਦਿਸ਼ਟ ਭੋਜਨ ਦਾ ਉਚੇਚਾ ਪ੍ਰਬੰਧ ਕੀਤਾ ਗਿਆ। ਪੰਜਾਬ ਦੇ ਕਿਸੇ ਮੇਲੇ ਵਰਗਾ ਮਾਹੌਲ ਸਾਰਿਆਂ ਦਾ ਧਿਆਨ ਕੇਂਦਰਿਤ ਕਰ ਰਿਹਾ ਸੀ ਅਤੇ ਕੁਝ ਯਾਦਗਾਰੀ ਸਾਂਝਾਂ ਪਾ ਕੇ ਇਹ ਮੇਲਾ ਅਮਿੱਟ ਛਾਪ ਛੱਡ ਗਿਆ।

















# ਮਿਲਵਾਕੀ ਵਿੱਚ 'ਤੀਆਂ ਦਾ ਮੇਲਾ'

## 11 ਅਗਸਤ 2024

# Teeyan Da Mela

MILWAUKEE

AUGUST 11, 2024

**1-6 PM**

**Food • Giddha • Singing • Prizes • Bhangra • Open Dance Floor**

VENUE: Four Points by Sheraton

ADDRESS: 5311 S. Howell Ave. Milwaukee, WI 53207

TICKETS: $50 EACH AT THE DOOR

CHILDREN UNDER 10 FREE

***LADIES ONLY***

ORGANIZERS CONTACT:

HAPPY CHAHAL: 414-712-6568 | HARJINDER SOOS: 414-530-5699

PINKU SANDHAWALIA: 414-708-2035 | GURDEEP CHAHAL: 414-861-7395

JAS KAUR, HARPREET TOOR, MANI TOOR, BALJIT GILL, REENA AULAKH, HARJEET BOPARAI, RAMAN HANSI

CAFE INDIA MILWAUKEE

DJ DESI VIBES

VENDOR PARTNERS

dream DECOR BY KIRAN

Asian Diva Salon Milwaukee

PUNJABI COMMUNITY ORGANIZATION OF WI. 1998 PCO A NON-PROFIT ORGANIZATION



# ਕੂਟਨੀਤਕ ਟੀਚਿਆਂ ਦੀ ਪ੍ਰਾਪਤੀ ਲਈ 'ਡਿਨਰ ਡਿਪਲੋਮੇਸੀ'

ਪੁਸ਼ਪਰੰਜਨ*

ਤੁਰਕੀ ਦੇ ਪਰਵਾਸੀ ਜਰਮਨ ਰਾਸ਼ਟਰਪਤੀ ਫਰੈਂਕ-ਵਾਲਟਰ ਸਟੀਨਮੀਅਰ ਦੀ ਕਬਾਬ ਕੂਟਨੀਤੀ ਨੂੰ ਹਜ਼ਮ ਨਹੀਂ ਕਰ ਸਕੇ। ਉਨ੍ਹਾਂ ਨੇ ਇਸ ਨੂੰ ਅਪਮਾਨਜਨਕ ਮੰਨਦਿਆਂ ਜਰਮਨ ਰਾਸ਼ਟਰਪਤੀ ਦੀ ਆਲੋਚਨਾ ਕੀਤੀ ਹੈ। ਸਟੀਨਮੀਅਰ ਪਿਛਲੇ ਦਿਨੀਂ ਤੁਰਕੀ ਗਏ ਸਨ, ਆਪਣੇ ਨਾਲ ਇੱਕ ਕਬਾਬ ਰੋਲਰ ਮਸ਼ੀਨ ਅਤੇ ਇੱਕ ਮਸ਼ਹੂਰ ਕਬਾਬ ਮੇਕਰ ਲੈ ਕੇ। 10 ਸਾਲਾਂ ਵਿੱਚ ਕਿਸੇ ਜਰਮਨ ਰਾਸ਼ਟਰਪਤੀ ਦੀ ਇਹ ਪਹਿਲੀ ਅਧਿਕਾਰਤ ਯਾਤਰਾ ਸੀ। ਦੋਹਾਂ ਦੇਸ਼ਾਂ ਵਿਚਾਲੇ ਸੌ ਸਾਲ ਪਹਿਲਾਂ ਕੂਟਨੀਤਕ ਸਬੰਧ ਸਥਾਪਿਤ ਹੋਏ ਸਨ। ਪਿਛਲੇ ਦਿਨੀਂ ਅੰਕਾਰਾ ਵਿੱਚ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਨਾਲ ਮੁਲਾਕਾਤ ਕਰਦਿਆਂ ਰਾਸ਼ਟਰਪਤੀ ਸਟੀਨਮੀਅਰ ਨੇ ਜਰਮਨ-ਤੁਰਕੀ ਸਬੰਧਾਂ ਨੂੰ ਮੁੜ ਸੁਰਜੀਤ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ, "ਇਹ ਸੰਵੇਦਨਸ਼ੀਲ ਸਮਾਂ ਹੈ। ਸਾਨੂੰ ਇੱਕ ਦੂਜੇ ਦੀ ਲੋੜ ਹੈ। ਇਸ ਲਈ ਸਾਨੂੰ ਜਰਮਨ-ਤੁਰਕੀ ਸਬੰਧਾਂ ਨੂੰ ਨਵਾਂ ਮਹੱਤਵ ਦੇਣਾ ਚਾਹੀਦਾ ਹੈ।

ਜਰਮਨੀ ਵਿੱਚ ਡੋਨਰ ਕਬਾਬ ਬਹੁਤ ਮਸ਼ਹੂਰ ਹੈ, ਇਸ ਲਈ ਰਾਸ਼ਟਰਪਤੀ ਸਟੀਨਮੀਅਰ ਨੇ 'ਡੋਨਰ ਡਿਪਲੋਮੇਸੀ' ਖੇਡਣ ਬਾਰੇ ਸੋਚਿਆ। ਉਹ ਆਪਣੇ ਨਾਲ ਇੱਕ ਰੋਟਰੀ ਮਸ਼ੀਨ ਲੈ ਗਏ, ਜੋ ਮੀਟ ਨੂੰ ਪੂਲੀ ਵਾਂਗ ਮੋੜ ਕੇ ਪਕਾਉਂਦੀ ਹੈ। ਬਰਲਿਨ ਦੇ ਮਸ਼ਹੂਰ ਸ਼ੈੱਫ ਆਰਿਫ ਕੇਲਸ ਨੂੰ ਨਾਲ ਲਿਆ। ਜਰਮਨ ਅੰਬੈਸੀ ਵਿਖੇ ਚੋਣਵੇਂ ਲੋਕਾਂ ਦੀ ਮੌਜੂਦਗੀ ਵਿੱਚ ਡੋਨਰ ਕਬਾਬ ਪਕਾਇਆ। ਰਾਸ਼ਟਰਪਤੀ ਸਟੀਨਮੀਅਰ ਨੇ ਖੁਦ ਮੀਟ ਨੂੰ ਕੱਟਿਆ, ਇਸਨੂੰ ਸਬਜ਼ੀਆਂ ਦੇ ਸਲਾਦ, ਲਸਣ-ਮਿਰਚ ਦੀ ਚਟਣੀ, ਮੇਅਨੀਜ਼ ਸਾਸ ਦੇ ਨਾਲ ਪੀਟਾ ਬ੍ਰੈੱਡ ਵਿੱਚ ਰੱਖਿਆ ਅਤੇ ਹਾਜ਼ਰੀਨ ਨੂੰ ਪਰੋਸਿਆ। ਕੈਮਰੇ 'ਤੇ ਇਸ ਸਾਰੀ ਕਸਰਤ ਨੂੰ ਦੇਖ ਰਹੇ ਕੁਝ ਲੋਕਾਂ ਨੂੰ ਇਹ ਬਹੁਤ ਪਸੰਦ ਆਇਆ, ਪਰ ਜਿਨ੍ਹਾਂ ਨੂੰ ਬੁਰਾ ਲੱਗਾ ਉਹ ਤੁਰਕ ਸਨ, ਜੋ ਦਹਾਕਿਆਂ ਤੋਂ ਜਰਮਨੀ ਵਿੱਚ ਰਹਿ ਰਹੇ ਸਨ, ਜਿਨ੍ਹਾਂ ਨੂੰ ਲੱਗਦਾ ਸੀ ਕਿ ਇਸ ਦੇਸ਼ ਵਿੱਚ ਸਾਨੂੰ ਸਿਰਫ ਰਸੋਈਏ ਸਮਝਿਆ ਜਾਂਦਾ ਹੈ, ਜਦੋਂ ਕਿ ਵੱਖ-ਵੱਖ ਖੇਤਰਾਂ ਵਿੱਚ ਤੁਰਕ ਆਦਿਵਾਸੀ ਲੋਕਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਤੁਰਕੀ ਡਾਇਸਪੋਰਾ ਨੇ ਆਪਣੇ ਭਾਈਚਾਰੇ ਦੇ ਮਸ਼ਹੂਰ ਲੋਕਾਂ ਦੀ ਪੂਰੀ ਸੂਚੀ ਅੱਗੇ ਰੱਖੀ ਹੈ।

ਸਟੀਨਮੀਅਰ ਦੀ ਕਬਾਬ ਕੂਟਨੀਤੀ ਨੂੰ ਯੂਰਪੀਅਨ ਯੂਨੀਅਨ ਦੇ ਬਹੁਤ ਸਾਰੇ ਡਿਪਲੋਮੈਟਾਂ ਦੁਆਰਾ 'ਬੇਵਕੂਫੀ ਭਰੀ ਡਰਾਮੇਬਾਜ਼ੀ' ਮੰਨਿਆ ਜਾਂਦਾ ਹੈ। ਸਟੀਨਮੀਅਰ ਨੇ ਤੁਰਕੀ ਦੇ ਰਾਸ਼ਟਰਪਤੀ ਏਰਦੋਆਨ ਨਾਲ ਆਪਣੀ ਮੁਲਾਕਾਤ ਵਿੱਚ ਨਾਟੋ ਅਤੇ ਜੀ-20 ਦੇ ਅੰਦਰ ਸਹਿਯੋਗ ਦਾ ਜ਼ਿਕਰ ਕੀਤਾ। ਸਟੀਨਮੀਅਰ ਨੇ ਸਪੱਸ਼ਟ ਕੀਤਾ ਕਿ ਅਸੀਂ ਗਾਜ਼ਾ ਮੁੱਦੇ 'ਤੇ ਏਰਦੋਗਨ ਨਾਲ ਸਹਿਮਤ ਨਹੀਂ ਹਾਂ। ਜਰਮਨ ਰਾਸ਼ਟਰਪਤੀ ਨੇ ਕਿਹਾ, 'ਮੇਰੇ ਵਿਚਾਰ ਵਿੱਚ 7 ਅਕਤੂਬਰ ਦੀ ਘਟਨਾ ਕਾਰਨ ਮੱਧ ਪੂਰਬ ਵਿੱਚ ਕੋਈ ਜੰਗ ਨਹੀਂ ਹੋਵੇਗੀ। ਗਾਜ਼ਾ ਵਿੱਚ ਸਥਿਤੀ ਨੂੰ ਸੁਧਾਰਨ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ।'

ਇਨ੍ਹਾਂ ਸਾਰੇ ਬਿਆਨਾਂ ਦੇ ਵਿਚਕਾਰ, ਏਰਦੋਗਨ ਨੇ ਇੱਕ ਵਾਰ ਵੀ ਸਟੀਨਮੀਅਰ ਦੇ ਤੁਰਕੀ ਕਬਾਬ ਦਾ ਜ਼ਿਕਰ ਨਹੀਂ ਕੀਤਾ। ਸਗੋਂ ਏਰਦੋਗਨ ਨੇ ਇੱਕ ਵਾਰ ਫਿਰ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਤਿੱਖੀ ਆਲੋਚਨਾ ਕੀਤੀ ਅਤੇ ਉਸ 'ਤੇ ਆਪਣੇ ਰਾਜਨੀਤਿਕ ਬਚਾਅ ਨੂੰ ਯਕੀਨੀ ਬਣਾਉਣ ਲਈ ਪੂਰੇ ਮੱਧ ਪੂਰਬ ਨੂੰ ਖ਼ਤਰੇ ਵਿੱਚ ਪਾਉਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਤੁਰਕੀ ਹਮਾਸ ਦੁਆਰਾ ਅਗਵਾ ਕੀਤੇ ਗਏ ਇਜ਼ਰਾਇਲੀ ਬੰਧਕਾਂ ਦੀ ਰਿਹਾਈ ਨੂੰ ਯਕੀਨੀ ਬਣਾਉਣ ਲਈ ਯਤਨ ਕਰ ਰਿਹਾ ਹੈ। ਏਰਦੋਗਨ ਨੇ ਜਰਮਨੀ 'ਚ ਵਧ ਰਹੇ ਨਸਲਵਾਦ 'ਤੇ ਵੀ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਯੂਰਪ ਦੇ ਨਾਲ-ਨਾਲ ਜਰਮਨੀ ਵਿੱਚ ਵਧ ਰਹੇ ਜ਼ੈਨੋਫੋਬਿਕ, ਇਸਲਾਮੋਫੋਬਿਕ ਅਤੇ ਨਵੇਂ ਨਸਲਵਾਦੀ ਸੰਗਠਨਾਂ ਬਾਰੇ ਸਾਡੀਆਂ ਚਿੰਤਾਵਾਂ ਲਗਾਤਾਰ ਵਧ ਰਹੀਆਂ ਹਨ। ਏਰਦੋਗਨ ਨੇ ਕਿਹਾ ਕਿ ਸਾਨੂੰ ਜਰਮਨੀ 'ਚ ਤੁਰਕੀ ਮੂਲ ਦੇ ਲੋਕਾਂ 'ਤੇ ਮਾਣ ਹੈ, ਜੋ ਉਥੋਂ ਦੇ ਸਮਾਜ, ਅਰਥਚਾਰੇ ਅਤੇ ਸੱਭਿਆਚਾਰ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਸਨੇ ਜਰਮਨੀ ਵਿੱਚ ਦੋਹਰੀ ਨਾਗਰਿਕਤਾ ਕਾਨੂੰਨ ਦਾ ਸਵਾਗਤ ਕੀਤਾ, ਕਿਉਂਕਿ ਇਹ ਮੁੜ ਏਕੀਕਰਨ ਵੱਲ ਵਧ ਰਿਹਾ ਹੈ।

**ਆਪਸੀ ਸਹਿਯੋਗ ਦੀ ਮਿਆਦ:** ਸਾਲ 1924 ਤੁਰਕੀ ਗਣਰਾਜ ਅਤੇ ਜਰਮਨੀ- ਦੋਹਾਂ ਲਈ ਦੁਵੱਲੇ ਸਹਿਯੋਗ ਦਾ ਸਮਾਂ ਸੀ। ਦੋਵੇਂ ਦੇਸ਼ ਪਹਿਲੇ ਵਿਸ਼ਵ ਯੁੱਧ ਵਿੱਚ ਹਾਰ ਰਹੇ ਸਨ ਅਤੇ ਨਤੀਜੇ ਵਜੋਂ ਆਪਣੇ ਪ੍ਰਭਾਵ ਦੇ ਖੇਤਰਾਂ ਨੂੰ ਛੱਡਣ ਲਈ ਮਜਬੂਰ ਹੋਏ ਸਨ। ਦੋਹਾਂ ਦੇਸ਼ਾਂ ਨੇ ਆਪਣੀ ਰਾਜਸ਼ਾਹੀ ਦਾ ਅੰਤ ਦੇਖਿਆ। ਜਰਮਨੀ ਵਿੱਚ ਵਾਈਮਰ ਗਣਰਾਜ ਨੇ ਜਰਮਨ ਸਾਮਰਾਜ ਦੀ ਥਾਂ ਲੈ ਲਈ। ਤੁਰਕੀ ਦੇ ਅੰਦਰ ਤਬਦੀਲੀਆਂ ਹੋਰ ਵੀ ਕੱਟੜਪੰਥੀ ਸਨ। ਦੇਸ਼ ਦੇ ਸੰਸਥਾਪਕ ਮੁਸਤਫਾ ਕਮਾਲ ਅਤਾਤੁਰਕ ਇੱਕ ਧਰਮ ਨਿਰਪੱਖ, ਯੂਰਪ-ਮੁਖੀ ਤੁਰਕੀ ਚਾਹੁੰਦੇ ਸਨ। ਓਟੋਮਨ ਸਾਮਰਾਜ ਦੇ ਖਲੀਫ਼ਤ ਅਤੇ ਸ਼ਰੀਆ ਕਾਨੂੰਨ ਨੂੰ ਪੱਛਮੀ ਕਾਨੂੰਨੀ ਪ੍ਰਣਾਲੀ ਦੁਆਰਾ ਬਦਲ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਓਟੋਮਨ ਸਾਮਰਾਜ ਅਤੇ ਜਰਮਨ ਸਾਮਰਾਜ ਨੇ ਵੀ ਨਜ਼ਦੀਕੀ ਕੂਟਨੀਤਕ, ਫੌਜੀ ਅਤੇ ਵਪਾਰਕ ਸਬੰਧ ਬਣਾਈ ਰੱਖੇ ਸਨ।

1923 ਵਿੱਚ ਤੁਰਕੀ ਗਣਰਾਜ ਦੀ ਸਥਾਪਨਾ ਤੋਂ ਕੁਝ ਮਹੀਨਿਆਂ ਬਾਅਦ ਕੂਟਨੀਤਕ ਸਬੰਧ ਮੁੜ ਸਥਾਪਿਤ ਕੀਤੇ ਗਏ ਸਨ ਅਤੇ ਇੱਕ ਦੁਵੱਲੀ ਦੋਸਤੀ ਸੰਧੀ 'ਤੇ ਦਸਤਖਤ



ਜਰਮਨ ਰਾਸ਼ਟਰਪਤੀ ਸਟੀਨਮੀਅਰ

ਕੀਤੇ ਗਏ ਸਨ। ਇਤਿਹਾਸਕਾਰ ਅਤੇ ਤੁਰਕੀ ਮਾਮਲਿਆਂ ਦੇ ਮਾਹਰ ਰਾਸਿਮ ਮਾਰਜ਼ ਨੇ ਕਿਹਾ ਕਿ ਜਰਮਨੀ ਨੇ ਉਸ ਸਮੇਂ ਸਮਝੌਤੇ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਸੀ ਲਿਆ। ਜਰਮਨ-ਤੁਰਕੀ ਸਬੰਧਾਂ ਵਿੱਚ ਇੱਕ ਅਕਸਰ ਭੁੱਲਿਆ ਹੋਇਆ ਅਧਿਆਇ ਨਾਜ਼ੀ ਯੁੱਗ ਦੌਰਾਨ ਸਤਾਏ ਗਏ ਕਈ ਲੱਖ ਜਰਮਨਾਂ ਨੂੰ ਰਾਜਨੀਤਿਕ ਤੌਰ 'ਤੇ ਨਿਰਪੱਖ ਤੁਰਕੀ ਵਿੱਚ ਦੇਸ਼ ਨਿਕਾਲੇ ਦਾ ਮਾਮਲਾ ਸੀ।

**ਜਰਮਨੀ ਵਿੱਚ ਤੁਰਕੀ ਡਾਇਸਪੋਰਾ:** 1961 ਵਿੱਚ ਤੁਰਕੀ ਨੇ ਕਾਮਿਆਂ ਦੀ ਭਰਤੀ ਲਈ ਸੰਘੀ ਗਣਰਾਜ ਜਰਮਨੀ ਨਾਲ ਇੱਕ ਸਮਝੌਤੇ 'ਤੇ ਹਸਤਾਖਰ ਕੀਤੇ। ਫਿਰ 8,76,000 ਲੋਕ ਤੁਰਕੀ ਤੋਂ ਜਰਮਨੀ ਆਏ। ਉਸਨੇ ਮਾਈਨਿੰਗ ਅਤੇ ਕਾਰ ਉਦਯੋਗ ਵਿੱਚ ਕੰਮ ਕੀਤਾ ਤੇ ਸਟੋਰ ਖੋਲ੍ਹੇ। ਕਈ ਆਪਣੇ ਪਰਿਵਾਰਾਂ ਨੂੰ ਨਾਲ ਲੈ ਕੇ ਪੱਕੇ ਤੌਰ 'ਤੇ ਵਸ ਗਏ। ਸਾਲ 2024 ਵਿੱਚ ਜਰਮਨੀ ਦੀ ਆਬਾਦੀ ਲਗਭਗ 8.25 ਕਰੋੜ ਦੱਸੀ ਜਾਂਦੀ ਹੈ, ਜਿਸ ਵਿੱਚ ਲਗਭਗ 30 ਲੱਖ ਤੁਰਕੀ ਮੂਲ ਦੇ ਲੋਕ ਰਹਿੰਦੇ ਹਨ। ਜਰਮਨੀ ਦੇ ਰਾਸ਼ਟਰਪਤੀ ਫ੍ਰੈਂਕ-ਵਾਲਟਰ ਸਟੀਨਮੀਅਰ ਨੇ ਇਸਤਾਂਬੁਲ ਦੇ ਸਿਰਕੇਕੀ ਰੇਲਵੇ ਸਟੇਸ਼ਨ 'ਤੇ ਇਨ੍ਹਾਂ ਕਰਮਚਾਰੀਆਂ ਨੂੰ ਸ਼ਰਧਾਂਜਲੀ ਦਿੱਤੀ, ਜਿੱਥੇ ਬਹੁਤ ਸਾਰੇ ਭਰਤੀ ਕੀਤੇ ਤੁਰਕ ਜਰਮਨੀ ਲਈ ਜਾਣ ਵਾਲੀਆਂ ਰੇਲਗੱਡੀਆਂ 'ਤੇ ਸਵਾਰ ਹੋਏ।

ਜਰਮਨੀ ਗਾਜ਼ਾ ਪੱਟੀ ਵਿੱਚ ਇਜ਼ਰਾਇਲ ਦੀਆਂ ਕੁਝ ਕਾਰਵਾਈਆਂ ਦੀ ਆਲੋਚਨਾ ਕਰਦਾ ਰਿਹਾ ਹੈ, ਪਰ ਜਦੋਂ ਜਰਮਨ ਦੇ ਰਾਸ਼ਟਰੀ ਹਿੱਤ ਦੀ ਗੱਲ ਆਉਂਦੀ ਹੈ, ਤਾਂ ਇਹ ਯਹੂਦੀ ਰਾਜ ਦੀ ਰੱਖਿਆ ਲਈ ਵਚਨਬੱਧਤਾ ਨੂੰ ਕਾਇਮ ਰੱਖਦਾ ਹੈ। ਏਰਦੋਗਨ ਫਲਿਸਤੀਨ ਨੂੰ ਲੈ ਕੇ ਵੀ ਸੰਵੇਦਨਸ਼ੀਲ ਹੈ। ਸਟੀਨਮੀਅਰ ਦੇ ਆਉਣ ਤੋਂ ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਨੇ ਹਮਾਸ ਦੇ ਨੇਤਾ ਇਸਮਾਈਲ ਹਾਨੀਆ ਨਾਲ ਮੁਲਾਕਾਤ ਕੀਤੀ ਸੀ। ਜਰਮਨੀ ਨਾਲ ਗੁੱਸੇ ਹੋਣ ਅਤੇ ਹੱਥ ਮਿਲਾਉਣ ਦੀ ਪ੍ਰਕਿਰਿਆ ਪੁਰਾਣੀ ਹੈ।

ਜੇ 2005 ਦੀ ਮਿਆਦ 'ਤੇ ਨਜ਼ਰ ਮਾਰੀਏ ਤਾਂ ਤੁਰਕੀ ਉਸ ਸਮੇਂ ਦੇ ਜਰਮਨ ਚਾਂਸਲਰ ਗੇਰਹਾਰਡ ਸ਼ਰੋਡਰ ਦੇ ਸਮਰਥਨ ਨਾਲ ਯੂਰਪੀ ਸੰਘ ਦੀ ਮੈਂਬਰਸ਼ਿਪ ਲਈ ਮਜਬੂਤ ਉਮੀਦਵਾਰ ਰਿਹਾ ਹੈ। ਇਹ ਮਾਮਲਾ ਕਰੀਬ 20 ਸਾਲਾਂ ਤੋਂ ਲਟਕਿਆ ਹੋਇਆ ਹੈ। ਮੁੱਦਾ ਮਨੁੱਖੀ ਅਧਿਕਾਰਾਂ ਦਾ ਹੈ, ਯੂਰਪੀਅਨ ਯੂਨੀਅਨ ਦੇ ਨੇਤਾਵਾਂ ਦਾ ਮੰਨਣਾ ਹੈ ਕਿ ਤੁਰਕੀਏ ਸਾਡੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ ਹਨ। ਅੰਕਾਰਾ ਦੀ ਜਰਮਨੀ ਦੀ ਸਾਬਕਾ ਚਾਂਸਲਰ ਐਂਜੇਲਾ ਮਰਕੇਲ ਨਾਲ ਵੀ ਦੁਸ਼ਮਣੀ ਬਣੀ ਰਹੀ। ਉਸਦੇ ਉੱਤਰਾਧਿਕਾਰੀ, ਚਾਂਸਲਰ ਓਲਾਫ ਸ਼ੋਲਟਜ਼ ਦੀ ਅਗਵਾਈ ਵਾਲੀ ਮੌਜੂਦਾ ਐੱਸ.ਪੀ.ਡੀ. ਸਰਕਾਰ ਵਿੱਚ ਸਿਆਸਤਦਾਨ ਤੁਰਕੀ ਦੇ ਵਿਰੁੱਧ ਵਧੇਰੇ ਆਵਾਜ਼ ਉਠਾਉਂਦੇ ਰਹੇ ਹਨ, ਖਾਸ ਤੌਰ 'ਤੇ ਗ੍ਰੀਨ ਪਾਰਟੀ ਦੀ ਵਿਦੇਸ਼ ਮੰਤਰੀ ਅੰਨਾਲੇਨਾ ਬੇਰਬੋਚ।

**ਜਰਮਨ-ਤੁਰਕੀ ਸਬੰਧਾਂ ਲਈ ਇੱਕ ਨਵੀਂ ਸ਼ੁਰੂਆਤ:** ਇਸ ਸਮੇਂ ਜਰਮਨ ਸਰਕਾਰ ਨੇ ਤੁਰਕੀ ਦੀ ਸਿਵਲ ਸੁਸਾਇਟੀ ਅਤੇ ਤੁਰਕੀ ਵਿਰੋਧੀ ਧਿਰ 'ਤੇ ਉਮੀਦ ਟਿਕਾਈ ਹੋਈ ਹੈ, ਜੋ ਏਰਦੋਗਨ ਨੂੰ ਖੁਸ਼ ਨਹੀਂ ਕਰ ਰਹੀ। ਕੁਝ ਹਫ਼ਤੇ ਪਹਿਲਾਂ ਏਰਦੋਗਨ ਦੀ ਏ.ਕੇ.ਪੀ. ਪਾਰਟੀ ਨੂੰ ਸਥਾਨਕ ਚੋਣਾਂ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਮੁੱਖ ਵਿਰੋਧੀ ਪਾਰਟੀ ਸੀ.ਐੱਚ.ਪੀ. ਨੇ ਦੇਸ਼ ਭਰ ਵਿੱਚ ਥਾਂ ਬਣਾਈ ਹੈ।

ਪਾਰਟੀ ਦੇ ਸੰਭਾਵੀ ਭਵਿੱਖ ਦੇ ਪ੍ਰਧਾਨ ਇਸਤਾਂਬੁਲ ਦੇ ਮੇਅਰ ਏਕਰੇਮ ਇਮਾਮੋਗਲੂ ਹਨ, ਜਿਨ੍ਹਾਂ ਨੂੰ ਜਰਮਨ ਰਾਸ਼ਟਰਪਤੀ ਫਰੈਂਕ-ਵਾਲਟਰ ਸਟੀਨਮੀਅਰ ਨੇ ਏਰਦੋਗਨ ਨਾਲ ਗੱਲਬਾਤ ਤੋਂ ਪਹਿਲਾਂ ਮੁਲਾਕਾਤ ਕੀਤੀ ਸੀ। ਤੁਸੀਂ ਕਬਾਬ ਲੈ ਕੇ ਜਾਓ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਨਾਲ ਚੁੰਝਾਂ ਲੜਾਓ; ਰੇਸੇਪ ਤੈਯਪ ਏਰਦੋਗਨ ਇੰਨਾ ਉਦਾਰਵਾਦੀ ਨਹੀਂ ਹੈ ਕਿ ਉਹ ਅਜਿਹੇ ਕਬਾਬਾਂ ਦੀ ਥਾਲੀ ਪਸੰਦ ਕਰੇ।

**ਡੋਨਰ ਕਬਾਬ ਕਿਵੇਂ ਪ੍ਰਸਿੱਧ ਹੋਇਆ?:** ਤੁਰਕੀ ਕਬਾਬ ਨੂੰ 'ਕਬਾਪ' ਕਿਹਾ ਜਾਂਦਾ ਹੈ। ਜਦੋਂ ਇਸਨੂੰ ਸੈਂਡਵਿਚ ਦੇ ਰੂਪ ਵਿੱਚ ਇੱਕ ਥਾਲੀ ਵਿੱਚ ਪੇਸ਼ ਕੀਤਾ ਜਾਂਦਾ ਹੈ, ਸਲਾਦ ਅਤੇ ਮਸਾਲੇਦਾਰ ਸਾਸ ਦੇ ਨਾਲ ਪੀਟਾ ਬਰੈੱਡ ਵਿੱਚ, ਤੁਸੀਂ ਆਪਣੇ ਪਰਤਾਵੇ ਨੂੰ ਜਜ਼ਬ ਨਹੀਂ ਕਰ ਸਕਦੇ। 'ਡੋਨਰ' ਸ਼ਾਇਦ ਕਬਾਬ ਦਾ ਪਿਤਾ ਹੈ, ਇਸੇ ਕਰਕੇ ਤੁਰਕ ਇਸਨੂੰ 'ਕਬਾਪ' ਕਹਿੰਦੇ ਹਨ! ਤੁਸੀਂ ਡੋਨਰ ਕਬਾਬ ਨਾਲ ਦੁਪਹਿਰ ਦੇ ਖਾਣੇ ਜਾਂ ਰਾਤ ਦੇ ਖਾਣੇ ਲਈ ਆਪਣੀ ਭੁੱਖ ਨੂੰ ਪੂਰਾ ਕਰ ਸਕਦੇ ਹੋ। ਘਰ ਵਿੱਚ ਖਾਣਾ ਬਣਾਉਣ ਦੀ ਆਲਸ ਨੇ ਡੋਨਰ ਕਬਾਬ ਨੂੰ ਜਰਮਨਾਂ ਵਿੱਚ ਬਹੁਤ ਮਸ਼ਹੂਰ ਬਣਾ ਦਿੱਤਾ ਹੈ।

ਲੰਬਕਾਰੀ ਰੋਟਿਸਰੀ ਦੀ ਖੋਜ 19ਵੀਂ ਸਦੀ ਵਿੱਚ ਓਟੋਮੈਨ ਸਾਮਰਾਜ ਦੌਰਾਨ ਕੀਤੀ ਗਈ ਸੀ। ਅਰਬੀ ਸ਼ਾਵਰਮਾ, ਗ੍ਰੀਕ ਗਾਇਰੋਸ, ਕੈਨੇਡੀਅਨ ਡੋਨਰ ਅਤੇ ਮੈਕਸੀਕਨ ਅਲ ਪਾਸਟਰ ਵਰਗੇ ਪ੍ਰਸਿੱਧ ਪਕਵਾਨਾਂ ਲਈ ਮੀਟ ਇਸ ਘੁਮਾਉਣ ਵਾਲੀ ਮਸ਼ੀਨ 'ਤੇ ਪਕਾਇਆ ਜਾਂਦਾ ਹੈ। ਡੋਨਰ ਕਬਾਬ ਦਾ ਆਧੁਨਿਕ ਸੈਂਡਵਿਚ ਸੰਸਕਰਣ ਪੱਛਮੀ ਬਰਲਿਨ ਵਿੱਚ 1970 ਦੇ ਦਹਾਕੇ ਵਿੱਚ ਤੁਰਕੀ ਪਰਵਾਸੀਆਂ ਦੁਆਰਾ ਪੈਦਾ ਹੋਇਆ ਸੀ। ਸਸਤੇ ਅਤੇ ਸਵਾਦ ਹੋਣ ਕਾਰਨ ਡੋਨਰ ਕਬਾਬ ਜਲਦੀ ਹੀ ਜਰਮਨਾਂ ਵਿੱਚ ਪ੍ਰਸਿੱਧ ਹੋ ਗਿਆ ਅਤੇ ਇਹ ਹਰ ਛੋਟੇ ਤੇ ਵੱਡੇ ਸ਼ਹਿਰ ਵਿੱਚ ਫੈਲ ਗਿਆ। ਤੁਹਾਨੂੰ ਦੱਸ ਦੇਈਏ ਕਿ ਕਾਦਿਰ ਨੂਰਮਾਨ ਦੀ ਮੌਤ 24 ਅਕਤੂਬਰ 2013 ਨੂੰ ਬਰਲਿਨ ਵਿੱਚ ਹੋਈ ਸੀ। ਕਿਹਾ ਜਾਂਦਾ ਹੈ ਕਿ ਕਾਦਿਰ ਨੂਰਮਨ ਪਰਵਾਸੀ ਤੁਰਕ ਸੀ, ਜਿਸ ਨੇ ਸਭ ਤੋਂ ਪਹਿਲਾਂ ਬਰਲਿਨ ਵਿੱਚ ਡੋਨਰ ਕਬਾਬ ਦੀ ਦੁਕਾਨ ਖੋਲ੍ਹੀ ਸੀ।

**ਰਿਸ਼ਤੇ ਬਣਾਉਣ ਲਈ ਡਾਈਨਿੰਗ ਡਿਪਲੋਮੇਸੀ:** ਕਿਹਾ ਜਾਂਦਾ ਹੈ, 'ਜੇ ਤੁਸੀਂ ਕਿਸੇ ਦੇ ਨੇੜੇ ਜਾਣਾ ਚਾਹੁੰਦੇ ਹੋ, ਤਾਂ ਉਸ ਨੂੰ ਡਿਨਰ ਟੇਬਲ 'ਤੇ ਮਿਲੋ ਅਤੇ ਜੇ ਤੁਹਾਨੂੰ ਕਿਸੇ ਨਾਲ ਝਗੜਾ ਵੀ ਸੁਲਝਾਉਣਾ ਪਵੇ ਤਾਂ ਰਾਤ ਦੇ ਖਾਣੇ ਦੀ ਮੇਜ਼ 'ਤੇ ਮਿਲੋ।' ਜੇ ਤੁਸੀਂ ਆਪਣੇ ਦੇਸ਼ ਦੀ ਮਸ਼ਹੂਰ ਥਾਲੀ ਦੇ ਨਾਲ ਆਉਣ ਵਾਲੇ ਦੇ ਦੇਸ਼ ਦੇ ਪਕਵਾਨਾਂ ਨੂੰ ਪਰੋਸਦੇ ਹੋ, ਤਾਂ ਸ਼ਾਇਦ ਗੱਲ ਬਣ ਜਾਵੇ। 1972 ਵਿੱਚ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਬੀਜਿੰਗ ਦਾ ਦੌਰਾ ਕੀਤਾ ਸੀ। ਉਨ੍ਹਾਂ ਲਈ ਇੱਕ ਵਿਸ਼ੇਸ਼ ਰਾਤ ਦੇ ਖਾਣੇ ਵਿੱਚ ਚੀਨੀ ਮੇਜ਼ਬਾਨਾਂ ਨੇ ਕੁਝ ਖੇਤਰੀ ਭੋਜਨ ਦੇ ਨਾਲ ਬੀਜਿੰਗ ਡੱਕ, ਡੰਪਲਿੰਗ ਪੇਸ਼ ਕੀਤੇ। ਕਿਹਾ ਜਾਂਦਾ ਹੈ ਕਿ ਰਾਸ਼ਟਰਪਤੀ ਨਿਕਸਨ 'ਤੇ ਚੀਨੀ ਸਵਾਦ ਦਾ ਪ੍ਰਭਾਵ ਇੰਨਾ ਡੂੰਘਾ ਸੀ ਕਿ ਦੁਵੱਲੇ ਸਬੰਧ ਮੁੜ ਲੀਹ 'ਤੇ ਆ ਗਏ। ਇਸੇ ਤਰ੍ਹਾਂ 15 ਅਪਰੈਲ 1982 ਨੂੰ ਫਰਾਂਸ ਦੇ ਤਤਕਾਲੀ ਰਾਸ਼ਟਰਪਤੀ ਫ੍ਰਾਂਸਵਾ ਮਿਟਰੇਂਡ ਨੇ ਜਾਪਾਨ ਦਾ ਦੌਰਾ ਕੀਤਾ ਸੀ। ਸਮਰਾਟ ਹੀਰੋਹਿਤੋ ਨੇ ਉਸਨੂੰ ਦਾਵਤ ਦਿੱਤੀ। ਇਸ ਤੋਂ ਪਹਿਲਾਂ ਜਪਾਨੀ ਸ਼ੈੱਫ ਪੈਰਿਸ ਗਏ, ਫ੍ਰੈਂਚ ਪਕਵਾਨਾਂ ਨੂੰ ਸਮਝਿਆ ਅਤੇ ਫਿਰ ਇੱਕ ਦਾਅਵਤ ਵਿੱਚ ਰਵਾਇਤੀ ਜਾਪਾਨੀ-ਫ੍ਰੈਂਚ ਭੋਜਨ ਦਾ ਇੱਕ ਮਿਸ਼ਰਣ ਪੇਸ਼ ਕੀਤਾ, ਜਿਸ ਤੋਂ ਰਾਸ਼ਟਰਪਤੀ ਮਿਤਾਨ ਮਦਦ ਨਹੀਂ ਕਰ ਸਕੇ, ਪਰ ਪ੍ਰਭਾਵਿਤ ਹੋਏ।

1985 ਵਿੱਚ ਜੇਨੇਵਾ ਸੰਮੇਲਨ ਨੂੰ ਯਾਦ ਕਰਦਿਆਂ ਭੋਜਨ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਉਸ ਸਮੇਂ ਦੇ ਅਮਰੀਕੀ ਰਾਸ਼ਟਰਪਤੀ ਰੋਨਾਲਡ ਰੀਗਨ ਅਤੇ ਸੋਵੀਅਤ ਪ੍ਰਧਾਨ ਮੰਤਰੀ ਮਿਖਾਇਲ ਗੋਰਬਾਚੇਵ ਨੇ ਮਿਲਣਾ ਸੀ। ਪਹਿਲਾਂ ਉਨ੍ਹਾਂ ਦੇ ਮਨਪਸੰਦ ਭੋਜਨ ਦੀ ਜਾਂਚ ਕੀਤੀ ਗਈ, ਫਿਰ ਉਹ ਭੋਜਨ ਮੇਜ਼ 'ਤੇ ਪਰੋਸਿਆ ਗਿਆ, ਜੋ ਦੋਹਾਂ ਨੇਤਾਵਾਂ ਦੇ ਸਵਾਦ ਦੇ ਅਨੁਕੂਲ ਸੀ। ਜਦੋਂ ਦੋਹਾਂ ਨੇਤਾਵਾਂ ਨੇ ਹਥਿਆਰਾਂ ਦੇ ਕੰਟਰੋਲ ਅਤੇ ਨਿਸ਼ਸਤਰੀਕਰਨ 'ਤੇ ਸਹਿਮਤੀ ਪ੍ਰਗਟਾਈ, ਤਾਂ ਇੰਚਾਰਜ ਸ਼ੈੱਫ ਦਾ ਧੰਨਵਾਦ ਕੀਤਾ ਗਿਆ। ਵ੍ਹਾਈਟ ਹਾਊਸ ਵਿੱਚ ਇੱਕ ਰਸਮੀ ਕੈਲੀਗ੍ਰਾਫੀ ਦਫ਼ਤਰ ਹੈ, ਜੋ ਵਿਦੇਸ਼ੀ ਮਹਿਮਾਨਾਂ ਨੂੰ ਪਰੋਸੇ ਜਾਣ ਵਾਲੇ ਮੀਨੂ ਦੇ ਸਕੈਚ ਬਣਾਉਂਦਾ ਹੈ। ਕੈਲੀਗ੍ਰਾਫੀ ਦਫਤਰ ਕੈਂਪ ਡੇਵਿਡ ਸਮਝੌਤੇ ਦੌਰਾਨ ਕੀ ਪਰੋਸਿਆ ਜਾਣਾ ਸੀ, ਦੀ ਸੂਚੀ ਤਿਆਰ ਕਰਨ ਲਈ ਵੀ ਜ਼ਿੰਮੇਵਾਰ ਸੀ।

ਅਮਰੀਕੀ ਸਰਕਾਰ ਥਾਈ ਅਰਥਚਾਰੇ ਨੂੰ ਮਜਬੂਤ ਕਰਨਾ ਚਾਹੁੰਦੀ ਸੀ, ਇਸ ਲਈ ਅਮਰੀਕਾ ਵਿੱਚ ਲਗਭਗ 3000 ਥਾਈ ਰੈਸਟੋਰੈਂਟ ਖੋਲ੍ਹਣ ਦਾ ਆਦੇਸ਼ ਦਿੱਤਾ ਗਿਆ ਸੀ। ਪੈਰਿਸ ਵਿੱਚ 'ਕਲੱਬ ਟੇਨ ਸ਼ੈੱਫਸ-ਟੇਨ ਸ਼ੈੱਫ' ਨਾਂ ਦਾ ਇੱਕ ਅੰਤਰਰਾਸ਼ਟਰੀ ਰਸੋਈ ਸਮੂਹ ਬਣਾਇਆ ਗਿਆ ਹੈ, ਜੋ ਦੁਨੀਆ ਭਰ ਦੇ ਡਿਪਲੋਮੈਟਿਕ ਸਰਕਲਾਂ ਨੂੰ ਸ਼ੈੱਫ ਪ੍ਰਦਾਨ ਕਰਦਾ ਹੈ। ਇਹ ਸ਼ੈੱਫ ਆਪਣੇ ਰਾਜ ਦੇ ਮੁਖੀਆਂ ਨਾਲ ਨਿਰੰਤਰ ਸੰਪਰਕ ਵਿੱਚ ਹਨ ਅਤੇ ਦੁਨੀਆ ਭਰ ਵਿੱਚ ਆਪਣੇ ਦੇਸ਼ਾਂ ਦੀ ਨੁਮਾਇੰਦਗੀ ਕਰਦੇ ਹਨ।

'ਡਾਈਨਿੰਗ ਡਿਪਲੋਮੇਸੀ' ਨੂੰ ਜੀ-20 ਮੀਟਿੰਗਾਂ ਵਿੱਚ ਵੀ ਬਹੁਤ ਕਾਮਯਾਬ ਦੇਖਿਆ ਗਿਆ। ਜਦੋਂ ਵੀ ਜੀ-20 ਸਿਖਰ ਸੰਮੇਲਨ ਦੇ ਨੇਤਾ ਰਾਤ ਦੇ ਖਾਣੇ ਜਾਂ ਦੁਪਹਿਰ ਦੇ ਖਾਣੇ ਲਈ ਮਿਲਦੇ, ਕਦੇ ਵੀ ਅਸਹਿਮਤੀ ਦਾ ਮਾਹੌਲ ਨਾ ਹੁੰਦਾ। ਸ਼ੰਘਾਈ ਸਹਿਯੋਗ ਸੰਗਠਨ (ਐੱਸ.ਸੀ.ਓ.) ਦਾ ਅਸਤਾਨਾ ਸਿਖਰ ਸੰਮੇਲਨ ਅਤੇ ਜੀ-20 ਦਾ ਦਿੱਲੀ ਸਿਖਰ ਸੰਮੇਲਨ 'ਡਾਈਨਿੰਗ ਡਿਪਲੋਮੇਸੀ' ਦੀਆਂ ਵਿਲੱਖਣ ਉਦਾਹਰਣਾਂ ਹਨ। ਫਿਰ 7 ਤੋਂ 10 ਜੂਨ 2017 ਨੂੰ ਹੋਏ ਅਸਤਾਨਾ ਸਿਖਰ ਸੰਮੇਲਨ ਵਿੱਚ ਦੋ ਧਰੁਵਾਂ 'ਤੇ ਬੈਠੇ ਭਾਰਤ ਅਤੇ ਪਾਕਿਸਤਾਨ, ਐੱਸ.ਸੀ.ਓ. ਦੇ ਫੁੱਲ-ਟਾਈਮ ਮੈਂਬਰ ਬਣ ਗਏ। ਇਸ ਮੌਕੇ ਨੂੰ ਮਨਾਉਣ ਲਈ ਇੱਕ ਡਿਨਰ ਪਾਰਟੀ ਦਾ ਆਯੋਜਨ ਕੀਤਾ ਗਿਆ ਸੀ, ਜਿਸ ਵਿੱਚ ਭਾਰਤ ਅਤੇ ਪਾਕਿਸਤਾਨ ਦੇ ਵਧੀਆ ਸ਼ੈੱਫ ਦੁਆਰਾ ਸੁਆਦੀ ਭੋਜਨ ਪਰੋਸਿਆ ਗਿਆ ਸੀ। ਇਹ ਦਿਲਚਸਪ ਹੈ ਕਿ 2010 ਅਤੇ 2014 ਵਿੱਚ ਭਾਰਤੀ ਸ਼ੈੱਫ ਵਿਕਾਸ ਖੰਨਾ ਨੇ ਵ੍ਹਾਈਟ ਹਾਊਸ ਵਿੱਚ ਸਾਤਵਿਕ ਪਕਵਾਨ ਬਣਾਇਆ ਸੀ।

ਆਪਣੇ ਪ੍ਰਧਾਨ ਮੰਤਰੀ ਦੇ ਸਮੇਂ ਦੌਰਾਨ ਇੰਦਰਾ ਗਾਂਧੀ ਰਾਜ ਦਾਅਵਤਾਂ ਦੇ ਸ਼ਾਨਦਾਰ ਪ੍ਰਬੰਧਨ ਲਈ ਮਸ਼ਹੂਰ ਸੀ। ਰਾਸ਼ਟਰਮੰਡਲ ਸੰਮੇਲਨ ਦੌਰਾਨ ਹੈਦਰਾਬਾਦ ਹਾਊਸ ਵਿਖੇ ਸ੍ਰੀਮਤੀ ਗਾਂਧੀ ਦੁਆਰਾ ਆਯੋਜਿਤ ਦਾਅਵਤ ਦਾ ਮੈਂ ਖੁਦ ਗਵਾਹ ਰਿਹਾ ਹਾਂ। ਅਕਸਰ ਉਸਦੀ ਸੂਝ-ਬੂਝ ਅਤੇ ਸ਼ਾਨਦਾਰ ਸਵਾਦ ਲਈ ਪ੍ਰਸ਼ੰਸਾ ਕੀਤੀ ਜਾਂਦੀ ਸੀ। ਸ੍ਰੀਮਤੀ ਗਾਂਧੀ ਸਮਝਦੀ ਸੀ ਕਿ ਭੋਜਨ ਭਾਰਤ ਦੇ ਕੂਟਨੀਤਕ ਤਾਣੇ-ਬਾਣੇ ਨੂੰ ਕਿਵੇਂ ਬੁਣ ਸਕਦਾ ਹੈ।

ਉਸਨੇ ਆਈ.ਟੀ.ਡੀ.ਸੀ. ਨੂੰ ਅਸ਼ੋਕਾ ਹੋਟਲ ਵਿੱਚ ਇੱਕ ਸਾਈਪ੍ਰਸ ਰੈਸਟੋਰੈਂਟ ਖੋਲ੍ਹਣ ਲਈ ਕਿਹਾ, ਜਦੋਂ 1960 ਵਿੱਚ ਆਰਚਬਿਸ਼ਪ ਮਾਕਾਰਿਓਸ ਤੀਜੇ ਨੂੰ ਸਾਈਪ੍ਰਸ ਦਾ ਪਹਿਲਾ ਰਾਸ਼ਟਰਪਤੀ ਚੁਣਿਆ ਗਿਆ ਸੀ। ਡਾਇਨਿੰਗ ਡਿਪਲੋਮੇਸੀ ਦੇ ਕਾਰਨ ਭਾਰਤ ਅਤੇ ਸਾਈਪ੍ਰਸ ਦੇ ਅਜੇ ਵੀ ਚੰਗੇ ਸਬੰਧ ਹਨ। ਭਾਵ ਭੋਜਨ ਕਦੇ ਵੀ ਵਿਅਰਥ ਨਹੀਂ ਗਿਆ।

ਭਾਰਤ ਦੁਆਰਾ ਰਸੋਈ ਕੂਟਨੀਤੀ ਅਗਲੇ ਦਹਾਕਿਆਂ ਵਿੱਚ ਜਾਰੀ ਰਹੀ। ਸਾਲ 2015 ਵਿੱਚ ਭਾਰਤ ਦੇ ਛੇ ਪ੍ਰਮੁੱਖ ਰੈਸਟੋਰੈਂਟਾਂ ਵੱਲੋਂ ਜਰਮਨੀ ਵਿੱਚ ਉਦਯੋਗਿਕ ਮੇਲਾ 'ਹੈਨੋਵਰ ਮੇਸੇ' ਦਾ ਆਯੋਜਨ ਕੀਤਾ ਗਿਆ ਸੀ, ਜਿੱਥੇ 28 ਸ਼ੈੱਫ ਭਾਰਤੀ ਸਵਾਦ ਪੇਸ਼ ਕਰਨ ਲਈ ਗਏ ਸਨ। ਦਸੰਬਰ 2017 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਓਬਾਮਾ ਦੀ ਮੇਜ਼ਬਾਨੀ ਕੀਤੀ ਸੀ। ਫਿਰ ਇੱਕ ਮੁਸ਼ਕਿਲ ਸਵਾਲ ਆਇਆ ਕਿ ਪ੍ਰਧਾਨ ਮੰਤਰੀ ਮੋਦੀ ਦਾਅਵਤ ਵਿੱਚ ਅਮਰੀਕੀ ਰਾਸ਼ਟਰਪਤੀ ਓਬਾਮਾ ਨੂੰ ਕੀ ਪਰੋਸਣਗੇ? ਫਿਰ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਸ਼ਾਕਾਹਾਰੀ ਅਤੇ ਮਾਸਾਹਾਰੀ ਪਕਵਾਨਾਂ ਦੀਆਂ ਥਾਲੀਆਂ ਪਰੋਸੀਆਂ ਗਈਆਂ। ਸਾਲ 2017 ਵਿੱਚ ਜਪਾਨੀ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਨਾਲ ਪ੍ਰਤੀਨਿਧੀ ਮੰਡਲ ਦੀ ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਭਾਰਤੀ ਪਕਵਾਨਾਂ ਨਾਲੋਂ ਜਪਾਨੀ ਪਕਵਾਨਾਂ ਨੂੰ ਤਰਜੀਹ ਦਿੱਤੀ।

**ਜਦੋਂ ਨਿਕਸਨ ਨੇ ਆਪਣੀ ਉਂਗਲ ਖਰੁਸ਼ਚੇਵ ਦੇ ਪੇਟ ਵਿੱਚ ਖੋਭੀ:** ਇਹ ਜ਼ਰੂਰੀ ਨਹੀਂ ਕਿ ਡਿਨਰ ਟੇਬਲ 'ਤੇ ਸਭ ਕੁਝ ਵਧੀਆ ਹੋਵੇ। 1959 ਵਿੱਚ ਮਾਸਕੋ ਵਿੱਚ ਅਮਰੀਕੀ ਰਾਸ਼ਟਰੀ ਪ੍ਰਦਰਸ਼ਨੀ ਦੌਰਾਨ ਤਤਕਾਲੀ ਉਪ ਰਾਸ਼ਟਰਪਤੀ ਰਿਚਰਡ ਨਿਕਸਨ ਅਤੇ ਸੋਵੀਅਤ ਪ੍ਰਧਾਨ ਮੰਤਰੀ ਨਿਕਿਤਾ ਖਰੁਸ਼ਚੇਵ ਵਿਚਕਾਰ ਹੋਈ 'ਕਿਚਨ ਡਿਬੇਟ' ਨੇ ਸ਼ੀਤ ਯੁੱਧ ਦੇ ਤਣਾਅ ਨੂੰ ਹੋਰ ਵਧਾ ਦਿੱਤਾ। 'ਕਿਚਨ ਡਿਬੇਟ' 'ਚ ਇੱਕ ਪਲ ਅਜਿਹਾ ਵੀ ਦੇਖਣ ਨੂੰ ਮਿਲਿਆ, ਜਦੋਂ ਦੋਵੇਂ ਨੇਤਾ ਆਪਸ 'ਚ ਭਿੜ ਗਏ। ਨਿਕਸਨ ਨੇ ਤਾਂ ਨਿਕਿਤਾ ਖਰੁਸ਼ਚੇਵ ਦੇ ਪੇਟ ਵਿੱਚ ਆਪਣੀ ਉਂਗਲੀ ਵੀ ਖੋਭ ਦਿੱਤੀ ਸੀ। ਇੱਥੇ ਇੱਕ ਹੋਰ ਘਟਨਾ ਦੀ ਚਰਚਾ ਕਰਨੀ ਜ਼ਰੂਰੀ ਹੈ। 1954 ਵਿੱਚ ਵ੍ਹਾਈਟ ਹਾਊਸ ਨੇ ਚੀਨੀ ਅਤੇ ਸੋਵੀਅਤ ਡੈਲੀਗੇਸ਼ਨ ਦੀ ਮੇਜ਼ਬਾਨੀ ਕੀਤੀ। ਇਸ ਦੀ ਥੀਮ 'ਟਾਈਗਰ ਫਾਈਟਸ ਦ ਡਰੈਗਨ' ਸੀ। ਜਦੋਂ ਪਕਵਾਨ ਇੱਕ ਚਮੜੀ ਵਾਲੀ ਕਾਰ ਅਤੇ ਇੱਕ ਅਜਗਰ ਵਰਗੇ ਭਾਂਡੇ ਵਿੱਚ ਪਰੋਸੇ ਗਏ ਸਨ, ਤਾਂ ਵਫ਼ਦ ਨੇ ਅਪਮਾਨ ਮਹਿਸੂਸ ਕੀਤਾ ਅਤੇ ਰਾਤ ਦਾ ਖਾਣਾ ਛੱਡ ਕੇ ਵ੍ਹਾਈਟ ਹਾਊਸ ਛੱਡ ਦਿੱਤਾ। ਉਸ ਘਟਨਾ ਤੋਂ ਬਾਅਦ ਅਮਰੀਕਾ ਅਤੇ ਸੋਵੀਅਤ ਸੰਘ ਦੇ ਸਬੰਧ ਹੋਰ ਵਿਗੜ ਗਏ।

**'ਇਹੋ ਜਿਹੇ ਹੱਥਾਂ ਤੋਂ ਭੇਜੇ ਅੰਬ ਸਵੀਕਾਰ ਨਹੀਂ ਕੀਤੇ ਜਾਂਦੇ':** ਇੱਕ ਹੋਰ ਘਟਨਾ ਯਾਦ ਰੱਖਣਯੋਗ ਹੈ। 1977 ਦੇ ਚੋਣ ਪ੍ਰਚਾਰ ਦੌਰਾਨ ਸ੍ਰੀਲੰਕਾ ਦੇ ਤਤਕਾਲੀ ਪ੍ਰਧਾਨ ਮੰਤਰੀ ਸਿਰੀਮਾਓ ਭੰਡਾਰਨਾਇਕ ਨੂੰ ਪਾਕਿਸਤਾਨ ਦੂਤਾਵਾਸ ਰਾਹੀਂ ਜਨਰਲ ਜ਼ਿਆਉਲ ਹੱਕ ਦੁਆਰਾ ਭੇਜਿਆ ਅੰਬਾਂ ਦਾ ਇੱਕ ਕਰੇਟ ਮਿਲਿਆ ਸੀ। ਇਸ ਵਿੱਚ ਜ਼ਿਆਉਲ ਹੱਕ ਦਾ ਇੱਕ ਪੱਤਰ ਵੀ ਸੀ, ਜਿਸ ਵਿੱਚ ਉਸ ਨੇ ਲਿਖਿਆ ਸੀ, 'ਮੁਲਤਾਨ ਦੇ ਬਾਗ ਤੋਂ ਤੁਹਾਡੇ ਲਈ ਵਿਸ਼ੇਸ਼।' ਅਗਲੇ ਦਿਨ ਕੋਲੰਬੋ ਵਿੱਚ ਪਾਕਿਸਤਾਨੀ ਰਾਜਦੂਤ ਖਾਲਿਦ ਖੈਸ਼ਗੀ ਨੂੰ ਇੱਕ ਸਖਤ ਸੰਦੇਸ਼ ਵਾਲੀ ਉਹੀ ਟੋਕਰੀ ਮਿਲੀ। ਉਸ ਸੰਦੇਸ਼ ਵਿੱਚ ਸਿਰੀਮਾਓ ਭੰਡਾਰਨਾਇਕ ਨੇ ਲਿਖਿਆ ਸੀ, 'ਅਸੀਂ ਉਨ੍ਹਾਂ ਹੱਥਾਂ ਤੋਂ ਭੇਜੇ ਅੰਬਾਂ ਨੂੰ ਸਵੀਕਾਰ ਨਹੀਂ ਕਰਦੇ, ਜੋ ਪਾਕਿਸਤਾਨ ਦੇ ਚੁਣੇ ਹੋਏ ਪ੍ਰਧਾਨ ਮੰਤਰੀ ਜ਼ੁਲਫਿਕਾਰ ਅਲੀ ਭੁੱਟੋ ਦੇ ਖੂਨ ਨਾਲ ਰੰਗੇ ਹੋਏ ਹਨ।' ਰਾਜਦੂਤ ਖਾਲਿਦ ਖੈਸ਼ਗੀ ਦੀ ਹਿੰਮਤ ਨਾ ਪਈ ਕਿ ਉਸ ਟੋਕਰੇ ਨੂੰ ਵਾਪਸ ਇਸਲਾਮਾਬਾਦ ਭੇਜੋ। ਮੁਲਤਾਨੀ ਅੰਬ ਆਖਿਰਕਾਰ ਦੂਤਾਵਾਸ ਦੇ ਕਰਮਚਾਰੀਆਂ ਨੇ ਖੁਦ ਖਾਧੇ।

# ਯੂਰਪ ਦਾ 'ਮੋਸਟ ਵਾਂਟਡ' ਤਸਕਰ 'ਸਕੌਰਪੀਅਨ'

## *ਕਈ ਸਾਲਾਂ ਤੱਕ ਮਨੁੱਖੀ ਤਸਕਰੀ ਦੇ ਕਾਰੋਬਾਰ ਉੱਤੇ ਦਬਦਬਾ ਰਿਹਾ*

### ਸੂ ਮਿਸ਼ੇਲ ਤੇ ਬੈਨ ਮਿਲਨੇ

ਇਰਾਕ ਦੇ ਇੱਕ ਸ਼ਾਪਿੰਗ ਮਾਲ ਵਿੱਚ ਸਾਹਮਣੇ ਬੈਠਾ ਸੀ, ਯੂਰਪ ਦਾ ਸਭ ਤੋਂ ਬਦਨਾਮ ਮਨੁੱਖੀ ਤਸਕਰ। ਉਸ ਦੀ ਭਾਲ ਵਿੱਚ ਬ੍ਰਿਟੇਨ ਸਮੇਤ ਕਈ ਦੇਸ਼ਾਂ ਦੀ ਪੁਲਿਸ ਉਨ੍ਹਾਂ ਦੇ ਪਿੱਛੇ ਹੈ। ਗੱਲਬਾਤ ਦੌਰਾਨ ਉਸ ਨੇ ਮੰਨਿਆ ਕਿ ਉਹ ਨਹੀਂ ਜਾਣਦਾ, ਕਿੰਨੇ ਜਣਿਆਂ ਨੂੰ ਇੰਗਲਿਸ਼ ਚੈਨਲ ਪਾਰ ਕਰਾ ਚੁੱਕਾ ਹੈ! 'ਸ਼ਾਇਦ ਇੱਕ ਹਜ਼ਾਰ ਜਾਂ ਸ਼ਾਇਦ ਦਸ ਹਜ਼ਾਰ, ਮੈਂ ਗਿਣੇ ਨਹੀਂ।'

ਰਿਫਿਊਜ਼ੀਆਂ ਨਾਲ ਕੰਮ ਕਰ ਚੁੱਕੇ ਸਾਬਕਾ ਫ਼ੌਜੀ ਰੌਬ ਲੌਰੀ ਨਾਲ ਮਿਲ ਕੇ 'ਸਕੌਰਪੀਅਨ' ਨਾਂ ਨਾਲ ਜਾਣੇ ਜਾਂਦੇ ਇਸ ਵਿਅਕਤੀ ਨੂੰ ਲੱਭਣ ਅਤੇ ਮਿਲਣ ਦੀ ਯੋਜਨਾ ਬਣਾਈ ਸੀ। ਕਈ ਸਾਲਾਂ ਤੱਕ ਸਕੌਰਪੀਅਨ ਅਤੇ ਉਸ ਦੇ ਗਿਰੋਹ ਦਾ ਮਨੁੱਖੀ ਤਸਕਰੀ ਦੇ ਕਾਰੋਬਾਰ ਉੱਤੇ ਦਬਦਬਾ ਰਿਹਾ ਹੈ। ਉਹ ਇਹ ਕੰਮ ਇੰਗਲਿਸ਼ ਚੈਨਲ ਦੇ ਖੇਤਰ ਵਿੱਚ ਲਾਰੀਆਂ ਅਤੇ ਕਿਸ਼ਤੀਆਂ ਰਾਹੀਂ ਕਰਦੇ ਸਨ।

ਸਾਲ 2018 ਤੋਂ ਲੈ ਕੇ 70 ਤੋਂ ਜ਼ਿਆਦਾ ਪਰਵਾਸੀਆਂ ਦੀ ਇੰਗਲਿਸ਼ ਚੈਨਲ ਪਾਰ ਕਰਨ ਦੌਰਾਨ ਮੌਤ ਹੋ ਚੁੱਕੀ ਹੈ। ਪਿਛਲੇ ਮਹੀਨੇ ਫਰੈਂਚ ਕੋਸਟ ਉੱਤੇ ਪੰਜ ਜਣੇ, ਜਿਨ੍ਹਾਂ ਵਿੱਚ ਇੱਕ ਸੱਤ ਸਾਲ ਦੀ ਬੱਚੀ ਵੀ ਸ਼ਾਮਲ ਸੀ, ਮਾਰੇ ਗਏ ਸਨ। ਹਰ ਸਾਲ ਹਜ਼ਾਰਾਂ ਪਰਵਾਸੀ 'ਇੰਗਲਿਸ਼ ਚੈਨਲ' ਪਾਰ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਖ਼ਤਰਨਾਕ ਸਫ਼ਰ ਹੈ, ਪਰ ਤਸਕਰਾਂ ਲਈ ਇਹ ਬਹੁਤ ਫਾਇਦੇਮੰਦ ਸਾਬਤ ਹੁੰਦਾ ਹੈ। ਕਿਸ਼ਤੀ ਰਾਹੀਂ ਜਾਣ ਦੇ ਉਹ ਹਰੇਕ ਜਣੇ ਤੋਂ 6000 ਪੌਂਡ ਤੱਕ ਵਸੂਲ ਸਕਦੇ ਹਨ। ਸਾਲ 2023 ਦੌਰਾਨ ਲਗਭਗ 30,000 ਲੋਕਾਂ ਨੇ ਇਹ ਕੋਸ਼ਿਸ਼ ਕੀਤੀ। ਮੁਨਾਫ਼ਾ ਹੋਣ ਦੀ ਕਿੰਨੀ ਵੱਡੀ ਸੰਭਾਵਨਾ ਹੈ, ਇਸ ਤੋਂ ਸਹਿਜੇ ਹੀ ਅੰਦਾਜ਼ਾ ਲੱਗ ਜਾਂਦਾ ਹੈ।

ਸਕੌਰਪੀਅਨ ਵਿੱਚ ਸਾਡੀ ਦਿਲਚਸਪੀ ਉੱਤਰੀ ਫਰਾਂਸ ਦੇ ਕਲਾਇਸ ਵਿੱਚ ਇੱਕ ਛੋਟੀ ਪਰਵਾਸੀ ਬੱਚੀ ਨੂੰ ਮਿਲਣ ਤੋਂ ਬਾਅਦ ਪੈਦਾ ਹੋਈ। ਇੱਕ ਹਵਾ ਵਾਲੀ ਕਿਸ਼ਤੀ ਰਾਹੀਂ ਇੰਗਲਿਸ਼ ਚੈਨਲ ਪਾਰ ਕਰਨ ਦੀ ਕੋਸ਼ਿਸ਼ ਦੌਰਾਨ ਉਹ ਮਰਦੀ-ਮਰਦੀ ਬਚੀ ਸੀ। ਕਿਸ਼ਤੀ ਸਸਤੀ ਸੀ ਅਤੇ ਸਮੁੰਦਰ ਦੇ ਲਾਇਕ ਨਹੀਂ ਸੀ। ਇਸ ਨੂੰ ਬੈਲਜੀਅਨ ਤੋਂ ਸੈਕੰਡ ਹੈਂਡ ਖ਼ਰੀਦਿਆ ਗਿਆ ਸੀ। ਇਸ ਵਿੱਚ 19 ਜਣੇ ਸਵਾਰ ਸਨ, ਜਿਨ੍ਹਾਂ ਨੇ ਕੋਈ ਜਾਨ ਬਚਾਊ ਜੈਕਟ ਵੀ ਨਹੀਂ ਸੀ ਪਾਈ ਹੋਈ। ਕੌਣ ਇਸ ਤਰ੍ਹਾਂ ਲੋਕਾਂ ਨੂੰ ਸਮੁੰਦਰ ਵਿੱਚ ਭੇਜ ਸਕਦਾ ਹੈ?

ਜਦੋਂ ਬ੍ਰਿਟੇਨ ਵਿੱਚ ਪੁਲਿਸ ਗੈਰ-ਕਾਨੂੰਨੀ ਪਰਵਾਸੀਆਂ ਨੂੰ ਫੜਦੀ ਹੈ ਤਾਂ ਉਹ ਉਨ੍ਹਾਂ ਦੇ ਮੋਬਾਈਲ ਫੋਨਾਂ ਦੀ ਜਾਂਚ ਕਰਦੀ ਹੈ। ਸਾਲ 2016 ਤੋਂ ਲਗਾਤਾਰ ਇੱਕ ਹੀ ਨੰਬਰ ਉੱਪਰ ਆ ਰਿਹਾ ਸੀ। ਕਈ ਵਾਰ ਇਸ ਨੂੰ 'ਸਕੌਰਪੀਅਨ' ਦੇ ਨਾਮ ਥੱਲੇ ਸੇਵ ਕੀਤਾ ਹੁੰਦਾ ਤਾਂ ਕਈ ਵਾਰ ਉਸ ਦੀ ਤਸਵੀਰ ਨਾਲ।

ਬ੍ਰਿਟੇਨ ਦੀ ਕੌਮੀ ਅਪਰਾਧ ਏਜੰਸੀ (ਐੱਨ.ਸੀ.ਏ.) ਦੇ ਸੀਨੀਅਰ ਜਾਂਚ ਅਧਿਕਾਰੀ ਮਾਰਟਿਨ ਕਲਾਰਕ ਅਨੁਸਾਰ ਜਾਂਚ ਅਧਿਕਾਰੀਆਂ ਨੂੰ ਲੱਗਣ ਲੱਗ ਪਿਆ ਸੀ ਕਿ 'ਸਕੌਰਪੀਅਨ' ਕਿਸੇ ਕੁਰਦ ਇਰਾਕੀ ਬੰਦੇ ਬਰਜ਼ਾਨ ਮਜੀਦ ਦਾ ਦੂਜਾ ਨਾਮ ਹੈ। ਸਾਲ 2006 ਵਿੱਚ 20 ਸਾਲ ਦੀ ਉਮਰ ਵਿੱਚ ਮਜੀਦ ਨੂੰ ਖ਼ੁਦ ਇੱਕ ਟਰੱਕ ਵਿੱਚ ਲੱਦ ਕੇ ਬ੍ਰਿਟੇਨ ਤਸਕਰੀ ਰਾਹੀਂ ਭੇਜਿਆ ਗਿਆ ਸੀ। ਹਾਲਾਂਕਿ ਅਗਲੇ ਸਾਲ ਉਸ ਨੂੰ ਜਾਣ ਲਈ ਕਹਿ ਦਿੱਤਾ ਗਿਆ ਸੀ, ਪਰ ਇਸਦੇ ਬਾਵਜੂਦ ਉਹ ਕਈ ਹੋਰ ਸਾਲ ਬ੍ਰਿਟੇਨ ਵਿੱਚ ਰਿਹਾ। ਜ਼ਿਆਦਾਤਰ ਸਮਾਂ ਉਹ ਨਸ਼ੇ ਅਤੇ ਬੰਦੂਕ ਨਾਲ ਜੁੜੇ ਅਪਰਾਧਾਂ ਦੇ ਸਿਲਸਿਲੇ ਵਿੱਚ ਜੇਲ੍ਹ ਅੰਦਰ ਰਿਹਾ।

ਆਖਰ ਸਾਲ 2015 ਵਿੱਚ ਉਸ ਨੂੰ ਡਿਪੋਰਟ ਕਰਕੇ ਇਰਾਕ ਭੇਜ ਦਿੱਤਾ ਗਿਆ। ਮੰਨਿਆ ਜਾਂਦਾ ਹੈ ਕਿ ਇਸ ਤੋਂ ਕੁਝ ਸਮੇਂ ਬਾਅਦ ਹੀ ਉਸ ਨੇ ਆਪਣੇ ਵੱਡੇ ਭਰਾ ਦਾ ਮਨੁੱਖੀ ਤਸਕਰੀ ਦਾ ਕਾਰੋਬਾਰ ਸੰਭਾਲ ਲਿਆ, ਜੋ ਕਿ ਉਸ ਸਮੇਂ ਬੈਲਜੀਅਮ ਦੀ ਜੇਲ੍ਹ ਵਿੱਚ ਬੰਦ ਸੀ। ਮੰਨਿਆ ਜਾਂਦਾ ਹੈ ਕਿ ਸਾਲ 2016 ਤੋਂ 2021 ਦੌਰਾਨ ਸਕੌਰਪੀਅਨ ਦੇ ਗਿਰੋਹ ਨੇ ਹੀ ਯੂਰਪ ਅਤੇ ਯੂ.ਕੇ. ਵਿਚਕਾਰ ਹੋਣ ਵਾਲੇ ਮਨੁੱਖੀ ਤਸਕਰੀ ਦੇ ਕਾਰੋਬਾਰ ਨੂੰ ਕੰਟਰੋਲ ਕੀਤਾ।

ਦੋ ਸਾਲ ਦੀ ਪੁਲਿਸ ਜਾਂਚ ਤੋਂ ਬਾਅਦ ਗਿਰੋਹ ਦੇ 26 ਮੈਂਬਰਾਂ ਨੂੰ ਯੂ.ਕੇ., ਫਰਾਂਸ ਅਤੇ ਬੈਲਜੀਅਮ ਵਿੱਚ ਗੈਰ-ਮੌਜੂਦਗੀ ਵਿੱਚ ਹੀ ਸੁਣਾਈ ਗਈ। ਉਸ ਦੀ ਗੈਰ-ਮੌਜੂਦਗੀ ਵਿੱਚ ਹੀ ਬੈਲਜੀਅਮ ਦੀ ਇੱਕ ਅਦਾਲਤ ਵਿੱਚ ਉਸ ਉੱਤੇ ਮੁਕੱਦਮਾ ਚੱਲਿਆ ਅਤੇ 121 ਜਣਿਆਂ ਦੀ ਤਸਕਰੀ ਵਿੱਚ ਉਸ ਨੂੰ ਮੁਜਰਿਮ ਕਰਾਰ ਦਿੱਤਾ ਗਿਆ। ਉਸ ਨੂੰ ਇੱਕ ਕਰੋੜ ਪੌਂਡ ਦਾ ਜੁਰਮਾਨਾ ਅਤੇ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਉਦੋਂ ਤੋਂ ਹੀ ਸਕੌਰਪੀਅਨ ਕਿੱਥੇ ਹੈ, ਕਿੱਥੇ ਨਹੀਂ? ਕੋਈ ਨਹੀਂ ਸੀ ਜਾਣਦਾ। ਇਹ ਇੱਕ ਰਹੱਸ ਸੀ, ਜਿਸ ਨੂੰ ਅਸੀਂ ਬੇਪਰਦ ਕਰਨਾ ਸੀ।

ਰੌਬ ਦੇ ਇੱਕ ਸੂਤਰ ਨੇ ਸਾਨੂੰ ਇੱਕ ਇਰਾਨੀ ਵਿਅਕਤੀ ਨਾਲ ਮਿਲਾਇਆ, ਜਿਸਨੇ ਕਿਹਾ ਕਿ ਉਸਨੇ ਸਕੌਰਪੀਅਨ ਨਾਲ ਕੰਮ ਕੀਤਾ ਹੈ। ਉਸਦਾ ਕਹਿਣਾ ਸੀ ਕਿ ਸਕੌਰਪੀਅਨ ਹੁਣ ਤੁਰਕੀ ਵਿੱਚ ਹੈ ਅਤੇ ਉੱਥੋਂ ਹੀ ਕਾਰੋਬਾਰ ਸੰਭਾਲ ਰਿਹਾ ਸੀ। ਬੈਲਜੀਅਮ ਵਿੱਚ ਅਸੀਂ ਮਜੀਦ ਦੇ ਵੱਡੇ ਭਰਾ ਨੂੰ ਲੱਭਿਆ- ਜੋ ਹੁਣ ਰਿਹਾਅ ਹੋ ਚੁੱਕਾ ਸੀ। ਉਸ ਨੇ ਵੀ ਕਿਹਾ ਕਿ ਸਕੌਰਪੀਅਨ ਤੁਰਕੀ ਵਿੱਚ ਹੀ ਹੋ ਸਕਦਾ ਹੈ। ਬ੍ਰਿਟੇਨ ਆਉਣ ਵਾਲੇ ਜ਼ਿਆਦਾਤਰ ਪਰਵਾਸੀਆਂ ਲਈ ਤੁਰਕੀ ਇੱਕ ਅਹਿਮ ਟਿਕਾਣਾ ਹੈ। ਆਪਣੇ ਪਰਵਾਸ ਕਾਨੂੰਨਾਂ ਕਰਕੇ ਅਫਰੀਕਾ, ਏਸ਼ੀਆ ਅਤੇ ਮਿਡਲ ਈਸਟ ਦੇਸਾਂ ਤੋਂ ਤੁਰਕੀ ਦਾ ਵੀਜ਼ਾ ਮਿਲਣਾ ਸੌਖਾ ਹੈ।

ਇੱਕ ਸੁਰਾਗ ਦਾ ਪਿੱਛਾ ਕਰਦੇ ਅਸੀਂ ਇਸਤਾਂਬੁਲ ਪਹੁੰਚੇ। ਲੋਕਾਂ ਤੋਂ ਸ਼ੁਰੂਆਤੀ ਪੁੱਛਗਿੱਛ ਵਿੱਚ ਕੁਝ ਹੱਥ ਨਹੀਂ ਲੱਗਿਆ। ਅਸੀਂ ਇੱਥੇ ਇੱਕ ਕੈਫੇ ਦੇ ਮੈਨੇਜਰ ਨੂੰ ਪੁੱਛਿਆ, ਕੀ ਉਹ ਸਾਨੂੰ ਕਾਰੋਬਾਰ ਬਾਰੇ ਕੁਝ ਦੱਸ ਸਕਦਾ ਹੈ! ਕੈਫ਼ੇ ਵਿੱਚ ਜਿਵੇਂ ਸੁੰਨ ਫੈਲ ਗਈ। ਜਲਦੀ ਹੀ ਇੱਕ ਜਣਾ ਸਾਡੇ ਮੇਜ਼ ਦੇ ਕੋਲੋਂ ਲੰਘਿਆ ਅਤੇ ਆਪਣੀ ਜੈਕਟ ਖੋਲ੍ਹ ਕੇ ਸਾਨੂੰ ਦਿਖਾਈ ਕਿ ਉਸ ਕੋਲ ਪਿਸਤੌਲ ਹੈ। ਇਹ ਇੱਕ ਚੇਤਾਵਨੀ ਸੀ ਕਿ ਅਸੀਂ ਖ਼ਤਰਨਾਕ ਲੋਕਾਂ ਵਿੱਚ ਸੀ।



■ ਤਸਕਰੀ ਦੇ ਦੋ ਪਹਿਲੂ: 'ਇੰਗਲਿਸ਼ ਚੈਨਲ' ਅਤੇ 'ਸਕੌਰਪੀਅਨ'

ਅਗਲੇ ਟਿਕਾਣੇ ਉੱਤੇ ਸਾਨੂੰ ਕੁਝ ਨਤੀਜੇ ਮਿਲੇ। ਸਾਨੂੰ ਦੱਸਿਆ ਗਿਆ ਕਿ ਮਜੀਦ ਨੇ ਹਾਲ ਹੀ ਵਿੱਚ ਦੋ ਲੱਖ ਪੌਂਡ ਨੇੜੇ ਹੀ ਇੱਕ ਮਨੀ ਐਕਸਚੇਂਜ ਵਿੱਚ ਜਮ੍ਹਾਂ ਕਰਵਾਏ ਸਨ। ਅਸੀਂ ਆਪਣਾ ਨੰਬਰ ਉੱਥੇ ਛੱਡ ਦਿੱਤਾ ਅਤੇ ਅੱਧੀ ਰਾਤ ਨੂੰ ਰੌਬ ਦਾ ਫੋਨ ਵੱਜਿਆ। ਫੋਨ ਕਰਨ ਵਾਲੇ ਨੇ ਦੱਸਿਆ ਕਿ ਉਹ ਬਰਜ਼ਾਨ ਮਜੀਦ ਹੈ।

ਰਾਤ ਬਹੁਤ ਸੀ ਅਤੇ ਅਸੀਂ ਇਸ ਲਈ ਤਿਆਰ ਵੀ ਨਹੀਂ ਸੀ, ਇਸ ਲਈ ਅਸੀਂ ਕਾਲ ਨੂੰ ਸ਼ੁਰੂ ਵਿੱਚ ਰਿਕਾਰਡ ਨਹੀਂ ਕਰ ਸਕੇ। ਰੌਬ ਨੂੰ ਯਾਦ ਹੈ ਕਿ ਦੂਜੇ ਪਾਸੇ ਤੋਂ ਆ ਰਹੀ ਆਵਾਜ਼ ਨੇ ਕਿਹਾ ਸੀ, "ਮੈਂ ਸੁਣਿਆ ਹੈ ਤੁਸੀਂ ਮੈਨੂੰ ਲੱਭ ਰਹੇ ਹੋ?" ਮੈਂ ਕਿਹਾ, "ਤੁਸੀਂ ਕੌਣ ਹੋ? ਸਕੌਰਪੀਅਨ?" "ਹਾਂ! ਤੁਸੀਂ ਮੈਨੂੰ ਇਹੀ ਬੁਲਾਉਣਾ ਚਾਹੁੰਦੇ ਹੋ? ਠੀਕ ਹੈ।"

ਇਹ ਦੱਸਣ ਦਾ ਕੋਈ ਢੰਗ ਨਹੀਂ ਸੀ ਕਿ ਇਹੀ ਅਸਲੀ ਬਰਜ਼ਾਨ ਸੀ। ਜਦਕਿ ਜੋ ਕੁਝ ਉਹ ਦੱਸ ਰਿਹਾ ਸੀ, ਉਹ ਜੋ ਸਾਨੂੰ ਪਤਾ ਸੀ, ਉਸ ਨਾਲ ਮੇਲ ਖਾ ਰਹੇ ਸਨ। ਉਸ ਨੇ ਕਿਹਾ, ਉਹ 2015 'ਚ ਡਿਪੋਰਟ ਕੀਤੇ ਜਾਣ ਤੱਕ ਨੌਟਿੰਘਮ ਵਿੱਚ ਰਿਹਾ ਸੀ; ਹਾਲਾਂਕਿ ਉਸਨੇ ਤਸਕਰੀ ਦੇ ਕਾਰੋਬਾਰ ਵਿੱਚ ਸ਼ਮੂਲੀਅਤ ਤੋਂ ਇਨਕਾਰ ਕੀਤਾ। ਉਸਨੇ ਵਿਰੋਧ ਕੀਤਾ, 'ਇਹ ਸੱਚ ਨਹੀਂ ਹੈ। ਇਹ ਸਿਰਫ਼ ਮੀਡੀਆ ਹੈ।' ਵਾਰ-ਵਾਰ ਪੁੱਛਣ 'ਤੇ ਵੀ ਉਸ ਨੇ ਕੋਈ ਸੁਰਾਗ ਨਹੀਂ ਦਿੱਤਾ।

ਸਾਨੂੰ ਕੁਝ ਪਤਾ ਨਹੀਂ ਸੀ ਕਿ ਉਹ ਕਦੋਂ ਦੁਬਾਰਾ ਫੋਨ ਕਰੇਗਾ ਜਾਂ ਕਰੇਗਾ ਵੀ ਕਿ ਨਹੀਂ! ਇਸੇ ਦੌਰਾਨ ਰੌਬ ਦੇ ਇੱਕ ਸਥਾਨਕ ਸੂਤਰ ਨੇ ਸਾਨੂੰ ਦੱਸਿਆ ਕਿ ਸਕੌਰਪੀਅਨ ਹੁਣ ਪਰਵਾਸੀਆਂ ਦੀ ਤੁਰਕੀ ਤੋਂ ਗਰੀਸ ਅਤੇ ਇਟਲੀ ਦੀ ਤਸਕਰੀ ਵਿੱਚ ਸ਼ਾਮਿਲ ਹੈ। ਜੋ ਅਸੀਂ ਸੁਣਿਆ, ਉਹ ਪ੍ਰੇਸ਼ਾਨ ਕਰਨ ਵਾਲਾ ਸੀ। 100 ਤੋਂ ਜ਼ਿਆਦਾ ਮਰਦ, ਔਰਤਾਂ ਅਤੇ ਬੱਚਿਆਂ ਨੂੰ ਯਾਟਸ ਵਿੱਚ ਭਰਿਆ ਜਾ ਰਿਹਾ ਸੀ, ਜਿਨ੍ਹਾਂ ਵਿੱਚ ਸਿਰਫ਼ 12 ਜਣੇ ਬਿਠਾਉਣ ਦੀ ਆਗਿਆ ਸੀ। ਯਾਟਸ ਨੂੰ ਅਕਸਰ ਜਹਾਜ਼ਰਾਨੀ ਦਾ ਤਜਰਬਾ ਰੱਖਣ ਵਾਲੇ ਤਸਕਰ ਹੀ ਚਲਾਉਂਦੇ ਸਨ। ਉਹ ਤਟ ਰੱਖਿਅਕਾਂ ਤੋਂ ਬਚਣ ਲਈ ਛੋਟੇ-ਛੋਟੇ ਟਾਪੂਆਂ ਦਾ ਖ਼ਤਰਨਾਕ ਰਸਤਾ ਅਪਨਾਉਂਦੇ ਸਨ।

ਮੋਟਾ ਪੈਸਾ ਬਣਾਇਆ ਜਾਣਾ ਸੀ। ਯਾਤਰੀਆਂ ਨੂੰ ਕਿਸੇ ਕਿਸ਼ਤੀ ਵਿੱਚ ਥਾਂ ਲੈਣ ਲਈ 10,000 ਯੂਰੋ ਦੇਣ ਲਈ ਕਿਹਾ ਗਿਆ ਸੀ। ਸਮਝਿਆ ਜਾਂਦਾ ਹੈ ਕਿ ਪਿਛਲੇ 10 ਸਾਲਾਂ ਦੌਰਾਨ 7,20,000 ਤੋਂ ਜ਼ਿਆਦਾ ਲੋਕਾਂ ਨੇ ਪੂਰਬੀ ਮੈਡੀਟਰੇਨੀਅਨ ਰਾਹੀਂ ਯੂਰਪ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ, ਜਿਨ੍ਹਾਂ ਵਿੱਚੋਂ ਕਰੀਬ 2500 ਜਣਿਆਂ ਦੀ ਮੌਤ ਹੋ ਗਈ ਸੀ। ਜ਼ਿਆਦਾਤਰ ਦੀ ਮੌਤ ਡੁੱਬਣ ਕਰਕੇ ਹੋਈ ਸੀ।

ਜੂਲੀਆ ਸ਼ੈਪਰਮੇਅਰ ਐੱਸ.ਓ.ਐੱਸ. ਮੈਡੀਟਰੇਨੀਅਨ ਨਾਲ ਸਬੰਧਤ ਹਨ। ਉਹ ਕਹਿੰਦੇ ਹਨ ਕਿ "ਤਸਕਰ ਲੋਕਾਂ ਦੀਆਂ ਜਾਨਾਂ ਨੂੰ ਗੰਭੀਰ ਖ਼ਤਰੇ ਵਿੱਚ ਪਾਉਂਦੇ ਹਨ। ਮੈਨੂੰ ਨਹੀਂ ਲਗਦਾ ਕਿ ਉਨ੍ਹਾਂ ਨੂੰ ਲੋਕਾਂ ਦੇ ਮਰਨ ਜਾਂ ਜਿਉਣ ਨਾਲ ਕੋਈ ਫਰਕ ਪੈਂਦਾ ਹੈ।"

ਇਸ ਵਾਰ ਸਾਡੇ ਕੋਲ ਸਕੌਰਪੀਅਨ ਨੂੰ ਸਿੱਧਾ ਸਵਾਲ ਕਰਨ ਦਾ ਮੌਕਾ ਸੀ। ਅਚਾਨਕ ਉਸ ਨੇ ਸਾਨੂੰ ਦੋਬਾਰਾ ਫੋਨ ਕੀਤਾ। ਇੱਕ ਵਾਰ ਫਿਰ ਉਸ ਨੇ ਆਪਣੇ ਤਸਕਰ ਹੋਣ ਤੋਂ ਇਨਕਾਰ ਕੀਤਾ। ਹਾਲਾਂਕਿ ਉਸ ਦੀ ਪਰਿਭਾਸ਼ਾ ਮੁਤਾਬਕ ਲੱਗਿਆ ਕਿ ਤਸਕਰ ਉਹ ਹੈ, ਜੋ ਨਿੱਜੀ ਰੂਪ ਵਿੱਚ ਇਹ ਕੰਮ ਕਰ ਰਿਹਾ ਹੈ, ਨਾ ਕਿ ਉਹ ਜੋ ਡੋਰਾਂ ਖਿੱਚ ਰਿਹਾ ਹੈ। ਉਸ ਨੇ ਕਿਹਾ ਕਿ ਉਹ ਤਾਂ ਸਿਰਫ਼ 'ਮਨੀ ਮੈਨ' ਹੈ।

ਇਸ ਤਰ੍ਹਾਂ ਵੀ ਲੱਗਿਆ ਕਿ ਉਹ ਡੁੱਬਣ ਵਾਲੇ ਪਰਵਾਸੀਆਂ ਨਾਲ ਕੁਝ ਹਮਦਰਦੀ ਵੀ ਦਿਖਾ ਰਿਹਾ ਸੀ, "ਰੱਬ ਲਿਖਦਾ ਹੈ ਕਿ ਤੁਸੀਂ ਕਦੋਂ ਮਰੋਗੇ, ਪਰ ਕਦੇ-ਕਦੇ ਇਹ ਤੁਹਾਡੀ ਗਲਤੀ ਹੁੰਦੀ ਹੈ।" ਫਿਰ ਉਸਨੇ ਕਿਹਾ, "ਰੱਬ ਕਦੇ ਨਹੀਂ ਕਹਿੰਦਾ ਇਸ ਕਿਸ਼ਤੀ ਵਿੱਚ ਜਾਓ!"

ਸਾਡਾ ਅਗਲਾ ਟਿਕਾਣਾ ਮਾਰਮਾਰਿਸ ਦਾ ਇੱਕ ਰਿਜ਼ੌਰਟ ਸੀ, ਜਿੱਥੇ ਤੁਰਕੀ ਦੀ ਪੁਲਿਸ ਮੁਤਾਬਕ ਸਕੌਰਪੀਅਨ ਦਾ ਇੱਕ ਵਿਲਾ ਹੈ। ਅਸੀਂ ਆਲੇ-ਦੁਆਲੇ ਪੁੱਛਿਆ ਅਤੇ ਇੱਕ ਫੋਨ ਕਾਲ ਆਈ, ਸਾਹਮਣਿਓਂ ਕਿਸੇ ਨੇ ਕਿਹਾ ਕਿ ਉਹ ਸਕੌਰਪੀਅਨ ਦੀ ਦੋਸਤ ਸੀ। ਉਹ ਜਾਣਦੀ ਸੀ ਕਿ ਮਜੀਦ ਮਨੁੱਖੀ-ਤਸਕਰੀ ਵਿੱਚ ਸ਼ਾਮਿਲ ਸੀ। ਉਸ ਨੇ ਕਿਹਾ ਕਿ ਭਾਵੇਂ ਇਸ ਨਾਲ ਉਸ ਨੂੰ ਤਣਾਅ ਹੁੰਦਾ ਹੈ, ਪਰ ਉਸਦੀ ਚਿੰਤਾ ਪੈਸੇ ਬਾਰੇ ਹੁੰਦੀ ਹੈ, ਨਾ ਕਿ ਪਰਵਾਸੀਆਂ ਦੀ ਹੋਣੀ ਬਾਰੇ। ਉਸ ਨੇ ਕਿਹਾ, "ਉਹ ਉਨ੍ਹਾਂ ਦੀ ਫਿਕਰ ਨਹੀਂ ਕਰਦਾ। ਇਹ ਵਾਕੱਈ ਦੁੱਖਦਾਈ ਹੈ, ਨਹੀਂ?" ਉਸ ਨੇ ਅੱਗੇ ਕਿਹਾ, "ਇਹ ਕੁਝ ਅਜਿਹਾ ਹੈ ਜੋ ਮੈਂ ਯਾਦ ਕਰਦੀ ਹਾਂ ਅਤੇ ਸ਼ਰਮ ਮਹਿਸੂਸ ਕਰਦੀ ਹਾਂ, ਕਿਉਂਕਿ ਮੈਂ ਅਜਿਹੀਆਂ ਚੀਜ਼ਾਂ ਸੁਣਦੀ ਹਾਂ, ਜੋ ਮੈਂ ਜਾਣਦੀ ਸੀ ਕਿ ਚੰਗੀਆਂ ਨਹੀਂ ਸਨ।"

ਉਸ ਨੇ ਦੱਸਿਆ ਕਿ ਫਿਲਹਾਲ ਤਾਂ ਉਸ ਨੇ ਮਜੀਦ ਨੂੰ ਵਿਲਾ ਵਿੱਚ ਨਹੀਂ ਦੇਖਿਆ, ਹਾਲਾਂਕਿ ਕੁਝ ਲੋਕਾਂ ਨੇ ਉਸ ਨੂੰ ਦੱਸਿਆ ਹੈ, ਉਹ ਇਰਾਕ ਵਿੱਚ ਹੋ ਸਕਦਾ ਹੈ। ਇਸ ਦੀ ਪੁਸ਼ਟੀ ਇੱਕ ਹੋਰ ਸੂਤਰ ਨੇ ਕੀਤੀ, ਜਿਸ ਮੁਤਾਬਕ ਸਕੌਰਪੀਅਨ ਨੂੰ ਇਰਾਕ ਦੇ ਕੁਰਦਿਸ਼ ਇਲਾਕੇ ਦੀ ਇੱਕ ਮਨੀ ਐਕਸਚੇਂਜ ਵਿੱਚ ਦੇਖਿਆ ਹੈ।

ਅਸੀਂ ਰਵਾਨਾ ਹੋ ਗਏ, ਪਰ ਅਸੀਂ ਸਕੌਰਪੀਅਨ ਨੂੰ ਲੱਭ ਨਹੀਂ ਸਕੇ। ਸਾਨੂੰ ਲੱਗਿਆ ਕਿ ਸਾਨੂੰ ਉਮੀਦ ਛੱਡ ਦੇਣੀ ਚਾਹੀਦੀ ਹੈ। ਇਸੇ ਦੌਰਾਨ ਰੌਬ ਦਾ ਸੰਪਰਕ ਉਸ ਨਾਲ ਰਾਬਤਾ ਕਰਨ ਵਿੱਚ ਕਾਮਯਾਬ ਹੋ ਗਿਆ। ਕਿਸੇ ਨਾ ਕਿਸੇ ਤਰ੍ਹਾਂ ਅਸੀਂ ਉਸ ਨੂੰ ਫੜ ਕੇ ਵਾਪਸ ਯੂਰਪ ਲਿਜਾਣ ਦੀ ਯੋਜਨਾ ਬਣਾ ਲਈ।

ਪਹਿਲਾਂ ਰੌਬ ਦੇ ਸੰਪਰਕ ਅਤੇ ਫਿਰ ਸਿੱਧੇ ਰੌਬ ਰਾਹੀਂ ਬਹੁਤ ਸਾਰੇ ਸੁਨੇਹੇ ਆਏ ਤੇ ਗਏ। ਸਕੌਰਪੀਅਨ ਨੇ ਕਿਹਾ ਕਿ ਉਹ ਸਾਨੂੰ ਮਿਲ ਸਕਦਾ ਹੈ। ਬਸ਼ਰਤੇ ਥਾਂ ਦੀ ਚੋਣ ਉਸ ਨੂੰ ਕਰਨ ਦਿੱਤੀ ਜਾਵੇ। ਇਸ ਤੋਂ ਅਸੀਂ ਇਨਕਾਰ ਕਰ ਦਿੱਤਾ, ਕਿ ਉਹ ਸਾਨੂੰ ਫਸਾ ਰਿਹਾ ਹੋ ਸਕਦਾ ਹੈ।

ਫਿਰ ਇੱਕ ਟੈਕਸਟ ਮੈਸਜ ਆਇਆ, "ਤੁਸੀਂ ਕਿੱਥੇ ਹੋ?" ਅਸੀਂ ਕਿਹਾ ਕਿ ਅਸੀਂ ਨਜ਼ਦੀਕੀ ਮਾਲ ਵੱਲ ਜਾ ਰਹੇ ਸੀ। ਸਕੌਰਪੀਅਨ ਨੇ ਸਾਨੂੰ ਉੱਥੇ ਪਹਿਲੀ ਮੰਜ਼ਿਲ ਉੱਤੇ ਇੱਕ ਕੌਫ਼ੀ ਸ਼ੌਪ ਵਿੱਚ ਮਿਲਣ ਨੂੰ ਕਿਹਾ। ਆਖਰ ਅਸੀਂ ਉਸ ਨੂੰ ਦੇਖਿਆ। ਸੂਅ ਅਤੇ ਰੌਬ ਦੀ ਸਕੌਰਪੀਅਨ ਨਾਲ ਮੁਲਾਕਾਤ ਨੂੰ ਉਨ੍ਹਾਂ ਦੇ ਡਰਾਈਵਰ ਨੇ ਚੋਰੀ-ਛਿਪੇ ਫਿਲਮਾਇਆ।

ਬਰਜ਼ਾਨ ਮਜੀਦ ਉਰਫ ਸਕੌਰਪੀਅਨ ਇੱਕ ਰਈਸ ਗੌਲਫ ਖਿਡਾਰੀ ਵਰਗਾ ਲੱਗ ਰਿਹਾ ਸੀ। ਉਸ ਨੇ ਵਧੀਆ ਕੱਪੜੇ ਪਾਏ ਹੋਏ ਸਨ। ਉਸ ਨੇ ਨਵੀਂ ਕਾਲੀ ਜੀਨ, ਹਲਕੇ ਨੀਲੇ ਰੰਗ ਦੀ ਟੀ-ਸ਼ਰਟ ਅਤੇ ਇੱਕ ਕਾਲੀ ਅੱਧੀਆਂ ਬਾਹਾਂ ਦੀ ਜੈਕਟ ਪਾਈ ਹੋਈ ਸੀ। ਜਦੋਂ ਉਸ ਨੇ ਆਪਣੇ ਹੱਥ ਮੇਜ਼ ਉੱਤੇ ਰੱਖੇ ਤਾਂ ਮੈਂ ਦੇਖਿਆ ਉਸਦੇ ਨਹੁੰ ਸੰਵਾਰੇ ਹੋਏ ਸਨ।

ਇਸੇ ਦੌਰਾਨ ਤਿੰਨ ਹੋਰ ਜਣੇ ਸਾਡੇ ਨੇੜੇ ਇੱਕ ਹੋਰ ਮੇਜ਼ ਉੱਤੇ ਆ ਕੇ ਬੈਠ ਗਏ। ਇਹ ਸ਼ਾਇਦ ਉਸਦੀ ਸੁਰੱਖਿਆ ਟੀਮ ਵਾਲੇ ਸਨ। ਇੱਕ ਵਾਰ ਫਿਰ ਉਸ ਨੇ ਕਿਸੇ ਅਪਰਾਧਿਕ ਸੰਗਠਨ ਦਾ ਸਰਗਨਾ ਹੋਣ ਤੋਂ ਇਨਕਾਰ ਕੀਤਾ। ਉਸ ਨੇ ਕਿਹਾ ਕਿ ਦੂਜੇ ਗੈਂਗ ਮੈਂਬਰਾਂ ਨੇ ਉਸ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਨੇ ਕੁਝ ਕੁੜੱਤਣ ਨਾਲ ਕਿਹਾ ਕਿ ਕੁਝ ਹੋਰ ਤਸਕਰਾਂ ਨੂੰ ਬ੍ਰਿਟਿਸ਼ ਪਾਸਪੋਰਟ ਦਿੱਤਾ ਗਿਆ ਅਤੇ ਉਨ੍ਹਾਂ ਨੇ ਕੰਮ ਵੀ ਜਾਰੀ ਰੱਖਿਆ। ਉਹ ਬੋਲਿਆ, "ਤਿੰਨ ਦਿਨਾਂ ਦੇ ਅੰਦਰ, ਇੱਕ ਜਣੇ ਨੇ 170 ਤੋਂ 180 ਜਣੇ ਤੁਰਕੀ ਤੋਂ ਇਟਲੀ ਭੇਜੇ। ਉਸ ਕੋਲ ਅਜੇ ਵੀ ਬ੍ਰਿਟਿਸ਼ ਪਾਸਪੋਰਟ ਹੈ। ਮੈਂ ਕੰਮ ਕਰਨ ਲਈ ਕਿਸੇ ਹੋਰ ਦੇਸ ਜਾਣਾ ਚਾਹੁੰਦਾ ਹਾਂ। ਮੈਂ ਨਹੀਂ ਜਾ ਸਕਦਾ।"

ਅਸੀਂ ਪਰਵਾਸੀਆਂ ਦੀ ਮੌਤ ਦੀ ਜ਼ਿੰਮੇਵਾਰੀ ਸਵੀਕਾਰ ਕਰਨ ਲਈ ਉਸ ਉੱਤੇ ਦਬਾਅ ਪਾਇਆ। ਉਸ ਨੇ ਜੋ ਫ਼ੋਨ ਉੱਤੇ ਕਿਹਾ ਸੀ, ਉਹੀ ਦੁਹਰਾਇਆ ਕਿ ਉਸ ਨੇ ਤਾਂ ਸਿਰਫ਼ ਪੈਸੇ ਲੈ ਕੇ ਥਾਂ ਬੁੱਕ ਕੀਤੀ ਸੀ। ਉਸ ਲਈ ਤਸਕਰ ਤਾਂ ਉਹ ਹੈ, ਜਿਸ ਨੇ ਲੋਕਾਂ ਨੂੰ ਕਿਸ਼ਤੀਆਂ ਅਤੇ ਲਾਰੀਆਂ ਵਿੱਚ ਲੱਦਿਆ ਅਤੇ ਉਨ੍ਹਾਂ ਨੂੰ ਟਰਾਂਸਪੋਰਟ ਕੀਤਾ।

ਗੱਲਬਾਤ ਖ਼ਤਮ ਹੋ ਗਈ, ਪਰ ਸਕੌਰਪੀਅਨ ਨੇ ਰੌਬ ਨੂੰ ਸੁਲੇਮਾਨੀਆ ਵਿੱਚ ਉਹ ਮਨੀ ਐਕਸਚੇਂਜ ਦੇਖਣ ਦਾ ਸੱਦਾ ਦਿੱਤਾ, ਜਿੱਥੋਂ ਉਹ ਕੰਮ ਕਰਦਾ ਸੀ। ਇਹ ਇੱਕ ਛੋਟਾ ਜਿਹਾ ਦਫ਼ਤਰ ਸੀ। ਖਿੜਕੀ ਉੱਤੇ ਅਰਬੀ ਵਿੱਚ ਕੁਝ ਲਿਖਿਆ ਹੋਇਆ ਸੀ ਅਤੇ ਕੁਝ ਫੋਨ ਨੰਬਰ ਲਿਖੇ ਸਨ। ਲੋਕ ਇੱਥੇ ਲੰਘਾਉਣ ਲਈ ਪੈਸੇ ਦੇਣ ਆਉਂਦੇ ਸਨ। ਰੌਬ ਨੇ ਕਿਹਾ ਕਿ ਉੱਥੇ ਕਿਸੇ ਜਣੇ ਨੂੰ ਨਗਦੀ ਦਾ ਭਰਿਆ ਡੱਬਾ ਲੈ ਕੇ ਜਾਂਦੇ ਦੇਖਿਆ।

ਇਸ ਦੌਰਾਨ ਸਕੌਰਪੀਅਨ ਨੇ ਦੱਸਿਆ ਕਿ ਉਹ ਸਾਲ 2016 ਵਿੱਚ ਇਸ ਕਾਰੋਬਾਰ ਵਿੱਚ ਕਿਵੇਂ ਆਇਆ, ਜਦੋਂ ਹਜ਼ਾਰਾਂ ਲੋਕ ਯੂਰਪ ਜਾ ਰਹੇ ਸਨ। 'ਉਹ ਤਸਕਰਾਂ ਦੀਆਂ ਮਿੰਨਤਾਂ ਕਰ ਰਹੇ ਸਨ। ਕਿਰਪਾ ਕਰਕੇ ਸਾਡੇ ਲਈ ਕਰ ਦਿਓ।' ਕਦੇ-ਕਦੇ ਤਸਕਰ ਕਹਿ ਦਿੰਦੇ ਸਨ, 'ਸਿਰਫ਼ ਰੱਬ ਕਰਕੇ ਮੈਂ ਉਨ੍ਹਾਂ ਲਈ ਕਰ ਦਿਆਂਗਾ।'

ਸਾਲ 2016 ਤੋਂ 2019 ਦੌਰਾਨ ਸਕੌਰਪੀਅਨ ਨੇ ਦੱਸਿਆ ਕਿ ਉਹ ਬੈਲਜੀਅਮ ਅਤੇ ਫਰਾਂਸ ਵਿੱਚ ਕਾਰੋਬਾਰ ਦੇਖਣ ਵਾਲੇ ਦੋ ਪ੍ਰਮੁੱਖ ਬੰਦਿਆਂ ਵਿੱਚੋਂ ਇੱਕ ਸੀ। ਉਸ ਨੇ ਇਹ ਵੀ ਮੰਨਿਆ ਕਿ ਇਸ ਦੌਰਾਨ ਉਸਨੇ ਕਈ ਲੱਖ ਡਾਲਰ ਇੱਧਰ-ਉੱਧਰ ਕੀਤੇ ਸਨ, "ਮੈਂ ਉਨ੍ਹਾਂ ਲਈ ਪੈਸਾ, ਜਗ੍ਹਾ, ਯਾਤਰੀ, ਤਸਕਰਾਂ ਵਰਗੇ ਕੰਮ ਕੀਤੇ...। ਮੈਂ ਉਨ੍ਹਾਂ ਸਾਰਿਆਂ ਦੇ ਵਿੱਚ ਸੀ।"

ਉਹਨੇ ਮਨੁੱਖੀ ਤਸਕਰੀ ਵਿੱਚ ਸ਼ਾਮਿਲ ਹੋਣ ਤੋਂ ਇਨਕਾਰ ਕੀਤਾ, ਪਰ ਉਸਦੇ ਕੰਮ ਉਸਦੇ ਸ਼ਬਦਾਂ ਤੋਂ ਉਲਟ ਬਿਆਨ ਕਰ ਰਹੇ ਸਨ। ਸਕੌਰਪੀਅਨ ਨੂੰ ਇਸ ਬਾਰੇ ਪਤਾ ਨਹੀਂ ਚੱਲਿਆ, ਪਰ ਜਦੋਂ ਉਹ ਆਪਣਾ ਫੋਨ ਦੇਖ ਰਿਹਾ ਸੀ ਤਾਂ ਰੌਬ ਨੇ ਪਿੱਛੇ ਲੱਗੀ ਤਸਵੀਰ ਵਿੱਚ ਫੋਨ ਦਾ ਅਕਸ ਦੇਖਿਆ। ਸਾਨੂੰ ਬਾਅਦ ਵਿੱਚ ਪਤਾ ਲੱਗਿਆ ਕਿ ਤਸਕਰ ਇਨ੍ਹਾਂ ਨੂੰ ਇਰਾਕ ਦੇ ਅਧਿਕਾਰੀਆਂ ਨੂੰ ਭੇਜਦੇ ਹਨ। ਫਿਰ ਉਨ੍ਹਾਂ ਅਧਿਕਾਰੀਆਂ ਨੂੰ ਨਕਲੀ ਵੀਜ਼ਾ ਜਾਰੀ ਕਰਨ ਲਈ ਰਿਸ਼ਵਤ ਦਿੱਤੀ ਜਾਂਦੀ।

ਇਹ ਆਖਰੀ ਵਾਰ ਸੀ ਜਦੋਂ ਅਸੀਂ ਸਕੌਰਪੀਅਨ ਨੂੰ ਦੇਖਿਆ। ਹਰ ਪੜਾਅ ਉੱਤੇ ਅਸੀਂ ਯੂ.ਕੇ. ਅਤੇ ਯੂਰਪ ਵਿੱਚ ਅਧਿਕਾਰੀਆਂ ਨਾਲ ਆਪਣੀ ਜਾਣਕਾਰੀ ਸਾਂਝੀ ਕੀਤੀ।

ਐਨ ਲੁਕੋਵਿਆਕ, ਬੈਲਜੀਅਮ ਵਿੱਚ ਇੱਕ ਸਰਕਾਰੀ ਵਕੀਲ ਹਨ, ਜੋ ਸਕੌਰਪੀਅਨ ਨੂੰ ਸਜ਼ਾ ਕਰਾਉਣ ਵਿੱਚ ਸ਼ਾਮਿਲ ਸਨ। ਉਹ ਅਜੇ ਵੀ ਉਮੀਦ ਕਰਦੇ ਹਨ ਕਿ ਸਕੌਰਪੀਅਨ ਨੂੰ ਇਰਾਕ ਤੋਂ ਮੰਗਵਾ ਲਿਆ ਜਾਵੇਗਾ। ਉਹ ਕਹਿੰਦੇ ਹਨ, "ਸਾਡੇ ਲਈ ਇਹ ਇਸ਼ਾਰਾ ਭੇਜਣਾ ਮਹੱਤਵਪੂਰਨ ਹੈ ਕਿ ਤੁਸੀਂ ਜੋ ਚਾਹੋ, ਉਹ ਨਹੀਂ ਕਰ ਸਕਦੇ...। ਆਖਰ ਅਸੀਂ ਉਸ ਨੂੰ ਡੇਗ ਲਵਾਂਗੇ।"

---

*(ਬੀ.ਬੀ.ਸੀ. ਤੋਂ ਧੰਨਵਾਦ ਸਹਿਤ)*

ਸੈਰ-ਸਪਾਟਾ

ਰਵਿੰਦਰ ਸਿੰਘ ਸੋਢੀ, ਕੈਨੇਡਾ
ਫੋਨ: 1-604-369-2371



# ਡਿਜ਼ਨੀ ਲੈਂਡ ਅਤੇ ਇਰਦ-ਗਿਰਦ

## ਵਿਸ਼ਵ ਪ੍ਰਸਿੱਧ ਮਨੋਰੰਜਕ ਪਾਰਕ: ਡਿਜ਼ਨੀ ਲੈਂਡ (2)

*ਮਨੋਰੰਜਨ ਦੀ ਦੁਨੀਆਂ ਵਿੱਚ ਡਿਜ਼ਨੀ ਲੈਂਡ ਦਾ ਨਾਂ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਮਨੁੱਖੀ ਦਿਮਾਗ ਅਤੇ ਵਿਗਿਆਨ ਦੇ ਸੁਚੱਜੇ ਸੁਮੇਲ ਨੇ ਵਾਲਟ ਡਿਜ਼ਨੀ ਦੇ ਸੁਫਨੇ ਨੂੰ ਇੱਕ ਅਜਿਹੇ ਰੂਪ ਵਿੱਚ ਸਾਕਾਰ ਕੀਤਾ ਹੈ, ਜੋ ਆਪਣੇ ਆਪ ਵਿੱਚ ਅਜੂਬਾ ਬਣ ਗਿਆ ਹੈ। ਵਾਲਟ ਡਿਜ਼ਨੀ ਨੂੰ ਬਚਪਨ ਤੋਂ ਹੀ ਡਰਾਇੰਗ ਦਾ ਸ਼ੌਕ ਸੀ। ਉਹ 1920 ਵਿੱਚ ਕੈਲੀਫੋਰਨੀਆ ਆ ਗਿਆ ਅਤੇ ਆਪਣੇ ਭਰਾ ਰੌਏ ਡਿਜ਼ਨੀ ਨਾਲ ਮਿਲ ਕੇ ਸਟੂਡੀਓ ਸਥਾਪਿਤ ਕਰ ਲਿਆ। 1928 ਵਿੱਚ ਉਸ ਨੇ ਆਪਣੇ ਇੱਕ ਸਾਥੀ ਨਾਲ ਮਿਲ ਕੇ 'ਮਿੱਕੀ ਮਾਊਸ' ਦਾ ਕਾਰਟੂਨ ਘੜਿਆ, ਜੋ ਅੱਜ ਸਾਰੀ ਦੁਨੀਆਂ ਵਿੱਚ ਪ੍ਰਸਿੱਧ ਹੈ। ਹੌਲੀ-ਹੌਲੀ 'ਐਨੀਮੇਟਿਡ ਫਿਲਮਾਂ' ਦੇ ਖੇਤਰ ਵਿੱਚ ਉਸ ਦਾ ਨਾਂ ਨਿਰਮਾਤਾ, ਨਿਰਦੇਸ਼ਕ ਦੇ ਤੌਰ 'ਤੇ ਵੀ ਪ੍ਰਸਿੱਧ ਹੋ ਗਿਆ। ਉਸ ਨੇ ਆਪਣੀ ਜ਼ਿੰਦਗੀ ਵਿੱਚ 26 'ਅਕੈਡਮੀ ਅਵਾਰਡ' ਜਿੱਤੇ, ਜੋ ਇੱਕ ਰਿਕਾਰਡ ਹੈ। ਪੇਸ਼ ਹੈ, ਇਸ ਲੇਖ ਦੀ ਦੂਜੀ ਤੇ ਆਖਰੀ ਕਿਸ਼ਤ...*

### ਡਿਜ਼ਨੀ ਲੈਂਡ ਦੀ ਟਿਕਟ

ਜਦੋਂ 1955 ਵਿੱਚ ਇਹ ਪਾਰਕ ਆਮ ਲੋਕਾਂ ਲਈ ਖੋਲ੍ਹਿਆ ਗਿਆ, ਵੱਡਿਆਂ ਲਈ ਇੱਕ ਡਾਲਰ ਅਤੇ ਬੱਚਿਆਂ ਲਈ ਪੰਜਾਹ ਪੈਸ ਟਿਕਟ ਰੱਖੀ ਗਈ। ਪਰ ਜਨਵਰੀ 2024 ਵਿੱਚ ਬਾਲਗਾਂ ਲਈ 104 ਡਾਲਰ ਅਤੇ ਬੱਚਿਆਂ ਲਈ 50 ਡਾਲਰ ਵਸੂਲ ਕੀਤੇ ਜਾਂਦੇ ਹਨ। ਤਿੰਨ ਸਾਲ ਤੱਕ ਦੇ ਬੱਚਿਆਂ ਦਾ ਦਾਖ਼ਲਾ ਮੁਫ਼ਤ ਹੈ। ਜੋ ਲੰਮੀਆਂ ਲਾਈਨਾਂ ਤੋਂ ਬਚਣਾ ਚਾਹੁੰਦੇ ਹਨ, ਉਹ 30 ਡਾਲਰ ਵਾਧੂ ਖਰਚ ਕੇ ਵਿਸ਼ੇਸ਼ ਲਾਈਨ ਦੀ ਟਿਕਟ ਲੈ ਸਕਦੇ ਹਨ, ਕਿਉਂਕਿ ਕੁਝ ਰਾਈਡਜ਼ ਲਈ ਘੰਟੇ ਤੋਂ ਵੀ ਵੱਧ ਸਮੇਂ ਦੀ ਉਡੀਕ ਕਰਨੀ ਪੈਂਦੀ ਹੈ। 'ਰੇਡੀਏਟਰਜ਼ ਸਪਰਿੰਗ ਰੇਸਰਜ਼' ਦੀ ਵਿਸ਼ੇਸ਼ ਲਾਈਨ ਲਈ 20 ਡਾਲਰ ਹੋਰ ਖਰਚਣੇ ਪੈਂਦੇ ਹਨ।

### ਦੁਨੀਆਂ ਦੇ ਹੋਰ ਡਿਜ਼ਨੀ ਲੈਂਡ

ਦੁਨੀਆਂ ਦਾ ਪਹਿਲਾ ਡਿਜ਼ਨੀ ਲੈਂਡ ਤਾਂ ਐਨਾਹਾਈਮ (ਲਾਸ ਏਂਜਲਸ ਨੇੜੇ) ਹੀ ਹੈ, ਪਰ ਇਸ ਦੀ ਪ੍ਰਸਿੱਧੀ ਨੂੰ ਦੇਖ ਕੇ ਪੰਜ ਹੋਰ ਥਾਂਵਾਂ 'ਤੇ ਵੀ ਅਜਿਹੇ ਪਾਰਕਾਂ ਦਾ ਨਿਰਮਾਣ ਕੀਤਾ ਗਿਆ।

1. ਅਮਰੀਕਾ ਵਿੱਚ ਫਲੋਰਿਡਾ ਰਾਜ ਦੇ ਅਰਲੈਂਡੋ ਸ਼ਹਿਰ ਵਿੱਚ 'ਵਰਲਡ ਡਿਜ਼ਨੀ ਰਿਜ਼ੋਰਟ (1971)', ਦੁਨੀਆਂ ਦਾ ਸਭ ਤੋਂ ਵੱਡਾ ਡਿਜ਼ਨੀ ਵਰਲਡ, 43 ਵਰਗ ਮੀਲ ਵਿੱਚ ਫੈਲਿਆ ਹੋਇਆ ਹੈ।
2. ਜਪਾਨ ਦੀ ਰਾਜਧਾਨੀ ਟੋਕੀਓ ਕੋਲ ਬਣਾਇਆ ਗਿਆ ਟੋਕੀਓ ਡਿਜ਼ਨੀ ਰਿਜ਼ੋਰਟ (1983)
3. ਫਰਾਂਸ ਦੀ ਰਾਜਧਾਨੀ ਪੈਰਿਸ ਦੇ ਕੋਲ 'ਡਿਜ਼ਨੀ ਲੈਂਡ' (1992)
4. ਹਾਂਗ ਕਾਂਗ ਦੇ ਇੱਕ ਟਾਪੂ-ਲੈਂਟੋ ਵਿਖੇ ਦੁਨੀਆਂ ਦਾ ਚੌਥਾ ਡਿਜ਼ਨੀ ਲੈਂਡ (2005)
5. ਚੀਨ ਦੇ ਸ਼ੰਘਾਈ ਇਲਾਕੇ ਵਿੱਚ 'ਸ਼ੰਘਾਈ ਡਿਜ਼ਨੀ ਰਿਜ਼ੋਰਟ' (2016)

### ਦਰਸ਼ਕ ਆਪਣੇ ਨਾਲ ਕੀ ਲੈ ਕੇ ਜਾਣ

ਡਿਜ਼ਨੀ ਲੈਂਡ ਵਿੱਚ ਛੋਟੇ ਬੈਗ ਹੀ ਲੈ ਕੇ ਜਾਣ ਦੀ ਆਗਿਆ ਹੈ। ਕੱਚ ਦੀ ਬੋਤਲ ਜਾਂ ਕੱਚ ਦੀ ਕੋਈ ਚੀਜ਼ ਵੀ ਬੈਗ ਵਿੱਚ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ ਕਿਸੇ ਕਿਸਮ ਦਾ ਕੋਈ ਨਸ਼ਾ। ਸੈਲਫੀ ਸਟਿਕ ਦੀ ਵੀ ਮਨਾਹੀ ਹੈ।

ਸਾਰੇ ਦਰਸ਼ਕਾਂ ਨੂੰ ਚਾਹੀਦਾ ਹੈ ਕਿ ਪਾਣੀ ਦੀਆਂ ਬੋਤਲਾਂ ਉਨ੍ਹਾਂ ਕੋਲ ਜਰੂਰ ਹੋਣ। ਅੰਦਰ ਖਾਣ-ਪੀਣ ਲਈ ਹੋਟਲ, ਰੈਸਟੋਰੈਂਟ ਹਨ, ਪਰ ਦਰਸ਼ਕ ਆਪਣੇ ਨਾਲ ਖਾਣ ਲਈ ਜੋ ਮਰਜ਼ੀ ਲੈ ਕੇ ਜਾ ਸਕਦੇ ਹਨ। ਛੋਟੇ ਬੱਚਿਆਂ ਲਈ ਪਰੈਮ, ਸਟਰੋਲਰ ਅਤੇ ਜਿਹੜੇ ਮਰਦ-ਔਰਤਾਂ ਬਹੁਤਾ ਤੁਰ ਨਹੀਂ ਸਕਦੇ, ਉਹ ਵੀ ਵ੍ਹੀਲ ਚੇਅਰ ਲੈ ਜਾ ਸਕਦੇ ਹਨ, ਪਰ ਫੋਲਡਿੰਗ ਕੁਰਸੀ ਨਹੀਂ। ਸਟਰੋਲਰ ਅਤੇ ਵ੍ਹੀਲ ਚੇਅਰ ਉਥੋਂ ਕਿਰਾਏ 'ਤੇ ਵੀ ਮਿਲ ਜਾਂਦੀਆਂ ਹਨ, ਪਰ ਕਿਰਾਇਆ ਜ਼ਿਆਦਾ ਹੁੰਦਾ ਹੈ। ਉਸ ਇਲਾਕੇ 'ਚ ਮੀਂਹ ਦਾ ਕੋਈ ਪਤਾ ਨਹੀਂ ਹੁੰਦਾ, ਇਸ ਲਈ ਆਪਣੇ-ਆਪਣੇ ਬੈਗ ਵਿੱਚ ਛਤਰੀ ਅਤੇ ਵਕਤੀ ਤੌਰ 'ਤੇ ਵਰਤਣ ਵਾਲਾ ਹਲਕਾ ਜਿਹਾ ਰੇਨ ਕੋਟ ਵੀ ਹੋਵੇ ਤਾਂ ਠੀਕ ਰਹਿੰਦਾ ਹੈ। ਅੰਦਰ ਤੁਰਨਾ ਬਹੁਤ ਪੈਂਦਾ ਹੈ, ਇਸ ਲਈ ਬੂਟ ਅਰਾਮ ਦਾਇਕ ਹੋਣੇ ਚਾਹੀਦੇ ਹਨ। ਨਵੇਂ ਜੁੱਤੇ ਪਾ ਕੇ ਜਾਣ ਦੀ ਗਲਤੀ ਕਦੇ ਵੀ ਨਾ ਕਰੋ। ਸ਼ਾਮ ਦੇ ਸਮੇਂ ਮੌਸਮ ਕੁਝ ਠੰਡਾ ਹੋ ਜਾਂਦਾ ਹੈ, ਇਸ ਲਈ ਹਲਕੀ ਜਿਹੀ ਸਵੈਟ ਸ਼ਰਟ ਵੀ ਹੋਣੀ ਚਾਹੀਦੀ ਹੈ।

### ਡਿਜ਼ਨੀ ਲੈਂਡ ਦਾ ਅੰਦਰਲਾ ਮਾਹੌਲ

ਡਿਜ਼ਨੀ ਲੈਂਡ ਅਤੇ ਕੈਲੀਫੋਰਨੀਆ ਐਡਵੈਂਚਰ ਦਾ ਸਾਡਾ ਚਾਰ ਦਿਨ ਦਾ ਪ੍ਰੋਗਰਾਮ ਸੀ। ਇਨ੍ਹਾਂ ਦਿਨਾਂ ਦੌਰਾਨ ਮੈਂ ਕਿਸੇ ਨੂੰ ਆਪਸ ਵਿੱਚ ਉੱਚੀ ਆਵਾਜ਼ ਵਿੱਚ ਗੱਲ ਕਰਦੇ ਨਹੀਂ ਦੇਖਿਆ। ਜੇ ਕੋਈ ਗਲਤੀ ਨਾਲ ਕਿਸੇ ਨਾਲ ਟਕਰਾਅ ਜਾਵੇ ਜਾਂ ਕਿਸੇ ਦੇ ਪੈਰ 'ਤੇ ਦੂਸਰੇ ਦਾ ਪੈਰ ਆ ਜਾਵੇ ਤਾਂ ਗਲਤੀ ਵਾਲਾ ਝੱਟ 'ਸੌਰੀ' ਕਹਿ ਦਿੰਦਾ ਅਤੇ ਦੂਜਾ ਹੱਸ ਕੇ 'ਓਕੇ' ਕਹਿ ਅੱਗੇ ਤੁਰ ਪੈਂਦਾ। ਕਈ ਰਾਈਡਜ਼ ਲਈ ਲੋਕ ਘੰਟੇ ਤੋਂ ਵੱਧ ਸਮੇਂ ਲਈ ਵੀ ਕਤਾਰ ਵਿੱਚ ਖੜ੍ਹੇ ਰਹਿੰਦੇ ਹਨ, ਪਰ ਮਜਾਲ ਹੈ ਕਿਸੇ ਨੇ ਲਾਈਨ ਤੋੜਨ ਦੀ ਜਾਂ ਧੱਕਾ ਮਾਰਨ ਦੀ ਕੋਸ਼ਿਸ਼ ਕੀਤੀ ਹੋਵੇ।

ਹਰ ਰਾਈਡ ਜਾਂ ਸ਼ੋਅ ਦੇ ਬਾਹਰ ਸਟਰੋਲਰ, ਵ੍ਹੀਲ ਚੇਅਰ ਖੜ੍ਹੀਆਂ ਕਰਨ ਨੂੰ ਥਾਂ ਬਣੀ ਹੋਈ ਹੈ। ਲੋਕ ਉਨ੍ਹਾਂ 'ਤੇ ਹੀ ਆਪਣੇ ਬੈਗ ਰੱਖ ਕੇ ਚਲੇ ਜਾਂਦੇ ਹਨ। ਉੱਥੇ ਕਿਸੇ ਦੀ ਡਿਊਟੀ ਵੀ ਨਹੀਂ ਹੁੰਦੀ। ਕਈ ਔਰਤਾਂ ਆਪਣੇ ਪਰਸ ਵੀ ਬੈਗ ਵਿੱਚ ਰੱਖ ਕੇ ਚਲੀਆਂ ਜਾਂਦੀਆਂ ਹਨ, ਪਰ ਦੂਜੇ ਦੇ ਸਮਾਨ ਨੂੰ ਕੋਈ ਹੱਥ ਵੀ ਨਹੀਂ ਲਾਉਂਦਾ। ਜਿੱਥੇ ਰੋਜ਼ਾਨਾ 40-50 ਹਜ਼ਾਰ ਲੋਕਾਂ ਦੀ ਭੀੜ ਜੁੜੀ ਰਹਿੰਦੀ ਹੋਵੇ, ਉਥੋਂ ਦਾ ਅਜਿਹਾ ਮਾਹੌਲ ਆਪਣੇ ਆਪ ਵਿੱਚ ਹੀ ਅਜੂਬਾ ਹੈ।

ਖਾਣ-ਪੀਣ ਲਈ ਬਹੁਤ ਸਾਫ-ਸੁਥਰੀਆਂ ਥਾਂਵਾਂ ਹਨ, ਜਿਨ੍ਹਾਂ 'ਤੇ ਭੀੜ ਲੱਗੀ ਹੀ ਰਹਿੰਦੀ ਹੈ, ਪਰ ਉਥੇ ਵੀ ਕੋਈ ਰੌਲਾ-ਗੌਲਾ ਨਹੀਂ। ਕਿਸੇ ਵੀ ਹੋਟਲ ਵਿੱਚ ਸ਼ਰਾਬ ਨਹੀਂ ਵਰਤਾਈ ਜਾਂਦੀ। ਥਾਂ ਪੁਰ ਥਾਂ ਵਾਸ਼ਰੂਮ ਹਨ। ਸਫਾਈ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ। ਕਚਰਾ ਸੁੱਟਣ ਲਈ ਥਾਂ ਪੁਰ ਥਾਂ ਪਲਾਸਟਿਕ ਜਾਂ ਸਟੀਲ ਦੇ ਕਨਟੇਨਰ ਪਏ ਹਨ।

### ਡਿਜ਼ਨੀ ਲੈਂਡ ਜਾਣ ਦੀ ਤਿਆਰੀ ਕਿਵੇਂ ਕੀਤੀ ਜਾਵੇ

ਜਿਨ੍ਹਾਂ ਕੋਲ ਖੁੱਲ੍ਹਾ ਪੈਸਾ ਹੈ, ਉਹ ਭਾਵੇਂ ਰੋਜ਼ਾਨਾ ਹੀ ਡਿਜ਼ਨੀ ਲੈਂਡ ਜਾਈ ਜਾਣ, ਪਰ ਮੱਧ ਵਰਗ ਦੇ ਵਿਦੇਸ਼ੀ ਸੈਲਾਨੀਆਂ ਲਈ ਸਿਰਫ ਡਿਜ਼ਨੀ ਲੈਂਡ ਦਾ ਪ੍ਰੋਗਰਾਮ ਬਣਾਉਣਾ ਇੱਕ ਸੁਨਹਿਰੀ ਸੁਪਨਾ ਹੀ ਹੈ। ਜਦੋਂ ਕੋਈ ਅਮਰੀਕਾ ਜਾਂ ਕੈਨੇਡਾ ਆਪਣੇ ਕਿਸੇ ਬੱਚੇ, ਰਿਸ਼ਤੇਦਾਰ, ਦੋਸਤ-ਮਿੱਤਰ ਨੂੰ ਮਿਲਣ ਜਾਂਦਾ ਹੈ, ਤਾਂ ਵੀ ਇਹ ਪ੍ਰੋਗਰਾਮ ਮੁਸ਼ਕਿਲ ਨਾਲ ਹੀ ਬਣਦਾ ਹੈ। ਇਸ ਲਈ ਵਿਉਂਤ ਪਹਿਲਾਂ ਹੀ ਬਣਾਉਣੀ ਪੈਂਦੀ ਹੈ। ਭੀੜ ਤੋਂ ਬਚਣ ਲਈ ਜਨਵਰੀ ਅੱਧ ਤੋਂ ਮਾਰਚ ਅੱਧ ਜਾਂ ਅੱਧ ਸਤੰਬਰ ਤੋਂ ਅੱਧ ਨਵੰਬਰ ਤੱਕ ਜਾਇਆ ਜਾ ਸਕਦਾ ਹੈ। ਵੈਸੇ ਤਾਂ ਲੋਕ ਇੱਕ ਦਿਨ ਦਾ ਪ੍ਰੋਗਰਾਮ ਬਣਾ ਕੇ ਵੀ ਚਲੇ ਜਾਂਦੇ ਹਨ, ਪਰ ਜੇ ਡਿਜ਼ਨੀ ਲੈਂਡ ਅਤੇ ਡਿਜ਼ਨੀ ਕੈਲੀਫੋਰਨੀਆ ਐਡਵੈਂਚਰ- ਦੋਹਾਂ ਦਾ ਹੀ ਪੂਰਾ ਆਨੰਦ ਮਾਣਨਾ ਹੈ ਤਾਂ ਚਾਰ-ਪੰਜ ਦਿਨ ਘੱਟ ਤੋਂ ਘੱਟ ਚਾਹੀਦੇ ਹਨ। ਦੋ ਦਿਨਾਂ ਵਿੱਚ ਐਡਵੈਂਚਰ ਪਾਰਕ ਭਾਵੇਂ ਪੂਰਾ ਤਾਂ ਨਹੀਂ ਦੇਖਿਆ ਜਾ ਸਕਦਾ, ਪਰ ਮੁੱਖ-ਮੁੱਖ ਰਾਈਡਜ਼ ਦਾ ਆਨੰਦ ਮਾਣਿਆ ਜਾ ਸਕਦਾ ਹੈ। ਜੇ ਇਕੱਲੇ ਡਿਜ਼ਨੀ ਲੈਂਡ ਦੇ ਸਾਰੇ 52 ਰਾਈਡਜ਼ ਦਾ ਨਜ਼ਾਰਾ ਲੈਣਾ ਹੈ ਤਾਂ ਹਫ਼ਤਾ ਵੀ ਘੱਟ ਹੈ।

ਹੋਟਲ ਬੁੱਕ ਕਰਵਾਉਣ ਵੇਲੇ ਇਹ ਧਿਆਨ ਰੱਖੋ ਕਿ ਹੋਟਲ ਪਾਰਕ ਦੇ ਨੇੜੇ ਹੀ ਹੋਵੇ ਅਤੇ ਜਿੱਥੇ ਨਾਸ਼ਤਾ ਵੀ ਮਿਲਦਾ ਹੋਵੇ। ਕੁਝ ਹੋਟਲ ਰਾਤ ਦਾ ਖਾਣਾ ਵੀ ਮੁਫ਼ਤ ਦਿੰਦੇ ਹਨ। ਇਸ ਸਹੂਲਤ ਨਾਲ ਸਮੇਂ ਦੀ ਬਚਤ ਹੋ ਜਾਂਦੀ ਹੈ। ਇਸ ਨਾਲ ਹੋਟਲ ਤੋਂ ਬਾਹਰ ਖਾਣੇ ਦੀ ਭਾਲ ਕਰਨ ਅਤੇ ਆਉਣ-ਜਾਣ ਦੀ ਖੇਚਲ ਬਚ ਜਾਂਦੀ ਹੈ ਤੇ ਟੈਕਸੀਆਂ ਦੇ ਪੈਸੇ ਵੀ ਨਹੀਂ ਖਰਚਣੇ ਪੈਂਦੇ। ਪਾਰਕ ਦੇ ਨੇੜੇ-ਤੇੜੇ ਜਾਂ ਪੰਜ-ਚਾਰ ਮੀਲ ਦੇ ਇਲਾਕੇ ਵਿੱਚ ਹਰ ਤਰ੍ਹਾਂ ਦੇ ਹੋਟਲ ਮਿਲ ਜਾਂਦੇ ਹਨ।

ਸਵੇਰੇ ਜਲਦੀ ਤੋਂ ਜਲਦੀ ਪਾਰਕ ਪਹੁੰਚਣ ਦਾ ਫਾਇਦਾ ਇਹ ਹੁੰਦਾ ਹੈ ਕੇ ਭੀੜ ਘੱਟ ਹੋਣ ਕਰਕੇ ਬਹੁਤੀਆਂ ਲੰਬੀਆਂ ਕਤਾਰਾਂ ਤੋਂ ਬਚਾਓ ਹੋ ਜਾਂਦਾ ਹੈ ਅਤੇ ਜ਼ਿਆਦਾ ਰਾਈਡਜ਼ ਲਏ ਜਾ ਸਕਦੇ ਹਨ। ਦੁਪਹਿਰ ਦੇ ਖਾਣੇ ਲਈ ਆਪਣੀ ਪਸੰਦ ਦਾ ਸਮਾਨ ਲੈ ਜਾਣਾ ਚਾਹੀਦਾ ਹੈ, ਜਿਸ ਨਾਲ ਪਾਰਕ ਦੇ ਅੰਦਰ ਮਿਲਦੇ ਮਹਿੰਗੇ ਸਮਾਨ ਤੋਂ ਬਚਿਆ ਜਾ ਸਕਦਾ ਹੈ। ਇਸ ਬਚਤ ਨਾਲ ਵਿਸ਼ੇਸ਼ ਲਾਈਨਾਂ ਵਾਲੇ ਟਿਕਟ ਖਰੀਦ ਕੇ ਜ਼ਿਆਦਾ ਤੋਂ ਜ਼ਿਆਦਾ ਰਾਈਡਜ਼ ਜਾਂ ਸ਼ੋਅ ਦੇਖੇ ਜਾ ਸਕਦੇ ਹਨ।

### ਡਿਜ਼ਨੀ ਲੈਂਡ ਵਿੱਚ ਹੋਏ ਕੁਝ ਹਾਦਸੇ

ਡਿਜ਼ਨੀ ਲੈਂਡ ਵਿੱਚ ਕਈ ਤਾਂ ਬਹੁਤ ਹੀ ਖਤਰਨਾਕ ਰਾਈਡਜ਼ ਹਨ, ਪਰ ਪ੍ਰਬੰਧਕਾਂ ਵੱਲੋਂ ਤਕਨੀਕੀ ਮਾਹਿਰਾਂ ਦੀ ਟੀਮ ਦੀ ਸਹਾਇਤਾ ਨਾਲ ਸਾਰੇ ਰਾਈਡਜ਼ ਦੇ ਰੱਖ-ਰਖਾਅ ਅਤੇ ਮੁਰੰਮਤ ਦਾ ਚੰਗੀ ਤਰ੍ਹਾਂ ਧਿਆਨ ਰੱਖਿਆ ਜਾਂਦਾ ਹੈ। 1955 ਤੋਂ ਲੈ ਕੇ ਹੁਣ ਤੱਕ (ਫਰਵਰੀ 2024) ਬਹੁਤੇ ਹਾਦਸੇ ਨਹੀਂ ਹੋਏ। ਜਨਵਰੀ 2024 ਵਿੱਚ ਹੀ ਹਾਂਗ ਕਾਂਗ ਵਾਲੇ ਡਿਜ਼ਨੀ ਲੈਂਡ ਦਾ ਰੋਲਰ ਕੋਸਟਰ ਇੱਕ ਖਤਰਨਾਕ ਮੋੜ 'ਤੇ ਆ ਕੇ ਅਚਾਨਕ ਰੁਕ ਗਿਆ। ਕਈ ਘੰਟੇ ਰਾਈਡਰ ਫਸੇ ਰਹੇ। ਅਖੀਰ ਵਿੱਚ ਫ਼ਾਇਰ ਬ੍ਰਿਗੇਡ ਵਾਲਿਆਂ ਨੇ ਉਨ੍ਹਾਂ ਨੂੰ ਸਹੀ ਸਲਾਮਤ ਹੇਠਾਂ ਉਤਾਰਿਆ।

ਐਨਾਹਾਈਮ ਦੇ ਡਿਜ਼ਨੀ ਲੈਂਡ ਦੀ ਖ਼ੁਸ਼ਕਿਸਮਤੀ ਕਹੀ ਜਾ ਸਕਦੀ ਹੈ ਕਿ ਕੁਝ ਕੁ ਦੁਰਘਟਨਾਵਾਂ ਹੀ ਹੋਈਆਂ ਹਨ, ਕੁਝ ਰਾਈਡਜ਼ ਦੀ ਖ਼ਰਾਬੀ ਕਾਰਨ ਅਤੇ ਕੁਝ ਦਰਸ਼ਕਾਂ ਦੀ ਗਲਤੀ ਕਾਰਨ। ਡਿਜ਼ਨੀ ਲੈਂਡ ਸ਼ੁਰੂ ਹੋਣ ਤੋਂ ਬਾਅਦ ਪਹਿਲੇ ਨੌਂ ਸਾਲ ਇੱਥੇ ਕੋਈ ਦੁਰਘਟਨਾ ਨਹੀਂ ਵਾਪਰੀ। 1964 ਵਿੱਚ ਇੱਕ 15 ਸਾਲ ਦਾ ਲੜਕਾ ਚਲਦੀ ਹੋਈ ਰਾਈਡ ਵਿੱਚੋਂ ਬੈਲਟ ਖੋਲ੍ਹ ਕੇ ਖੜ੍ਹਾ ਹੋ ਗਿਆ। ਸਰੀਰ ਦਾ ਸੰਤੁਲਨ ਵਿਗੜਨ ਕਾਰਨ ਉਹ ਡਿੱਗ ਪਿਆ ਅਤੇ ਉਸ ਦੀ ਮੌਤ ਹੋ ਗਈ। ਸਾਲ 2000 ਵਿੱਚ ਸਪੇਸ ਮਾਊਂਟੇਨ ਰੋਲਰ ਕੋਸਟਰ ਚਲਦੇ ਹੋਏ ਇੱਕੋ ਦਮ ਰੁਕ ਗਿਆ, ਜਿਸ ਕਰਕੇ ਨੌਂ ਸਵਾਰੀਆਂ ਨੂੰ ਸੱਟਾਂ ਲੱਗੀਆਂ। ਇਸੇ ਸਾਲ ਹੀ ਇੱਕ ਬੱਚਾ ਇੱਕ ਰਾਈਡ ਵਿੱਚੋਂ ਡਿਗਣ ਕਾਰਨ ਆਪਣੀ ਜਾਣ ਗਵਾ ਬੈਠਾ। ਕੈਰਨ ਬਿੱਗ ਥੰਡਰ ਰਾਈਡ ਵਿੱਚ ਵੀ ਇੱਕ ਬੱਚੇ ਦੀ ਮੌਤ ਹੋ ਗਈ ਸੀ। ਇੱਕ ਵਾਰ ਮਾਊਂਟੇਨ ਰੇਲ ਪੱਟੜੀ ਤੋਂ ਉਤਰ ਗਈ, ਜਿਸ ਨਾਲ 22 ਸਾਲ ਦੇ ਇੱਕ ਨੌਜਵਾਨ ਨੂੰ ਜਾਨ ਤੋਂ ਹੱਥ ਧੋਣੇ ਪਏ। ਇੱਕ ਅਪਾਹਜ ਵਿਅਕਤੀ ਵੀ ਇੱਕ ਵਾਰ ਕਿਸੇ ਰਾਈਡ ਵਿੱਚ ਚਾਲੀ ਮਿੰਟ ਫਸਿਆ ਰਿਹਾ। ਇੱਕ ਵਾਰ ਇੱਕ ਵੱਡਾ ਦਰਖ਼ਤ ਅਚਾਨਕ ਹੀ ਗਿਰ ਗਿਆ, ਜਿਸ ਨਾਲ 27 ਬੰਦਿਆਂ ਦੇ ਮਾਮੂਲੀ ਸੱਟਾਂ ਲੱਗੀਆਂ। ਦੋ ਦੁਰਘਟਨਾਵਾਂ ਵਿੱਚ ਡਿਜ਼ਨੀ ਲੈਂਡ ਦੇ ਦੋ ਕਰਮਚਾਰੀਆਂ ਨੂੰ ਵੀ ਜਾਨ ਗੁਆਉਣੀ ਪਈ। ਇਨ੍ਹਾਂ ਤੋਂ ਇਲਾਵਾ ਵੀ ਕੁਝ ਛੋਟੀਆਂ-ਛੋਟੀਆਂ ਘਟਨਾਵਾਂ ਹੋਰ ਵੀ ਹੋ ਚੁੱਕੀਆਂ ਹਨ।

### ਡਿਜ਼ਨੀ ਲੈਂਡ ਦੀਆਂ ਕੁਝ ਵਿਸ਼ੇਸ਼ ਗੱਲਾਂ

1. ਇਸ ਪਾਰਕ ਵਿੱਚ ਇੱਕ ਥਾਂ 70 ਮਿਲੀਅਨ ਸਾਲ ਪੁਰਾਣੇ ਦਰਖ਼ਤ ਦਾ ਮੁੱਢ ਪਿਆ ਹੈ।
2. ਡਿਜ਼ਨੀ ਲੈਂਡ ਦੀ 'ਸਲੀਪਿੰਗ ਬਿਊਟੀ ਕੈਸਲ' ਵਿੱਚ ਇੱਕ ਟਾਈਮ ਕੈਪਸੂਲ ਦੱਬਿਆ ਹੋਇਆ ਹੈ। ਵਾਲਟ ਦੀ ਇੱਛਾ ਮੁਤਾਬਿਕ ਇਹ ਕੈਪਸੂਲ ਡਿਜ਼ਨੀ ਲੈਂਡ ਦੇ 80ਵੇਂ ਜਨਮ ਸਮਾਰੋਹ ਸਮੇਂ ਧਰਤੀ ਵਿੱਚੋਂ ਕੱਢਿਆ ਜਾਵੇਗਾ।
3. ਕੈਲੀਫੋਰਨੀਆ ਐਡਵੈਂਚਰ ਵਿੱਚ ਮੇਨ ਸਟਰੀਟ ਓਪੇਰਾ ਹਾਊਸ ਕੋਲ ਉਹ ਬੈਂਚ ਵੀ ਪਿਆ ਹੈ, ਜਿਸ 'ਤੇ ਬੈਠਿਆਂ ਵਾਲਟ ਡਿਜ਼ਨੀ ਨੂੰ ਇਹ ਪਾਰਕ ਬਣਾਉਣ ਦਾ ਫੁਰਨਾ ਫੁਰਿਆ ਸੀ।
4. ਡਿਜ਼ਨੀ ਲੈਂਡ ਸੰਬੰਧੀ ਇੱਕ ਹੋਰ ਪੱਖ ਗਿੰਨੀ ਬੁੱਕ ਆਫ ਰਿਕਾਰਡਜ਼ ਵਿੱਚ ਦਰਜ ਹੈ ਕਿ ਇੱਕ ਪੱਤਰਕਾਰ ਜੈਫ ਰਿਟਜ਼ ਇਸ ਪਾਰਕ ਵਿੱਚ 8 ਸਾਲ, 3 ਮਹੀਨੇ ਅਤੇ 113 ਦਿਨ ਲਗਾਤਾਰ ਆਉਂਦਾ ਰਿਹਾ। ਕੋਵਿਡ ਮਹਾਂਮਾਰੀ ਸਮੇਂ ਉਸ ਦੇ ਰੋਜ਼ਾਨਾ ਆਉਣ ਦਾ ਸਿਲਸਿਲਾ ਟੁੱਟਿਆ।
5. ਡਿਜ਼ਨੀ ਲੈਂਡ ਵਿੱਚ ਕੇਵਲ ਦੋ ਥਾਂਵਾਂ 'ਤੇ ਹੀ ਸ਼ਰਾਬ ਦੀ ਵਰਤੋਂ ਹੋ ਸਕਦੀ ਹੈ। ਉਨ੍ਹਾਂ ਵਿੱਚੋਂ ਇੱਕ ਹੈ, 'ਕਲੱਬ 33'; ਇਹ ਕਲੱਬ ਆਮ ਲੋਕਾਂ ਲਈ ਨਹੀਂ ਹੈ। ਪ੍ਰਬੰਧਕਾਂ ਵੱਲੋਂ ਬੁਲਾਏ ਵਿਸ਼ੇਸ਼ ਮਹਿਮਾਨ ਹੀ ਇਸ ਵਿੱਚ ਜਾ ਸਕਦੇ ਹਨ।
6. ਪਾਰਕ ਸ਼ੁਰੂ ਹੋਣ ਸਮੇਂ ਇੱਥੇ ਸਿਰਫ ਪੰਜਾਹ ਕਰਮਚਾਰੀ ਸਨ, ਪਰ ਵਰਤਮਾਨ ਸਮੇਂ ਵਿੱਚ 32,000 ਕਰਮਚਾਰੀ ਕੰਮ ਕਰ ਰਹੇ ਹਨ। ਇਨ੍ਹਾਂ ਕਰਮਚਾਰੀਆਂ ਦੀ ਵਿਸ਼ੇਸ਼ਤਾ ਹੈ ਕਿ ਇਹ ਤਿੰਨ ਸ਼ਬਦ 'ਮੈਨੂੰ ਨਹੀਂ ਪਤਾ' (I don't know ) ਕਦੇ ਨਹੀਂ ਬੋਲਦੇ।
7. ਇੱਥੇ ਰੋਜ਼ਾਨਾ ਤਕਰੀਬਨ ਢਾਈ ਕਰੋੜ ਅਮਰੀਕੀ ਡਾਲਰਾਂ ਦਾ ਕਾਰੋਬਾਰ ਹੁੰਦਾ ਹੈ।





# ਭਾਰਤੀ ਵਾਲੀਬਾਲ ਦਾ ਸਿਖਰਲਾ ਖਿਡਾਰੀ ਸੁਖਪਾਲ ਪਾਲੀ

**ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਵਾਲੀਬਾਲ ਖਿਡਾਰੀ ਸੁਖਪਾਲ ਪਾਲੀ ਦੇ ਜੀਵਨ ਦਾ ਸੰਖੇਪ ਵੇਰਵਾ ਹੈ। ਲੇਖਕ ਨੇ ਦਰਜ ਕੀਤਾ ਹੈ ਕਿ ਭਾਰਤ ਦੀ ਵਾਲੀਬਾਲ ਖੇਡ ਵਿੱਚ ਕੌਮਾਂਤਰੀ ਨਕਸ਼ੇ 'ਤੇ ਜਿੰਨੀ ਕੁ ਪਛਾਣ ਬਣ ਸਕੀ ਹੈ, ਉਹ ਪਾਲੀ ਵਰਗੇ ਖਿਡਾਰੀਆਂ ਦੀ ਬਦੌਲਤ ਹੀ ਸੰਭਵ ਹੋਈ ਹੈ। ਉਹ ਭਾਰਤੀ ਵਾਲੀਬਾਲ ਦੇ ਖੇਡ ਇਤਿਹਾਸ ਦਾ ਇਕਲੌਤਾ ਖਿਡਾਰੀ ਹੋਇਆ, ਜਿਹੜਾ ਇੱਕੋ ਸਮੇਂ ਮੈਚ ਦੌਰਾਨ ਕਾਊਂਟਰ ਅਟੈਕਰ ਤੇ ਸੈਂਟਰ ਬਲਾਕ ਦੀਆਂ ਪੁਜੀਸ਼ਨਾਂ ਉਤੇ ਖੇਡਦਾ ਰਿਹਾ।**

## ਖਿਡਾਰੀ ਪੰਜ-ਆਬ ਦੇ (18)

**ਨਵਦੀਪ ਸਿੰਘ ਗਿੱਲ**
**ਫੋਨ: +91-9780036216**




ਸੁਖਪਾਲ ਸਿੰਘ ਪਾਲੀ ਵਾਲੀਬਾਲ ਦਾ ਸਿਰਕੱਢਵਾਂ ਖਿਡਾਰੀ ਹੋਇਆ। ਭਾਰਤੀ ਵਾਲੀਬਾਲ ਦਾ ਉਸ ਨੂੰ ਸਭ ਤੋਂ ਸਿਖਰਲਾ ਖਿਡਾਰੀ ਵੀ ਕਿਹਾ ਜਾ ਸਕਦਾ। ਜਿੱਡਾ ਉਹ ਕੱਦ-ਕਾਠ ਵਿੱਚ ਲੰਬਾ, ਉਨੀਆਂ ਹੀ ਉਸ ਦੀਆਂ ਪ੍ਰਾਪਤੀਆਂ। ਭਾਰਤ ਦੀ ਵਾਲੀਬਾਲ ਖੇਡ ਵਿੱਚ ਕੌਮਾਂਤਰੀ ਨਕਸ਼ੇ 'ਤੇ ਜਿੰਨੀ ਕੁ ਪਛਾਣ ਬਣ ਸਕੀ ਹੈ, ਉਹ ਪਾਲੀ ਵਰਗੇ ਖਿਡਾਰੀਆਂ ਦੀ ਬਦੌਲਤ ਹੀ ਸੰਭਵ ਹੋਈ ਹੈ। ਕੌਮਾਂਤਰੀ ਮੰਚ ਉਤੇ ਵਾਲੀਬਾਲ ਖੇਡ ਵਿੱਚ ਭਾਰਤ ਦੀ ਪੁਜੀਸ਼ਨ ਕੋਈ ਬਹੁਤੀ ਚੰਗੀ ਨਹੀਂ ਰਹੀ। ਇਸ ਖੇਡ ਵਿੱਚ ਨਾਮਣਾ ਖੱਟਣ ਵਾਲੇ ਖਿਡਾਰੀਆਂ ਨੂੰ ਪੋਟਿਆਂ 'ਤੇ ਗਿਣਿਆ ਜਾ ਸਕਦਾ ਹੈ, ਜਿਨ੍ਹਾਂ ਵਿੱਚੋਂ ਪਾਲੀ ਸਿਰਕੱਢਵਾਂ ਖਿਡਾਰੀ ਹੋਇਆ ਹੈ। ਪਾਲੀ ਦੀ ਖੇਡ ਦੇਖਣ ਵਾਲੇ ਉਸ ਦੀਆਂ ਬਾਹਾਂ ਨੂੰ ਹੱਡ-ਮਾਸ ਦੀਆਂ ਨਹੀਂ, ਸਗੋਂ ਸਟੀਲ ਦੀਆਂ ਬਾਹਾਂ ਸਮਝਦੇ ਸਨ, ਜਿਸ ਵਿੱਚ ਮਣਾਂ ਮੂੰਹੀ ਜਾਨ ਸੀ। ਪਾਲੀ ਦੀ ਵਾਲੀ ਛੇਤੀ ਕੀਤਿਆਂ ਬਲੌਕ ਨਹੀਂ ਹੁੰਦੀ ਸੀ। ਦੁਨਾਲੀ ਦੇ ਫਾਇਰ ਵਾਂਗ ਲਗਾਈ ਉਸ ਦੀ ਵਾਲੀ ਟੀਮ ਲਈ ਪੱਕਾ ਅੰਕ ਲੈ ਕੇ ਆਉਂਦੀ ਸੀ। ਪੌਣੇ 12 ਫੁੱਟ ਤੱਕ ਉਸ ਦੀ ਬਲੌਕ ਦਾ ਰਿਕਾਰਡ ਹੈ ਅਤੇ ਸਪਾਈਕ ਰੀਚ ਉਸ ਦੀ ਸਾਢੇ 12 ਫੁੱਟ ਸੀ। ਸਾਢੇ ਛੇ ਫੁੱਟ ਦਾ ਪਾਲੀ ਜਦੋਂ 12 ਫੁੱਟ ਉਪਰ ਤੋਂ ਵਾਲੀ ਮਾਰਦਾ ਤਾਂ ਸਾਹਮਣੀ ਟੀਮ ਨੂੰ ਲੱਗਦਾ ਜਿਵੇਂ ਉਤਲੀ ਮੰਜ਼ਿਲ ਉਤੋਂ ਫਾਇਰ ਕੀਤਾ ਹੋਵੇ। ਕਈ ਵਾਰ ਤਾਂ ਪੂਰੇ-ਪੂਰੇ ਟੂਰਨਾਮੈਂਟ ਵਿੱਚ ਪਾਲੀ ਦੀ ਇੱਕ ਵੀ ਵਾਲੀ ਬਲਾਕ ਨਾ ਹੁੰਦੀ ਅਤੇ ਸਾਹਮਣੇ ਵਾਲੀ ਟੀਮ ਨੂੰ ਬਲਾਕ ਕਰਦਿਆਂ ਪਾਲੀ ਦਾ ਬਲੌਕ ਜਮਰੌਦ ਦਾ ਕਿਲਾ ਬਣ ਜਾਂਦਾ ਸੀ। ਉਹ ਭਾਰਤੀ ਵਾਲੀਬਾਲ ਦੇ ਖੇਡ ਇਤਿਹਾਸ ਦਾ ਇਕਲੌਤਾ ਖਿਡਾਰੀ ਹੋਇਆ, ਜਿਹੜਾ ਇੱਕੋ ਸਮੇਂ ਮੈਚ ਦੌਰਾਨ ਕਾਊਂਟਰ ਅਟੈਕਰ ਤੇ ਸੈਂਟਰ ਬਲਾਕ ਦੀਆਂ ਪੁਜੀਸ਼ਨਾਂ ਉਤੇ ਖੇਡਦਾ ਰਿਹਾ। ਜਿਵੇਂ ਹਾਕੀ ਤੇ ਫੁਟਬਾਲ ਵਿੱਚ ਕੋਈ ਖਿਡਾਰੀ ਇੱਕੋ ਸਮੇਂ ਫਾਰਵਰਡ ਤੇ ਫੁੱਲਬੈਕ ਖੇਡੇ।

11 ਸਾਲ ਭਾਰਤੀ ਵਾਲੀਬਾਲ ਟੀਮ ਦਾ ਖਿਡਾਰੀ ਅਤੇ ਚਾਰ ਸਾਲ ਕਪਤਾਨ ਰਹੇ ਪਾਲੀ ਨੇ ਭਾਰਤ ਨੂੰ 1986 ਦੀਆਂ ਸਿਓਲ ਏਸ਼ਿਆਈ ਖੇਡਾਂ ਵਿੱਚ ਕਾਂਸੀ ਦਾ ਤਮਗਾ ਜਿਤਾਇਆ। ਪਾਲੀ ਨੇ ਸੈਫ ਖੇਡਾਂ ਵਿੱਚ ਵੀ ਇੱਕ ਵਾਰ ਸੋਨੇ ਤੇ ਦੋ ਵਾਰ ਚਾਂਦੀ ਦਾ ਤਮਗਾ ਜਿਤਾਇਆ ਹੈ। ਕੌਮਾਂਤਰੀ ਪੱਧਰ ਦੇ ਹੋਰ ਵੀ ਕਈ ਟੂਰਨਾਮੈਂਟਾਂ ਵਿੱਚ ਉਸ ਨੇ ਭਾਰਤ ਨੂੰ ਤਮਗੇ ਜਿਤਾਏ। ਵੀਹ ਵਰ੍ਹੇ ਉਹ ਕੌਮੀ ਮੁਕਾਬਲਿਆਂ ਵਿੱਚ ਛਾਇਆ ਰਿਹਾ। ਆਲ ਇੰਡੀਆ ਪੁਲਿਸ ਖੇਡਾਂ ਵਿੱਚ ਉਸ ਨੇ ਲਗਾਤਾਰ 9 ਸਾਲ ਪੰਜਾਬ ਪੁਲਿਸ ਨੂੰ ਚੈਂਪੀਅਨ ਬਣਾਇਆ। ਨਿੱਕੇ ਪਾਲੀ ਨੇ ਪਹਿਲੇ ਹੀ ਟੂਰਨਾਮੈਂਟ ਵਿੱਚ ਹੀਰੋ ਸਾਈਕਲ ਜਿੱਤਣ ਤੋਂ ਲੈ ਕੇ ਅਰਜੁਨਾ ਐਵਾਰਡੀ ਸੁਖਪਾਲ ਸਿੰਘ ਬਣਨ ਤੱਕ ਵੱਡਾ ਪੈਂਡਾ ਤੈਅ ਕੀਤਾ ਹੈ।

ਪਾਲੀ ਦਾ ਪੂਰਾ ਨਾਮ ਸੁਖਪਾਲ ਸਿੰਘ ਬਰਾੜ ਹੈ, ਜਿਸ ਦਾ ਜਨਮ 18 ਦਸੰਬਰ 1962 ਨੂੰ ਹੋਇਆ। ਜੋਗਿੰਦਰ ਸਿੰਘ ਤੇ ਪਵਿੱਤਰਜੀਤ ਕੌਰ ਦੇ ਪੁੱਤਰ ਸੁਖਪਾਲ ਸਿੰਘ ਦਾ ਜੱਦੀ ਪਿੰਡ ਰਾਜਸਥਾਨ ਦੇ ਹਨੂਮਾਨਗੜ੍ਹ ਜ਼ਿਲੇ ਦੇ ਸੰਗਰੀਆ ਕਸਬੇ ਕੋਲ ਮੱਲ੍ਹੜ ਖੇੜਾ ਹੈ। ਨਾਨਕੇ ਪਿੰਡ ਦਿਓਣ ਖੇੜਾ (ਸ੍ਰੀ ਮੁਕਤਸਰ ਸਾਹਿਬ) ਜੰਮੇ ਤੇ ਪਲੇ ਪਾਲੀ ਦਾ ਛੋਟੇ ਹੁੰਦੇ ਤੋਂ ਚੰਗਾ ਕੱਦ ਕਰਕੇ ਵਾਲੀਬਾਲ ਖੇਡ ਵਿੱਚ ਰੁਝਾਨ ਹੋ ਗਿਆ। ਪਾਲੀ ਦਾ ਮਾਮਾ ਗੁਰਗੱਜ ਸਿੰਘ ਹੀ ਉਸ ਦਾ ਮੁੱਢਲਾ ਗੁਰੂ ਸੀ, ਜਿਸ ਨੇ ਆਪਣੇ ਭਾਣਜੇ ਨੂੰ ਵੱਡਾ ਖਿਡਾਰੀ ਬਣਾਉਣ ਲਈ ਚੰਗੀ ਖੁਰਾਕ ਦੇਣੀ। ਕਰਨਾਟਕਾ ਵਿਖੇ ਹੋਈਆਂ ਅੰਡਰ-16 ਕੌਮੀ ਪੇਂਡੂ ਖੇਡਾਂ ਵਿੱਚ ਉਹ ਸਰਵੋਤਮ ਖਿਡਾਰੀ ਚੁਣਿਆ ਗਿਆ। ਉਸ ਨੇ ਇੱਕ ਸਾਲ ਮਲੋਟ ਕਾਲਜ ਲਾਇਆ, ਜਿੱਥੇ ਉਸ ਨੇ ਵਾਲੀਬਾਲ ਖੇਡਣ ਕਰਕੇ ਪੇਪਰ ਵਿਚਾਲੇ ਹੀ ਛੱਡ ਦਿੱਤੇ। ਵਾਲੀਬਾਲ ਖਿਡਾਰੀ ਗਮਦੂਰ ਸਿੰਘ ਨੇ ਪਾਲੀ ਨੂੰ ਓਸਵਾਲ ਮਿਲ ਦੀ ਟੀਮ ਵਿੱਚ ਭਰਤੀ ਕਰਵਾ ਦਿੱਤਾ। ਕੋਚ ਗੁਰਦੇਵ ਸਿੰਘ ਨੇ ਉਸ ਨੂੰ ਸਰਕਾਰੀ ਕਾਲਜ ਲੁਧਿਆਣਾ ਵਿਖੇ ਭਰਤੀ ਕਰ ਲਿਆ। ਪਾਲੀ ਬਦੌਲਤ ਸਰਕਾਰੀ ਕਾਲਜ ਲੁਧਿਆਣਾ ਨੇ 1982 ਵਿੱਚ ਪਹਿਲੀ ਵਾਰ ਪੰਜਾਬ ਯੂਨੀਵਰਸਿਟੀ ਚੈਂਪੀਅਨਸ਼ਿਪ ਜਿੱਤੀ। ਪਾਲੀ ਪਹਿਲਾ ਸਿੱਧਾ ਸੀਨੀਅਰ ਪੰਜਾਬ ਟੀਮ ਅਤੇ ਫੇਰ ਸਰਵ ਭਾਰਤੀ ਅੰਤਰ 'ਵਰਸਿਟੀ ਖੇਡਾਂ ਲਈ ਯੂਨੀਵਰਸਿਟੀ ਟੀਮ ਵਿੱਚ





ਚੁਣਿਆ ਗਿਆ। ਪੰਜਾਬ ਪੁਲਿਸ ਨੇ ਵੀ ਪਾਲੀ ਨੂੰ ਭਰਤੀ ਕਰ ਲਿਆ। ਪਾਲੀ ਦੀ ਗੁੱਡੀ ਅਜਿਹੀ ਚੜ੍ਹੀ ਕਿ ਦੋ ਸਾਲਾਂ ਵਿੱਚ ਹੀ ਉਹ ਭਾਰਤੀ ਟੀਮ ਵਿੱਚ ਚੁਣਿਆ ਗਿਆ।

1984 ਵਿੱਚ ਉਹ ਪਹਿਲੀ ਵਾਰ ਭਾਰਤੀ ਟੀਮ ਵੱਲੋਂ ਖੇਡਣ ਲਈ ਸੋਵੀਅਤ ਸੰਘ (ਹੁਣ ਰੂਸ) ਦੇ ਦੌਰੇ 'ਤੇ ਗਿਆ। ਉਸ ਨੇ ਸਾਊਦੀ ਅਰਬ ਵਿਖੇ ਹੋਈ ਏਸ਼ੀਅਨ ਯੁਵਾ ਵਾਲੀਬਾਲ ਚੈਂਪੀਅਨਸ਼ਿਪ ਵਿੱਚ ਹਿੱਸਾ ਲਿਆ। 1985 ਵਿੱਚ ਉਸ ਨੇ ਜਪਾਨ ਖਿਲਾਫ ਭਾਰਤ ਵਿੱਚ ਖੇਡੇ ਦੋ ਟੈਸਟ ਮੈਚਾਂ ਵਿੱਚ ਹਿੱਸਾ ਲਿਆ। ਉਹ ਕੰਬਾਈਡ ਯੂਨੀਵਰਸਿਟੀ ਟੀਮ ਦਾ ਕਪਤਾਨ ਚੁਣਿਆ ਗਿਆ, ਜਿੱਥੇ ਉਸ ਨੇ ਜਪਾਨ ਵਿਖੇ ਹੋਈਆਂ ਵਿਸ਼ਵ ਯੂਨੀਵਰਸਿਟੀ ਖੇਡਾਂ ਵਿੱਚ ਭਾਰਤੀ ਯੂਨੀਵਰਸਿਟੀਆਂ ਦੀ ਵਾਲੀਬਾਲ ਟੀਮ ਦੀ ਅਗਵਾਈ ਕੀਤੀ। ਪਾਲੀ ਨੇ 1985 ਵਿੱਚ ਸਾਊਦੀ ਅਰਬ ਦੇ ਟੂਰ ਉਤੇ ਚਾਰ ਟੈਸਟ ਮੈਚ ਖੇਡੇ।



1986 ਵਿੱਚ ਪਾਲੀ ਦੀ ਖੇਡ ਸਿਖਰ 'ਤੇ ਸੀ। ਹੈਦਰਾਬਾਦ ਵਿਖੇ ਗੋਲਡ ਕੱਪ ਕੌਮਾਂਤਰੀ ਟੂਰਨਾਮੈਂਟ ਵਿੱਚ ਝੰਡੇ ਗੱਡਣ ਤੋਂ ਬਾਅਦ ਪਾਲੀ ਸਿਓਲ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਹਿੱਸਾ ਲੈਣ ਗਿਆ। ਪਾਲੀ ਦੀਆਂ ਵਾਲੀਆਂ ਨੇ ਪੂਰੀ ਏਸ਼ੀਆ ਵਿੱਚ ਧੂੰਮ ਮਚਾ ਦਿੱਤੀ। ਭਾਰਤ ਨੇ ਹਾਂਗਕਾਂਗ ਨੂੰ 3-0, ਬਹਿਰੀਨ ਨੂੰ 3-0, ਸਾਊਦੀ ਅਰਬ ਨੂੰ 3-1, ਇੰਡੋਨੇਸ਼ੀਆ ਨੂੰ 3-0 ਅਤੇ ਕਹਿੰਦੀ ਕਹਾਉਂਦੀ ਜਪਾਨ ਦੀ ਟੀਮ ਨੂੰ 3-0 ਨਾਲ ਹਰਾਇਆ। ਭਾਰਤ ਇਕੱਲਾ ਦੱਖਣੀ ਕੋਰੀਆ ਹੱਥੋਂ ਮੈਚ ਹਾਰਿਆ ਅਤੇ ਭਾਰਤੀ ਟੀਮ ਕਾਂਸੀ ਦਾ ਤਮਗਾ ਜਿੱਤ ਕੇ ਵਾਪਸ ਪਰਤੀ। ਏਸ਼ਿਆਈ ਖੇਡਾਂ ਦੇ ਇਤਿਹਾਸ ਵਿੱਚ ਭਾਰਤੀ ਵਾਲੀਬਾਲ ਟੀਮ ਦਾ ਇਹ ਦੂਜਾ ਤਮਗਾ ਹੈ। ਪਾਲੀ ਨੇ ਭਾਰਤੀ ਵਾਲੀਬਾਲ ਨੂੰ ਜਿੱਤਾਂ ਦੇ ਰਾਹ ਉਤੇ ਪਾ ਦਿੱਤਾ। 1987 ਵਿੱਚ ਭਾਰਤ ਨੇ ਕਲਕੱਤਾ ਵਿਖੇ ਹੋਈਆਂ ਸੈਫ ਖੇਡਾਂ ਵਿੱਚ ਸੋਨੇ ਦਾ ਤਮਗਾ, 1989 ਵਿੱਚ ਜਪਾਨ ਕੱਪ ਵਿੱਚ ਚਾਂਦੀ ਦਾ ਤਮਗਾ, ਇਸਲਾਮਾਬਾਦ ਵਿਖੇ ਹੋਈਆਂ ਸੈਫ ਖੇਡਾਂ ਵਿੱਚ ਪਾਲੀ ਨੇ ਚਾਂਦੀ ਦਾ ਤਮਗਾ, ਚੀਨੀ ਲੀਗ ਵਿੱਚ ਚਾਂਦੀ ਦਾ ਤਮਗਾ, 1990 ਵਿੱਚ ਹੈਦਰਾਬਾਦ ਵਿਖੇ ਐਲਵਿਨ ਕੌਮਾਂਤਰੀ ਗੋਲਡ ਕੱਪ ਟੂਰਨਾਮੈਂਟ ਵਿੱਚ ਚਾਂਦੀ ਦਾ ਤਮਗਾ ਜਿਤਾਇਆ।

1990 ਵਿੱਚ ਭਾਰਤੀ ਟੀਮ 1986 ਦੇ ਮੁਕਾਬਲਤਨ ਬਹੁਤ ਵਧੀਆ ਸੀ। ਫੈਡਰੇਸ਼ਨ ਨੇ ਟੀਮ ਨੂੰ 1990 ਦੀਆਂ ਬੀਜਿੰਗ ਏਸ਼ਿਆਈ ਖੇਡਾਂ ਵਿੱਚ ਨਾ ਭੇਜਿਆ। ਜਿਸ ਭਾਰਤੀ ਟੀਮ ਨੇ ਚੀਨ ਨੂੰ ਇੱਕ ਸਾਲ ਪਹਿਲਾਂ ਹਰਾਇਆ ਸੀ, ਉਸੇ ਚੀਨ ਨੇ ਏਸ਼ਿਆਈ ਖੇਡਾਂ ਵਿੱਚ ਸੋਨ ਤਮਗਾ ਜਿੱਤਿਆ। 1992 ਵਿੱਚ ਪਾਲੀ ਨੂੰ ਭਾਰਤੀ ਟੀਮ ਦਾ ਕਪਤਾਨ ਬਣਾ ਦਿੱਤਾ। ਆਪਣੀ ਕਪਤਾਨੀ ਵਿੱਚ ਪਾਲੀ ਨੇ ਭਾਰਤ ਨੂੰ ਸਿਵਾਂਥੀ ਗੋਲਡ ਕੱਪ ਵਿੱਚ ਕਾਂਸੀ ਦਾ ਤਮਗਾ ਅਤੇ 1993 ਵਿੱਚ ਹੋਈਆਂ ਸੈਫ ਖੇਡਾਂ ਵਿੱਚ ਚਾਂਦੀ ਦਾ ਤਮਗਾ ਜਿਤਾਇਆ। 1994 ਵਿੱਚ ਕਤਰ ਦੀ ਰਾਜਧਾਨੀ ਦੋਹਾ ਵਿਖੇ ਆਪਣੇ ਕੌਮਾਂਤਰੀ ਖੇਡ ਕਰੀਅਰ ਦਾ ਆਖਰੀ ਟੂਰਨਾਮੈਂਟ ਖੇਡਦਿਆਂ ਪਾਲੀ ਨੇ ਭਾਰਤ ਨੂੰ ਸੋਨੇ ਦਾ ਤਮਗਾ ਜਿਤਾਇਆ।

17 ਸਾਲ ਉਹ ਪੰਜਾਬ ਵੱਲੋਂ ਖੇਡਿਆ ਤੇ ਕਈ ਤਮਗੇ ਜਿਤਾਏ। ਅੰਤਰ-ਵਿਭਾਗੀ ਟੂਰਨਾਮੈਂਟ ਅਤੇ ਫੈਡਰੇਸ਼ਨ ਕੱਪ ਵਿੱਚ ਵੀ ਉਸ ਨੇ ਜੌਹਰ ਦਿਖਾਏ। ਆਲ ਇੰਡੀਆ ਪੁਲਿਸ ਖੇਡਾਂ ਵਿੱਚ ਤਾਂ ਉਹ ਇਕੱਲਾ ਆਪਣੇ ਦਮ 'ਤੇ ਟੀਮ ਨੂੰ ਪੰਜਾਬ ਪੁਲਿਸ ਨੂੰ ਜਿਤਾ ਲਿਆਉਂਦਾ ਸੀ। ਉਹ 15 ਸਾਲ ਪੰਜਾਬ ਪੁਲਿਸ ਵੱਲੋਂ ਖੇਡਿਆ, ਕਿਸੇ ਸਾਲ ਵੀ ਖਾਲੀ ਹੱਥ ਨਹੀਂ ਪਰਤਿਆ। ਉਸ ਨੇ 9 ਸੋਨ ਤਮਗਿਆਂ ਸਣੇ ਕੁੱਲ 15 ਤਮਗੇ ਜਿਤਾਏ। 1992 ਤੋਂ 2000 ਤੱਕ ਲਗਾਤਰ 9 ਸੋਨ ਤਮਗੇ ਜਿਤਾਏ। ਇਸ ਤੋਂ ਪਹਿਲਾਂ ਉਸ ਨੇ 1987 ਤੋਂ 1989 ਤੱਕ ਤਿੰਨ ਕਾਂਸੀ ਦੇ ਤਮਗੇ ਅਤੇ 1990 ਤੇ 1991 ਵਿੱਚ ਦੋ ਚਾਂਦੀ ਦੇ ਤਮਗੇ ਜਿਤਾਏ। ਪਾਲੀ ਇਕੱਲਾ ਹੀ ਦੂਜੀ ਟੀਮ ਲਈ ਕਾਫੀ ਹੁੰਦਾ ਸੀ।

ਪਾਲੀ ਦਾ ਕੱਦ-ਕਾਠ ਇੰਨਾ ਹੈ ਕਿ ਉਹ ਬਾਸਕਟਬਾਲ ਕੋਰਟ ਵਿੱਚ ਖੜ੍ਹਾ ਖਲੋਤਾ ਬਿਨਾ ਛਾਲ ਮਾਰਿਆਂ ਡੰਕ ਮਾਰ ਦਿੰਦਾ। ਇਸੇ ਕਰਕੇ ਅਰਜੁਨਾ ਐਵਾਰਡੀ ਬਾਸਕਟਬਾਲ ਖਿਡਾਰੀ ਸੱਜਣ ਸਿੰਘ ਚੀਮਾ ਅਕਸਰ ਉਸ ਨੂੰ ਬਾਸਕਟਬਾਲ ਵਾਲੇ ਪਾਸੇ ਆਉਣ ਨੂੰ ਕਹਿੰਦੇ। 1986 ਵਿੱਚ ਬੰਗਲੌਰ ਵਿਖੇ ਏਸ਼ਿਆਈ ਖੇਡਾਂ ਦੇ ਕੈਂਪ ਦੌਰਾਨ ਉਹ ਅਥਲੈਟਿਕਸ ਫੀਲਡ ਵਿੱਚ ਉਚੀ ਛਾਲ ਦੇ ਗੱਦਿਆਂ ਕੋਲੋਂ ਲੰਘਦਾ ਅਰਾਮ ਨਾਲ ਜੰਪ ਮਾਰ ਜਾਂਦਾ। ਉਸ ਵੇਲੇ ਉਚੀ ਛਾਲ ਦੇ ਕੋਚ ਭੀਮ ਸਿੰਘ ਨੇ ਪਾਲੀ ਨੂੰ ਕਹਿਣਾ ਕਿ ਉਹ ਅਥਲੈਟਿਕਸ ਸ਼ੁਰੂ ਕਰ ਲਵੇ, ਪਰ ਪਾਲੀ ਤਾਂ ਜੰਮਿਆ ਪਲਿਆ ਹੀ ਵਾਲੀਬਾਲ ਖੇਡਣ ਲਈ ਸੀ। ਪਾਲੀ ਨੇ ਸਾਰੀ ਉਮਰ ਆਪਣਾ ਵਜ਼ਨ 75 ਕਿਲੋ ਤੋਂ ਵਧਣ ਨਹੀਂ ਦਿੱਤਾ। ਇਸੇ ਕਰਕੇ ਉਸ ਵਰਗਾ ਛਾਂਟਵੇਂ ਸਰੀਰ ਦਾ ਛੋਹਲਾ ਖਿਡਾਰੀ ਹਰ ਫੁਰਤੀ ਵਾਲੀ ਖੇਡ ਲਈ ਫਿੱਟ ਸੀ।

ਸੁਖਪਾਲ ਪਾਲੀ ਨੂੰ ਬੈਸਟ ਆਊਟਸਾਈਡ ਹਿੱਟਰ ਆਫ ਇੰਡੀਆ, ਦੇਸ਼ ਦਾ ਬਿਹਤਰੀਨ ਸਪਾਈਕਰ ਕਿਹਾ ਜਾਂਦਾ ਹੈ। ਪੰਜਾਬ ਸਰਕਾਰ ਨੇ ਉਸ ਨੂੰ 1989 ਵਿੱਚ 'ਮਹਾਰਾਜਾ ਰਣਜੀਤ ਸਿੰਘ ਐਵਾਰਡ' ਅਤੇ ਭਾਰਤ ਸਰਕਾਰ ਨੇ 2000 ਵਿੱਚ 'ਅਰਜੁਨਾ ਐਵਾਰਡ' ਨਾਲ ਸਨਮਾਨਿਆ। ਨਿੰਪੀ ਤੇ ਬੱਲੂ ਤੋਂ ਬਾਅਦ ਪਾਲੀ ਤੀਜਾ ਪੰਜਾਬੀ ਵਾਲੀਬਾਲ ਖਿਡਾਰੀ ਹੈ, ਜਿਸ ਨੂੰ ਇਹ ਸਨਮਾਨ ਮਿਲਿਆ। ਕੋਟਲਾ ਸ਼ਾਹੀਆ ਵਿਖੇ ਕਮਲਜੀਤ ਖੇਡਾਂ-2017 ਦੌਰਾਨ ਉਸ ਨੂੰ 'ਮੇਜਰ ਵਜਿੰਦਰ ਸਿੰਘ ਸ਼ਾਹੀ ਪੰਜਾਬ ਦਾ ਗੌਰਵ' ਐਵਾਰਡ ਨਾਲ ਸਨਮਾਨਤ ਕੀਤਾ ਗਿਆ।

ਪੰਜਾਬ ਪੁਲਿਸ ਵਿੱਚ ਆਈ.ਪੀ.ਐਸ. ਅਫ਼ਸਰ ਵਜੋਂ ਸੇਵਾਵਾਂ ਨਿਭਾਉਣ ਵਾਲਾ ਪਾਲੀ ਡਿਊਟੀ ਕਰਦਾ ਬਹੁਤ ਪ੍ਰੈਕਟੀਕਲ ਰਿਹਾ। ਕਾਗਜ਼ੀ ਕਾਰਵਾਈ ਨਾਲੋਂ ਮੌਕੇ ਦੀ ਸਥਿਤੀ ਅਨੁਸਾਰ ਫੈਸਲਾ ਲੈਣ ਦੀ ਉਹ ਸਮਰੱਥਾ ਰੱਖਦਾ ਹੈ। ਪਾਲੀ ਦਾ ਖੇਡ ਤੇ ਪੁਲਿਸ ਅਫਸਰ ਵਜੋਂ ਜੀਵਨ ਜਿੱਥੇ ਸੁਖਦ ਤੇ ਤਸੱਲੀਬਖ਼ਸ਼ ਰਿਹਾ ਹੈ, ਉਥੇ ਉਸ ਨਾਲ ਪਰਿਵਾਰਕ ਜੀਵਨ ਵਿੱਚ ਬਹੁਤ ਵੱਡੀ ਅਣਹੋਣੀ ਹੋਈ। 2017 ਵਿੱਚ ਉਸ ਦੀ 52 ਵਰ੍ਹਿਆਂ ਦੀ ਪਤਨੀ ਬਲਜੀਤ ਕੌਰ ਪਾਲੀ ਅਤੇ ਆਪਣੀਆਂ ਦੋ ਧੀਆਂ ਨੂੰ ਛੱਡ ਕੇ ਇਸ ਦੁਨੀਆਂ ਤੋਂ ਚਲੀ ਗਈ। ਟਾਂਡਾ (ਹੁਸ਼ਿਆਰਪੁਰ) ਦੀ ਰਹਿਣ ਵਾਲੀ ਉਸ ਦੀ ਪਤਨੀ ਵੀ ਕੌਮੀ ਪੱਧਰ ਦੀ ਵੱਡੀ ਖਿਡਾਰਨ ਸੀ ਅਤੇ ਭਾਰਤੀ ਮਹਿਲਾ ਵਾਲੀਬਾਲ ਟੀਮ ਵੱਲੋਂ ਵੀ ਉਸ ਨੇ ਕੁਝ ਮੈਚ ਖੇਡੇ ਹਨ।

## ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ

*-ਸੰਤ ਸੰਧੂ*


**ਹਿੰਦੂ ਰਾਸ਼ਟਰ:** ਮਜ਼ੁਬੀ ਮਹੰਤਾਂ ਨੇ, ਧੋਤੀ ਪਾੜ ਕੇ ਰੁਮਾਲ ਬਣਾਉਣੇ।
**ਹੰਸ ਰਾਜ ਹੰਸ:** ਦੱਸਿਆ ਆ ਕੇ ਗੋਲੀਆਂ ਨੇ, ਪੂਰਨ ਰਾਣੀਏ ਧ੍ਰੋਹ ਕਮਾ ਗਿਆ।
**ਦਲਬਦਲੀ:** ਆਉਂਦੀ-ਜਾਂਦੀ ਨੂੰ ਘੜਾ ਚੁਕਾਉਂਦੇ, ਮਗਰੋਂ ਮਾਰਦੇ ਗੋਡਾ।
**ਸੁਰਜੀਤ ਪਾਤਰ:** ਸਾਨੂੰ ਨਾਥ ਉਡੀਕਦਾ ਟਿੱਲੇ 'ਤੇ, ਮੇਰੇ ਸਿਰ ਅਹਿਸਾਨ ਹੈ ਪੀਰਾਂ ਦਾ।
**ਬੇਰੁਜ਼ਗਾਰੀ:** ਵਾਰਨਾ ਕਿਸੇ ਨਹੀਂ ਕਰਨਾ, ਇਹ ਘਰ ਸੂਮਾਂ ਦਾ।
**ਅਟਾਰੀ ਸਰਹੱਦ:** ਮਿੱਤਰਾਂ ਦੇ ਦਰ ਮੂਹਰੇ, ਬਹਿ ਗਈ ਕਾਲਜਾ ਫੜ ਕੇ।
**ਪਰਵਾਸ:** ਅੰਬੀਆਂ ਨੂੰ ਤਰਸੇਂਗੀ, ਛੱਡ ਕੇ ਦੇਸ਼ ਦੁਆਬਾ।
**ਜਲ ਸੰਕਟ:** ਭਾਬੋ ਮੇਰੀ ਨਿੱਤ ਪੁੱਛਦੀ, ਪੀਲਾ ਰੰਗ ਕਿਉਂ ਹੋ ਗਿਆ ਤੇਰਾ।
**ਭਾਜਪਾ:** ਤੈਨੂੰ ਮੰਦੀ ਨਹੀਂ ਜ਼ੁਬਾਨੋਂ ਕਹਿਣਾ, ਆਪੇ ਤੈਨੂੰ ਰੱਬ ਨਿੱਬੜੂ।
**ਚੋਣਾਂ:** ਜੋਗੀ ਖੜ੍ਹੇ ਦੁਆਰੇ ਤੇਰੇ, ਪਾ ਦੇ ਖੈਰ ਸਹਿਤੀਏ।
**ਨਰਿੰਦਰ ਮੋਦੀ:** ਕਿੱਕਰੇ ਡਿੱਗ ਨਾ ਪਈਂ, ਤੇਰੇ ਹੇਠ ਪਿਆ ਪਟਵਾਰੀ।
**ਨਿੱਜੀਕਰਨ:** ਭੀੜੀ ਵੰਗ ਬਚਾ ਕੇ ਚਾੜ੍ਹੀਂ, ਮੈਂ ਜਾਊਂਗੀ ਮਰ ਵੇ।
**ਪ੍ਰਿਅੰਕਾ ਗਾਂਧੀ:** ਮੈਨੂੰ ਲੈ ਦੇ ਡੋਰੀਆ, ਦਿਨ ਤੀਆਂ ਦੇ ਆਏ।
**ਜਗੀਰ ਕੌਰ:** ਵਿਚਦੀਂ ਮੁੰਡਿਆਂ ਦੇ, ਸੱਪ ਬਣ ਕੇ ਲੰਘ ਜਾਈਏ।
**ਭਗਵੰਤ ਮਾਨ:** ਲਾਈਲੱਗ ਨਾ ਹੋਵੇ ਘਰਵਾਲਾ, ਚੰਦਰਾ ਗੁਆਂਢ ਨਾ ਹੋਵੇ।
**ਅਕਾਲੀ ਦਲ:** ਕਾਦਰਯਾਰ ਨਿਹੰਗਾਂ ਨੇ ਪੀ ਭੰਗਾਂ, ਫੁੱਲ ਵੱਢ ਸੁੱਟੇ ਸਣ ਡਾਲੀਆਂ ਜੀ।
**ਇੰਡੀਆ ਗੱਠਜੋੜ:** ਬਾਰਾਂ ਡੱਬੇ ਲੱਗੇ, ਬਠਿੰਡੇ ਵਾਲੀ ਰੇਲ ਨੂੰ।
**ਚਰਨਜੀਤ ਚੰਨੀ:** ਰਾਂਝਾ ਹੀਰ ਪਿੱਛੇ ਮੱਝਾਂ ਚਾਰਦਾ ਸੀ, ਮਸ਼ਹੂਰ ਸੀ ਵਿਚ ਪੰਜਾਬ ਹੋਇਆ।
**ਕੇਜਰੀਵਾਲ:** ਗੁੱਸੇ ਨਾਲ ਜਲਾਦਾਂ ਨੂੰ ਆਖਦਾ, ਇਹਨੂੰ ਛੇਤੀ ਕਰੋ ਹਲਾਲ।
**ਭਾਰਤ-ਪਾਕਿ ਵੰਡ:** ਕੱਚੇ ਘੜੇ ਰੋਣ ਲੱਗ ਪਏ, ਸੋਹਣੀ ਮੁੜ ਕੇ ਜਦੋਂ ਨਾ ਆਈ।

**ਸ਼ਾਇਰੀ ਦੇ ਭਰ ਵਗਦੇ ਦਰਿਆ ਦਾ ਅਕਾਲ ਚਲਾਣਾ**

# ਬੱਸ ਹਵਾ ਹੀ ਹੋ ਜਾਈਦਾ, ਇਸ ਦੁਨੀਆਂ 'ਚੋਂ ਗੁਜ਼ਰਨ ਲੱਗਿਆਂ

**ਸ਼ਰਧਾਂਜਲੀ**

ਪਰਮਜੀਤ ਸਿੰਘ ਸੋਹਲ



11 ਮਈ ਦੀ ਸਵੇਰ ਨੂੰ ਦੋਸਤ ਕਵੀ ਗੁਰਪ੍ਰੀਤ ਦਾ ਮਾਨਸੇ ਤੋਂ ਫ਼ੋਨ ਆਇਆ। ਕਹਿਣ ਲੱਗਾ, 'ਤੈਂ ਸੁਰਜੀਤ ਪਾਤਰ ਜੀ ਬਾਰੇ ਫੇਸ ਬੁੱਕ 'ਤੇ ਨਹੀਂ ਦੇਖਿਆ?' ਮੇਰਾ ਮੱਥਾ ਠਣਕਿਆ। ਘਬਰਾਹਟ 'ਚ ਪੁੱਛਿਆ, 'ਨਹੀਂ, ਕੀ ਗੱਲ?' ਕਹਿਣ ਲੱਗਾ, 'ਬੜੀ ਮਾੜੀ ਖ਼ਬਰ ਹੈ। ਸੁਰਜੀਤ ਪਾਤਰ ਨਹੀਂ ਰਹੇ।' ਕੁਝ ਮਿੰਟਾਂ ਲਈ ਗੁੰਮ ਸੁੰਮ ਹੋ ਗਿਆ, ਯਕੀਨ ਨਹੀਂ ਸੀ ਆ ਰਿਹਾ। ਫਿਰ ਸਵਰਨਜੀਤ ਸਵੀ ਨੂੰ ਫੋਨ ਕੀਤਾ, ਅੱਗੋਂ ਉਹਦੀ ਭੁੱਬ ਨਿਕਲ ਗਈ, ਕਹਿਣ ਲੱਗਾ, 'ਹਾਂ, ਸਵੇਰੇ ਉੱਠੇ ਹੀ ਨਹੀਂ। ਮੈਂ ਉਨ੍ਹਾਂ ਦੇ ਘਰੇ ਆਂ, ਅਮਰਜੀਤ ਗਰੇਵਾਲ ਵੀ...।' ਉਹਦੀ ਆਵਾਜ਼ ਵਿੱਚ ਹਟਕੋਰੇ ਸਨ। ਮੈਂ ਕਿਹਾ, 'ਮੈਂ ਵੀ ਆਉਨਾਂ...।' ਪਰ ਸਾਰਾ ਦਿਨ ਘਰੇ ਉਦਾਸੀ ਦੇ ਆਲਮ 'ਚ ਬੈਠਾ ਰਿਹਾ। ਹਿਆ ਹੀ ਨਹੀਂ ਪਿਆ ਜਾਣ ਦਾ। ਦੂਜੇ ਦਿਨ ਗਿਆ। ਉਨ੍ਹਾਂ ਦੇ ਘਰ ਦਾ ਗੇਟ ਵੜਨ ਵੇਲੇ ਦੇਵ ਦਿਲਦਾਰ ਮਿਲ ਗਿਆ। ਪਾਤਰ ਸਾਹਿਬ ਬਾਰੇ ਗੱਲਾਂ ਕਰਦਿਆਂ ਦੱਸਣ ਲੱਗਾ, ਤੁਹਾਡੇ ਟੱਪੇ ਸੁਰਜੀਤ ਪਾਤਰ ਜੀ ਨੇ ਚੁਣ ਕੇ ਉਸਨੂੰ ਗਾਉਣ ਲਈ ਦਿੱਤੇ ਸਨ। ਦਿਲ 'ਚ ਕਿੰਨਾ ਕੁਝ ਉਬਾਲੇ ਮਾਰ ਮਾਰ, ਰਿਝ ਰਿਹਾ ਸੀ, ਪਰ ਕਹਿਣ ਜੋਗੇ ਲਫ਼ਜ਼ ਮੁੱਕ ਗਏ ਸਨ। ਸੁਰਜੀਤ ਪਾਤਰ ਜੀ ਦੀ ਜੀਵਨ ਸਾਥਣ ਭੁਪਿੰਦਰ ਕੌਰ ਪਾਤਰ ਤੇ ਉਨ੍ਹਾਂ ਦੇ ਬੇਟੇ ਮਨਰਾਜ ਦਾ ਰੋ ਰੋ ਕੇ ਬੁਰਾ ਹਾਲ ਸੀ। ਅੰਕੁਰ ਬੇਟੇ ਨੇ ਵਿਦੇਸ਼ੋਂ ਆਉਣਾ ਸੀ। ਮੈਨੂੰ ਆਪਣੀ ਸਾਹਿਤਕ ਸ਼ੁਰੂਆਤ ਦੇ ਦਿਨ ਚੇਤੇ ਆ ਗਏ, ਜਦੋਂ ਮੈਂ ਇਸ ਘਰ ਵਿੱਚ ਮਨਰਾਜ ਤੇ ਅੰਕੁਰ ਵਾਂਗ ਹੀ ਮਹਿਸੂਸ ਕਰਿਆ ਕਰਦਾ ਸਾਂ।

ਸੁਰਜੀਤ ਪਾਤਰ ਦਾ 'ਹੈ' ਤੋਂ 'ਸੀ' ਹੋ ਜਾਣਾ ਜਿਸਮਾਨੀ ਤੌਰ 'ਤੇ ਸੱਚ ਹੈ, ਪਰ ਦੂਜੇ ਪੱਖ ਤੋਂ ਝੂਠ ਵੀ। ਭਾਵੇਂ ਸ਼ਾਇਰੀ ਵਿੱਚ ਜਿਊਣ ਵਾਲੇ ਮਹਾਨ ਕਵੀ ਦਾ ਜਿਸਮ ਨਿਸੱਤਾ ਹੋ ਗਿਆ ਹੈ, ਪਰ ਹਰਮਨ ਪਿਆਰੀ ਸ਼ਖ਼ਸੀਅਤ ਅਤੇ ਸ਼ਾਇਰੀ ਸਦਕਾ ਉਹ ਚਹੇਤਿਆਂ ਦੀਆਂ ਰੂਹਾਂ ਵਿੱਚ ਸ਼ਰਾਇਤ ਕਰ ਗਿਆ ਹੈ। ਸੁਰਜੀਤ ਪਾਤਰ ਦੀ ਸ਼ਾਇਰੀ ਦਾ ਸੁਹਜ 'ਹੈ ਭੀ ਸਚੁ, ਹੋਸੀ ਭੀ ਸਚੁ' ਦੇ ਪਾਕ ਮੁਕਾਮ ਤੱਕ ਲੈ ਜਾਣ ਵਾਲੇ ਕ੍ਰਿਸ਼ਮੇ ਵਰਗਾ ਹੈ। 'ਸੀ' ਕਹਿਣ ਨੂੰ, ਪਰ 'ਹੈ' ਤੇ ਸਦਾ 'ਹੋਵੇਗਾ' ਸੁਰਜੀਤ ਪਾਤਰ। ਇਨ੍ਹਾਂ ਵਿਆਕਰਣਿਕ ਸਹਾਇਕ ਕਿਰਿਆਵਾਂ 'ਸੀ', 'ਹੈ', 'ਹੋਵੇਗਾ' ਤੋਂ ਪਰ੍ਹੇ ਸਤਿ ਸੁਭਮ ਸਤਿ ਅਫ਼ਜੂ ਵਾਂਗ।

ਉਸ ਦੀ ਜ਼ਹੀਨ ਸੁਰਤਿ ਕੋਲ ਪੰਜਾਬੀ ਕਵਿਤਾ ਦੀ ਮਾਣ-ਮੱਤੀ ਵਿਰਾਸਤ ਸੀ। ਉਹਦੀ ਸ਼ਾਇਰੀ ਦੁਨੀਆ ਭਰ ਦੀ ਚੰਗੀ ਸ਼ਾਇਰੀ ਵਿੱਚ ਸ਼ੁਮਾਰ ਕਰਨਯੋਗ ਹੈ। ਇਸੇ ਗੁਣਵੱਤਾ ਕਰਕੇ ਉਹ ਪੰਜਾਬੀ ਦਾ ਅਜ਼ੀਮ ਕਵੀ ਹੈ ਤੇ ਹਮੇਸ਼ਾ ਬਣਿਆ ਰਹੇਗਾ। ਉਹ ਪੰਜਾਬੀ ਸ਼ਾਇਰੀ ਦਾ ਸੁਨਹਿਰੀ ਤਾਜ ਬਣ ਕੇ ਜੀਵਿਆ ਤੇ ਸਦਾ ਸ਼ੁਭਾਇਮਾਨ ਰਿਹਾ ਹੈ। ਉਹਦੀ ਸ਼ਾਇਰੀ ਕਰੁਣਾਮਈ ਬੋਲਾਂ 'ਚ ਪੰਜਾਬੀ ਬੰਦੇ ਦੀ ਗੌਰਵਸ਼ਾਲੀ ਗਾਥਾ ਦਾ ਗੁਣਗਾਨ ਹੈ। ਵਿਲਕਦਾ, ਤੜਪਦਾ, ਰੋਹੀ ਵਿਦਰੋਹੀ ਧੁਨਾਂ ਅਲਾਪਦਾ ਪੰਜਾਬ ਉਹਦੀਆਂ ਗ਼ਜ਼ਲਾਂ ਦੇ ਸ਼ਿਅਰਾਂ 'ਚੋਂ ਢਾਈ ਆਬਾਂ ਵਾਂਗ ਹੀ ਅਣਮਨ ਜਿਹਾ ਵਗਦਾ ਦਿਸਦਾ ਹੈ। ਕਵਿਤਾ ਨੂੰ ਮੋਹ ਕਰਨ ਵਾਲੀ ਹਰ ਧਿਰ ਨੂੰ ਉਹਦਾ ਸਰੀਰਕ ਵਿਛੋੜਾ ਇੰਜ ਮਹਿਸੂਸ ਹੋਇਆ ਹੈ, ਜਿਵੇਂ ਪੰਜਾਬੀ ਸ਼ਾਇਰੀ ਦਾ ਬਾਬਲ ਤੁਰ ਗਿਆ ਹੋਵੇ ਤੇ ਆਧੁਨਿਕ ਪੰਜਾਬੀ ਕਵਿਤਾ ਯਤੀਮ ਹੋ ਗਈ ਹੋਵੇ। ਸੱਚੀਂ ਮੁੱਚੀਂ ਪਾਤਰ ਦੁਨੀਆਂ ਤੋਂ ਚਲੇ ਗਿਆ, ਯਕੀਨ ਕਰਨ ਵਾਲੀ ਗੱਲ ਨਹੀਂ ਹੈ। ਪਰ ਸੱਚ ਤਾਂ ਸੱਚ ਹੀ ਹੈ।

ਸੁਰਜੀਤ ਪਾਤਰ ਚਲੇ ਗਿਆ ਜਿਸਮ ਦੀ ਕੈਦ ਤੋਂ ਨਿਜਾਤ ਪਾ ਗਿਆ, ਪਰ ਉਸਦੀ ਰੂਹ ਪੰਜਾਬੀ ਕਵਿਤਾ ਦੀਆਂ ਅਣਲਿਖੀਆਂ ਕਵਿਤਾਵਾਂ ਵਿੱਚ ਸ਼ਰਾਇਤ ਕਰ ਗਈ ਹੈ। ਉਸਦੀ ਨਿਰਾਕਾਰੀ ਰੂਹ ਦੀ ਹਾਜ਼ਰੀ ਆਪਣੇ ਨਜ਼ਦੀਕ ਮਹਿਸੂਸਦੇ ਰਹਿਣਾ ਉਸ ਪ੍ਰਤੀ ਸਾਡੇ ਪਿਆਰ ਦੀ ਗਵਾਹੀ ਹੋਵੇਗੀ। ਉਹਦੀ ਸ਼ਾਇਰੀ ਅੱਧੇ ਅਧੂਰਿਆਂ, ਖੁਰਦੇ ਭੁਰਦਿਆਂ, ਮਰਦੇ ਮਿਟਦਿਆਂ ਦੀ ਪੂਰਨ ਜੋਗੀ ਬਣ ਜਾਣ ਵਰਗੀ ਆਸ ਦਾ ਤਰਜਮਾ ਹੈ। ਉਹਦੀ ਲਿਖਤ ਖ਼ੁਦਕਸ਼ੀ ਕਰਨ ਜਾ ਰਹੇ ਬੰਦੇ ਨੂੰ ਜ਼ਿੰਦਗੀ ਦੇ ਹੁਸੀਨ ਪਲਾਂ ਵੱਲ ਮੋੜ ਲਿਆਉਂਦੀ ਹੈ। ਉਹ ਪੰਜਾਬੀ ਮਨ ਦੀ ਨਬਜ਼ ਫੜ ਕੇ ਆਖਦਾ ਹੈ, 'ਆ ਮੈਂ ਤੈਨੂੰ ਸਾਵੇ ਬਾਗ਼ਾਂ ਦੀ ਸੈਰ ਕਰਾ ਲਿਆਵਾਂ... ਮੈਨੂੰ ਆਪਣੇ ਦੁੱਖ ਦੇ ਦੇ, ਲਿਆ ਮੈਂ ਤੇਰੇ ਹੰਝੂ ਪੂੰਝ ਕੇ ਤੇਰੀਆਂ ਤਲੀਆਂ 'ਤੇ ਖਿੜੇ ਫੁੱਲ ਧਰ ਦਿਆਂ...।'



ਸੁਰਜੀਤ ਪਾਤਰ ਦੀ ਹਿੱਕ 'ਚ 'ਸਰੋਦੀ/ਵਿਯੋਗੀ ਸੁਰਾਂ ਦਾ ਆਲ੍ਹਣਾ' ਸੀ। ਮਰਹੂਮ ਸ਼ਾਇਰ ਮੋਹਨਜੀਤ ਅਨੁਸਾਰ 'ਉਹਦੇ ਦਿਲ ਵਿੱਚ ਡੂੰਘਾ ਟੋਆ ਹੈ, ਜਿਸ ਵਿੱਚ ਦਰੀਆਂ ਵਿਛੀਆਂ ਹੋਈਆਂ ਨੇ।' ਇਸੇ ਲਈ ਉਹ 'ਸੁਰਜ਼ਮੀਨ' ਵਰਗੇ ਨਵੇਂ ਲਫ਼ਜ਼ ਘੜਦਾ ਹੈ ਤੇ ਨਵੇਂ ਫੁੱਟਦੇ ਪੱਤਿਆਂ ਲਈ ਬਿਰਖ-ਸਾਜ਼ ਬਣ ਕੇ ਅਜਿਹੀ ਜ਼ਮੀਨ ਵੀ ਤਿਆਰ ਕਰਦਾ ਹੈ, ਜਿਸ ਵਿੱਚ ਗੀਤਾਂ, ਗ਼ਜ਼ਲਾਂ ਤੇ ਕਵਿਤਾਵਾਂ ਦੀਆਂ ਗੁਲਾਬੀ ਕਲਮਾਂ ਬੀਜੀਆਂ ਜਾ ਸਕਣ। ਇੱਕ ਉਦਾਸ ਚੁੱਪ ਦਾ ਦਰਿਆ ਹੈ ਸੁਰਜੀਤ ਪਾਤਰ... ਸ਼ਾਇਰੀ ਦਾ ਭਰ ਵਗਦਾ ਦਰਿਆ ਜੋ ਏਧਰਲੇ ਪੰਜਾਬ ਦੇ ਦਰਿਆਵਾਂ- ਸਤਿਲੁਜ, ਬਿਆਸ ਤੇ ਰਾਵੀ ਦਾ ਕਾਸਦ ਬਣ ਕੇ ਓਧਰਲੇ ਦਰਿਆਵਾਂ- ਜਿਹਲਮ ਤੇ ਝਨਾਂ ਨੂੰ ਛੱਲਾਂ ਦੇ ਰੂਪ ਵਿੱਚ 'ਸਲਾਮ' ਆਖਣ ਗਿਆ ਹੈ।

ਸ਼ਾਇਦ ਹੁਨਾਲ, ਸਿਆਲ ਜਾਂ ਕਿਸੇ ਅਗਲੇਰੇ ਸਾਲ ਪਰਤ ਆਵੇਗਾ। ਸੁਰਜੀਤ ਪਾਤਰ ਆਪਣੇ ਕਾਵਿਕ ਸਰੋਦੀ ਬੋਲ ਸਿਰਜ ਕੇ ਪਾਠਕਾਂ ਤੇ ਸਰੋਤਿਆਂ ਦੇ ਮਨਾਂ ਅੰਦਰ ਨ੍ਹੇਰੀਆਂ ਵਗਣ ਲਾ ਦਿੰਦਾ ਹੈ, ਜਿਨ੍ਹਾਂ ਵਿੱਚ ਪੰਜਾਬੀ ਮਨ ਦੀ ਹੇਕ ਤੇ ਹੂਕ ਰਲੀ ਹੁੰਦੀ ਹੈ, ਜਿਹੜੀ ਵਕਤ ਦੇ ਸ਼ਾਹ-ਸਵਾਰਾਂ ਨੂੰ ਦ੍ਰਵਿਤ ਕਰਨ ਦੀ ਪੁਰਜ਼ੋਰ ਅਪੀਲ ਵੀ ਬਣ ਜਾਂਦੀ ਹੈ। ਪੰਜਾਬੀ ਦੀ ਦਸ਼ਾ, ਦਿਸ਼ਾ ਤੇ ਦ੍ਰਿਸ਼ਾਵਲੀ ਨੂੰ ਜਿਨ੍ਹਾਂ ਕੋਣਾਂ ਤੋਂ ਸੁਰਜੀਤ ਪਾਤਰ ਦੇ ਦੂਰ-ਅੰਦੇਸ਼ੀ ਦਿੱਬ-ਨੇਤਰ ਵੇਖ ਕੇ ਸ਼ਾਇਰੀ ਦਾ ਜਾਮਾ ਪਹਿਨਾ ਦਿੰਦੇ ਹਨ, ਉਸ ਵਰਗਾ ਸਿੱਧ-ਹਸਤ ਕਵੀ ਸਦੀਆਂ ਲੰਮੀ ਸੜਕ 'ਤੇ ਤੁਰਦਾ ਹੋਇਆ ਵੀ ਵੇਖਣ ਨੂੰ ਨਹੀਂ ਮਿਲ ਸਕੇਗਾ। ਉਸਦੀ ਸੰਗਤ 'ਚ ਵਿਚਰਦੇ ਹਰ ਵਿਅਕਤੀ ਨੂੰ ਆਪਣਾ ਆਪਾ ਖਿੜਿਆ-ਖਿੜਿਆ, ਤਰੰਨਮ-ਤਰੰਨਮ ਲੱਗਣ ਲੱਗ ਜਾਂਦਾ ਸੀ।

ਮਧੁਰਭਾਸ਼ੀ ਸ਼ਾਇਰਾਨਾ ਅੰਦਾਜ਼, ਟਿਕਾਉ, ਬਾਅਦਬ ਸਲੀਕੇ ਦਾ ਫ਼ਕੀਰਾਨਾ ਬਾਦਸ਼ਾਹੀ ਆਲਮ ਉਸਦੀ ਜ਼ਿੰਦਗੀ 'ਚੋਂ ਸਦਾਬਹਾਰੀ ਮਹਿਕ ਵਾਂਗ ਝਰਦਾ ਰਹਿੰਦਾ ਸੀ। ਹਰੇਕ ਛੋਟੇ ਤੋਂ ਵੱਡੇ ਮਨੁੱਖ ਤੱਕ ਉਸ ਦੀ ਨਿਮਰਤਾ, ਮਿਲਣਸਾਰਤਾ, ਸਾਦਗੀ ਤੇ ਸੁਹਿਰਦਤਾ ਦੀ ਚੁੰਬਕੀ ਕਸ਼ਿਸ਼ ਅਸਰ-ਅੰਦਾਜ਼ ਹੁੰਦੀ ਸੀ। ਕਿਸੇ ਬੰਦੇ ਵਿੱਚ ਏਨੇ ਮੀਰੀ ਗੁਣ ਹੋਣ, ਅਸੰਭਵ ਜਿਹਾ ਜਾਪਦਾ ਹੈ। ਉਸ ਨੇ ਜਿਸ ਵੀ ਤਾਰ ਨੂੰ ਪੋਟੇ ਛੁਹਾਏ, ਉਹ ਸੁਰਬੱਧ ਹੋ ਗਈ ਤੇ ਜਿਸ ਵੀ ਲਫ਼ਜ਼ ਨੂੰ ਸਪਰਸ਼ ਕੀਤਾ ਉਹ ਕਾਵਿਕਤਾ ਦੇ ਵੇਗ ਨਾਲ ਲਰਜ਼ ਉਠਿਆ। ਉਹਦੀ ਹਰ ਬਾਤ ਤੇ ਮੁਦਰਾ 'ਚ ਕਿੰਨੀਆਂ ਹੀ ਪਾਕੀਜ਼ਗੀਆਂ ਦੇ ਕਿਰਦਾਰ ਘੁਲੇ ਹੋਏ ਸਨ। ਉਹਦੀ ਆਵਾਜ਼ ਵਿੱਚ ਸਦੀਓਂ ਪਾਰਲੇ ਇਸਰਾਰ ਬਿਰਾਜਮਾਨ ਸਨ। ਉਹ ਆਪਣੇ ਲਫ਼ਜ਼ਾਂ ਦੇ ਨੈਣਾਂ ਵਿੱਚ ਨਾ ਕੇਵਲ ਪੰਜਾਬੀ ਰਹਿਤਲ ਤੇ ਨਸਲਾਂ ਦੇ ਦਰਦ ਸੀਰ ਲੈਂਦਾ ਸੀ; ਸਗੋਂ ਗਾਹੇ-ਬਗਾਹੇ ਪੁਰਖਿਆਂ ਦੇ ਹੰਝੂ ਵੀ ਉਹਦੀਆਂ ਪਲਕਾਂ 'ਚੋਂ ਕਿਰਦੇ ਰਹਿੰਦੇ ਸਨ। ਸੁਰਜੀਤ ਪਾਤਰ ਦਾ ਕਹਿਣਾ ਹੈ, 'ਕਵਿਤਾ ਮਾਨਵਤਾ ਦੀ ਸਭ ਤੋਂ ਗਹਿਰੀ ਆਵਾਜ਼ ਹੈ। ਪਿਆਰ, ਵਿਛੋੜਾ, ਦੁੱਖ ਕਵਿਤਾ ਦੀਆਂ ਸੁਰਾਂ ਹਨ।'

ਕਸ਼ੀਦ ਕੀਤੇ ਦੁੱਖਾਂ ਦੇ ਭਾਵ ਸ਼ਿਅਰਾਂ 'ਚ ਢਾਲ ਕੇ ਉਹ ਹਰ ਮਸਤਕ ਨੂੰ ਹੈਰਾਨ ਕਰ ਦਿੰਦਾ ਹੈ ਅਤੇ ਉਸਦੇ ਸਰੋਦੀ ਬੋਲ ਵਿਸਮਾਦੀ ਆਭਾ ਬਿਖੇਰਦੇ ਪੌਣਾਂ ਦੇ ਹਮਸਫ਼ਰ ਹੋ ਜਾਂਦੇ ਹਨ।


'ਇਹ ਲਫ਼ਜ਼ ਮੇਰੇ ਨਹੀਂ, ਪਰ ਇਹ ਵਾਕ ਮੇਰਾ ਹੈ,
ਜਾਂ ਖ਼ਬਰੇ ਇਹ ਵੀ ਨਹੀਂ, ਮੈਂ ਐਵੇਂ ਗੁਮਾਨ 'ਚ ਹਾਂ।'

ਜਿਸਮਾਨੀ ਤੌਰ 'ਤੇ ਵਿਛੜਿਆ ਸੁਰਜੀਤ ਪਾਤਰ ਪੰਜ ਤੱਤਾਂ 'ਚ ਵਿਲੀਨ ਹੋ ਕੇ ਵੀ ਆਪਣੇ ਬੋਲਾਂ ਰਾਹੀਂ ਰੂਹਾਂ, ਖੂਹਾਂ, ਜੂਹਾਂ, ਕਿੱਕਰਾਂ, ਟਾਹਲੀਆਂ, ਨਿੰਮਾਂ, ਪਿੱਪਲਾਂ, ਬੋਹੜਾਂ, ਧੁੱਪਾਂ, ਛਾਵਾਂ, ਹਾੜਾਂ, ਚੇਤਾਂ ਦੇ ਕਾਇਨਾਤੀ ਜ਼ੁਜ਼ਾਂ ਵਿੱਚ ਅਤੇ ਪੰਜਾਬੀ ਰਹਿਤਲ, ਲੋਕ ਗਥਾਵਾਂ, ਕਿਰਸਾਨਾਂ, ਲੋਹਾਰਾਂ, ਘਮਿਆਰਾਂ ਜਿਹੇ ਮਿਹਨਤਕਸ਼ ਲੋਕਾਂ ਦਾ ਹਮਾਇਤੀ ਬਣਿਆ ਨਦੀਆਂ, ਦਰਿਆਵਾਂ, ਹਵਾਵਾਂ ਦੇ ਰੂਪ ਵਿੱਚ ਵਿਚਰਦਾ ਸਦਾ ਸਾਡੇ ਅੰਗ-ਸੰਗ ਰਹੇਗਾ। ਇਸ ਤੋਂ ਵੱਡਾ ਭਲਾਂ ਹੋਰ ਕੀ ਮੁਕਾਮ ਹੋ ਸਕਦਾ ਹੈ? ਸਾਨੂੰ ਉਹਦੀ ਰਚਨਾ ਵਿੱਚੋਂ ਕਦੇ ਨਹੀਂ ਲੱਗੇਗਾ ਕਿ ਉਹ ਸਾਥੋਂ ਦੂਰ ਚਲੇ ਗਿਆ ਹੈ, ਹਮੇਸ਼ਾ ਇਉਂ ਹੀ ਲਗਦਾ ਰਹੇਗਾ ਕਿ ਉਹ ਹਵਾ ਵਾਂਗ ਹੁਣੇ ਏਥੇ ਸੀ, ਹੁਣੇ ਨਹੀਂ ਹੈ। ਸੁਰਜੀਤ ਪਾਤਰ ਨੂੰ ਚਾਹੁਣ ਵਾਲੇ ਜਾਂ ਉਸਦੀ ਰਚਨਾ ਨੂੰ ਪਿਆਰ ਕਰਨ ਵਾਲੇ ਉਸਦੇ ਬੇਸ਼ੁਮਾਰ ਚਹੇਤਿਆਂ ਕੋਲ ਉਸਦੀ ਸੁਹਬਤ, ਸ਼ਾਇਸ਼ਤਗੀ ਤੇ ਸ਼ਾਇਰੀ ਨਾਲ ਜੁੜੀਆਂ ਅਨੇਕਾਂ ਸਿਮਰਤੀਆਂ ਤੇ ਯਾਦਾਂ ਸੁਰੱਖਿਅਤ ਹਨ। ਕਈ ਰੰਗਾਂ, ਰੂਪਾਂ ਵਿੱਚ ਉਹ ਸਾਡੇ ਅੰਦਰ ਜ਼ਜ਼ਬ ਹੁੰਦਾ ਰਹੇਗਾ ਅਤੇ ਸਾਨੂੰ ਆਪਣੀ ਸ਼ਾਇਰੀ ਦੇ ਸਾਫ਼-ਸ਼ਫ਼ਾਫ਼ ਕਲਾਵਿਆਂ ਅੰਦਰ ਭਰ ਲਵੇਗਾ। ਸੁਰਜੀਤ ਪਾਤਰ ਨਮਿਤ 'ਮੁਰਸ਼ਦਨਾਮਾ' ਵਿੱਚ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਆਖਦੀ ਹੈ:

"ਤੁਹਾਡਾ ਦੁਨੀਆ 'ਤੇ ਆਉਣਾ ਅਤੇ ਸੁਹਣਾ, ਸਿਰਜਣਾਤਮਕ, ਤੇਜੱਸਵੀ ਜੀਵਨ ਜਿਉਂ ਕੇ ਬਿਨਾਂ ਕਿਸੇ ਕਸ਼ਟ ਤੋਂ, ਬਿਨਾਂ ਕਿਸੇ ਆਹਟ ਤੋਂ ਆਪਣੇ ਸਹਿਜ ਸੁਭਾਅ ਵਾਂਗ ਇਸ ਫ਼ਾਨੀ ਜਹਾਨ ਤੋਂ ਵਿਦਾ ਹੋ ਜਾਣਾ ਵੀ ਕੁਦਰਤ ਦੀ ਕਿਸੇ ਅਸੀਸ ਵਰਗਾ ਹੀ ਜਾਪਦਾ ਹੈ।"

ਸੁਰਜੀਤ ਪਾਤਰ ਜੀ ਦੇ ਇੱਕ ਸ਼ਿਅਰ ਨਾਲ ਮੈਂ ਬਾਣੀ ਨੂੰ ਵਿਰਾਮ ਦਿੰਦਾ ਹਾਂ:

'ਕੰਡਿਆਂ ਵਿੱਚ ਨਹੀਂ ਉਲਝੀਦਾ, ਨਾ ਫੁੱਲਾਂ 'ਤੇ ਹੱਕ ਧਰੀਦਾ
ਬੱਸ ਹਵਾ ਹੀ ਹੋ ਜਾਈਦਾ, ਇਸ ਦੁਨੀਆਂ 'ਚੋਂ ਗੁਜ਼ਰਨ ਲੱਗਿਆਂ।'



# ਅਸਾਂ ਵੀ ਅੰਤ ਕਿਰ ਕੇ ਖ਼ਾਦ ਹੋਣਾ

ਸਿਰਮੌਰ ਪੰਜਾਬੀ ਕਵੀ ਸੁਰਜੀਤ ਪਾਤਰ ਦੇ ਜਾਣ ਨਾਲ ਪੰਜਾਬੀ ਸਾਹਿਤ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਉਹ ਬਹੁਤ ਨਰਮ ਸੁਭਾਅ ਦੇ ਸਨ ਅਤੇ ਉੱਚ ਕੋਟੀ ਦੇ ਸ਼ਾਇਰ ਸਨ। ਉਹ ਪੰਜਾਬੀ ਦੇ ਕੁਝ ਅਜਿਹੇ ਕਵੀਆਂ ਵਿੱਚ ਸ਼ਾਮਲ ਸਨ, ਜਿਨ੍ਹਾਂ ਨੂੰ ਸਿਰਫ਼ ਸਾਹਿਤਕਾਰ ਲੋਕ ਹੀ ਨਹੀਂ ਜਾਣਦੇ ਸਨ, ਸਗੋਂ ਪੰਜਾਬ ਦੇ ਜਨ-ਮਾਨਸ ਤੱਕ ਉਨ੍ਹਾਂ ਦੀ ਪਹੁੰਚ ਸੀ। ਉਹ ਵੱਡਿਆਂ ਅਤੇ ਨਿੱਕਿਆਂ ਸਾਰਿਆਂ ਨੂੰ ਬੜੇ ਪਿਆਰ ਤੇ ਨਿੱਘ ਨਾਲ ਮਿਲਦੇ ਸਨ।

ਸੁਰਜੀਤ ਪਾਤਰ ਦਾ ਜਨਮ ਜਨਵਰੀ 1945 ਵਿੱਚ ਜਲੰਧਰ ਦੇ ਪਿੰਡ ਪੱਤੜ ਕਲਾਂ ਵਿੱਚ ਹੋਇਆ। ਮਗਰੋਂ ਉਨ੍ਹਾਂ ਨੇ ਅੰਗਰੇਜ਼ੀ ਦੇ ਇੱਕ ਕਾਲਜ ਮੈਗਜ਼ੀਨ ਵਿੱਚ ਜਦੋਂ ਆਪਣੇ ਪਿੰਡ ਦਾ ਨਾਮ 'Patter' ਲਿਖਿਆ ਤਾਂ ਉਹ 'ਪਾਤਰ' ਬਣ ਗਿਆ ਅਤੇ ਉਨ੍ਹਾਂ ਨੇ ਇਹੀ ਵਰਤਣਾ ਸ਼ੁਰੂ ਕਰ ਦਿੱਤਾ ਕਿ ਮੈਂ ਪਾਤਰ ਬਣ ਗਿਆ।

ਜਦੋਂ ਪੰਜਾਬੀ ਯੂਨੀਵਰਸਿਟੀ ਬਣੀ ਤਾਂ ਸ਼ੁਰੂ ਵਿੱਚ ਇੱਥੇ ਹੋਸਟਲਾਂ ਦੀ ਕਮੀ ਸੀ। ਇਸ ਲਈ ਜ਼ਿਆਦਾਤਰ ਵਿਦਿਆਰਥੀ ਬਾਹਰ ਹੀ ਆਪੋ-ਆਪਣਾ ਇੰਤਜ਼ਾਮ ਕਰਕੇ ਰਹਿੰਦੇ ਸਨ। ਸੁਰਜੀਤ ਪਾਤਰ ਵੀ ਯੂਨੀਵਰਸਿਟੀ ਦੇ ਸ਼ੁਰੂਆਤੀ ਪੂਰ ਵਿੱਚ ਸ਼ਾਮਲ ਸਨ। ਯੂਨੀਵਰਸਿਟੀ ਦੇ ਕਈ ਵਿਦਿਆਰਥੀ ਜੋ ਅੱਗੇ ਜਾ ਕੇ ਪੰਜਾਬੀ ਬੌਧਿਕਤਾ ਦੇ ਉੱਘੇ ਨਾਮ ਬਣੇ, ਮਸ਼ਹੂਰ ਭੂਤਵਾੜਾ ਦਾ ਹਿੱਸਾ ਸਨ। ਪੰਜਾਬੀ ਬੌਧਿਕਤਾ ਨੂੰ ਭੂਤਵਾੜੇ ਦੀ ਬਹੁਤ ਵੱਡੀ ਦੇਣ ਹੈ। ਇੱਥੋਂ ਕਈ ਵੱਡੇ ਨਾਮ ਨਿਕਲੇ ਹਨ, ਜਿਵੇਂ ਸਤਿੰਦਰ ਸਿੰਘ ਨੂਰ, ਡਾ. ਗੁਰਭਗਤ ਸਿੰਘ, ਮੋਹਨਜੀਤ, ਹਰਦਿਲ ਜੀਤ ਸਿੰਘ ਸਿੱਧੂ ਉਰਫ਼ ਲਾਲੀ ਅਤੇ ਸੁਰਜੀਤ ਮਾਨ। ਸੁਰਜੀਤ ਪਾਤਰ ਨੂੰ ਵੀ ਭੂਤਵਾੜੇ ਦੇ ਮਹਾਂਪੁਰਸ਼ਾਂ ਦੀ ਸੰਗਤ ਪ੍ਰਪਤ ਸੀ। ਆਪਣੇ ਪੜ੍ਹਾਈ ਦੇ ਦਿਨਾਂ ਦੌਰਾਨ ਸੁਰਜੀਤ ਪਾਤਰ ਲਾਲੀ ਦੇ ਨਾਲ, ਜੋ ਕਥਾਵਾਂ ਸੁਣਾਉਣ ਲਈ ਮਸ਼ਹੂਰ ਸਨ, ਕਥਾਵਾਂ ਸੁਣਦੇ ਹੋਏ ਤੁਰਦੇ-ਤੁਰਦੇ ਹੀ ਸ਼ਹਿਰ ਜਾਇਆ ਕਰਦੇ ਸਨ।

ਡਾ. ਪਾਤਰ ਨੂੰ ਦਲੀਪ ਕੌਰ ਟਿਵਾਣਾ ਵਰਗੇ ਵਿਦਵਾਨਾਂ ਦੀ ਸੰਗਤ ਮਾਨਣ ਦਾ ਮੌਕਾ ਮਿਲਿਆ। ਪੰਜਾਬੀ ਯੂਨੀਵਰਸਿਟੀ ਵਿੱਚ ਪੜ੍ਹਾਈ ਦੌਰਾਨ ਹੀ ਉਨ੍ਹਾਂ ਨੇ ਆਪਣੀ ਮਸ਼ਹੂਰ ਕਵਿਤਾ 'ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ, ਅਸੀਂ ਰਹਿ ਗਏ ਬਿਰਖ ਵਾਲੀ ਹਾਅ ਬਣ ਕੇ' ਲਿਖੀ। ਸੁਰਜੀਤ ਪਾਤਰ ਨੇ ਗੋਲਡ ਮੈਡਲ ਨਾਲ ਪੰਜਾਬੀ ਵਿੱਚ ਐੱਮ.ਏ. ਕੀਤੀ ਅਤੇ ਉਨ੍ਹਾਂ ਦੇ ਪੀਐੱਚ.ਡੀ. ਖੋਜ ਕਾਰਜ ਦਾ ਵਿਸ਼ਾ 'ਲੋਕ ਧਾਰਾ ਦਾ ਨਾਨਕ ਬਾਣੀ ਵਿੱਚ ਰੂਪਾਂਤਰਣ' ਸੀ। ਉਹ ਜਦੋਂ ਐੱਮ.ਏ. ਪੰਜਾਬੀ ਕਰ ਰਹੇ ਸਨ ਤਾਂ ਉਸ ਵੇਲੇ ਨਕਸਲਵਾਦੀ ਲਹਿਰ ਜ਼ੋਰਾਂ 'ਤੇ ਸੀ। ਉਹ ਦੱਸਦੇ ਹੁੰਦੇ ਸਨ, "ਸਾਡੇ ਕੋਲ ਰਾਤ ਬਰਾਤੇ ਨਕਸਲਵਾਦੀ ਕਵੀ ਰੂਪੋਸ਼ ਹੋ ਕੇ ਆਉਂਦੇ ਸੀ। ਜਦੋਂ ਹਰਭਜਨ ਹਲਵਾਰਵੀ ਪਹਿਲੀ ਵਾਰੀ ਸਾਡੇ ਕੋਲ ਮਨੋਹਰ ਲਾਲ ਬਣ ਕੇ ਆਇਆ ਤਾਂ ਅਸੀਂ ਉਸ ਨੂੰ ਉਸ ਦੀ ਆਵਾਜ਼ ਤੋਂ ਪਛਾਣਿਆ।"

ਸੁਰਜੀਤ ਪਾਤਰ ਦੀਆਂ ਕਈ ਰਚਨਾਵਾਂ ਹੋਰ ਭਾਸ਼ਾਵਾਂ ਵਿੱਚ ਵੀ ਅਨੁਵਾਦ ਹੋ ਚੁੱਕੀਆਂ ਹਨ। ਉਹ ਹੋਰ ਭਾਸ਼ਾਵਾਂ ਦਾ ਸਹਿਤ ਵੀ ਪੜ੍ਹਦੇ ਰਹਿੰਦੇ ਸਨ। ਉਹ ਹਿੰਦੀ, ਉਰਦੂ ਅਤੇ ਅੰਗਰੇਜ਼ੀ ਦੇ ਸਾਹਿਤਾਕਾਰਾਂ ਤੋਂ ਪ੍ਰਭਾਵਿਤ ਸਨ। ਉਨ੍ਹਾਂ ਨੇ ਆਪ ਵੀ ਅਨੁਵਾਦ ਦਾ ਕੰਮ ਕੀਤਾ ਅਤੇ ਫੈਡਰੀਸੀਓ ਗਰੇਸੀਆ ਲੌਰਕਾ ਦੇ ਤਿੰਨ ਦੁਖਾਂਤਕ, ਗਰੀਸ਼ ਕਰਨਾਡ ਦਾ ਨਾਟਕ ਨਾਗਮੰਡਲ ਤੇ ਬੇਰਤੋਲਤ ਬਰੈਸ਼ਤ ਅਤੇ ਪਾਬਲੋ ਨਰੂਦਾ ਦੀਆਂ ਕਵਿਤਾਵਾਂ ਦਾ ਪੰਜਾਬੀ ਵਿੱਚ ਅਨੁਵਾਦ ਕੀਤਾ।

ਮੌਜੂਦਾ ਸਮੇਂ ਵਿੱਚ ਉਹ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਦੇ ਚੇਅਰਮੈਨ ਸਨ। ਜਦੋਂ ਪਿਛਲੇ ਸਾਲਾਂ ਦੌਰਾਨ ਉਹ ਪੰਜਾਬ ਆਰਟਸ ਕੌਂਸਲ ਦੇ ਚੇਅਰਮੈਨ ਬਣੇ ਤਾਂ ਵਿਵਾਦ ਹੋਇਆ, ਪਰ ਫਿਰ ਵੀ ਉਨ੍ਹਾਂ ਨੇ ਕੁਰਸੀ ਉੱਤੇ ਬੈਠ ਕੇ ਕਦੇ ਵੀ ਸੱਤਾ ਦੇ ਸੋਹਲੇ ਨਹੀਂ ਗਾਏ।

ਸੁਰਜੀਤ ਪਾਤਰ ਨੇ 'ਹੁਣ' ਰਸਾਲੇ ਨੂੰ ਇੰਟਰਵਿਊ ਦੌਰਾਨ ਕਿਹਾ ਸੀ, "ਮੈਂ ਉਦੋਂ ਦੂਜੀ ਜਮਾਤ ਵਿੱਚ ਪੜ੍ਹਦਾ ਸਾਂ। ਮੈਨੂੰ ਉਹ ਸਵੇਰ ਯਾਦ ਹੈ, ਜਦੋਂ ਟਾਂਗੇ 'ਤੇ ਬੈਠ ਕੇ ਉਹ ਕਰਤਾਰਪੁਰ ਗਏ ਅਤੇ ਉੱਥੇ ਗੱਡੀ ਚੜ੍ਹ ਕੇ ਬੰਬਈ ਫਿਰ ਜ਼ੰਜੀਰਾਬਾਦ। ਮੈਨੂੰ ਆਪਣੇ ਘਰ ਦਾ ਬੋੜਾ ਜਿਹਾ ਬੂਹਾ ਯਾਦ ਹੈ, ਜਿੱਥੇ ਅਸੀਂ ਸਾਰੇ ਖੜ੍ਹੇ ਸਾਂ, ਮੇਰੇ ਬੀ ਜੀ, ਮੇਰੀਆਂ ਚਾਰ ਭੈਣਾਂ ਅਤੇ ਇੱਕ ਛੋਟਾ ਭਰਾ। ਦੋ ਭੈਣਾਂ


⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਸ਼ਿਵ ਬਟਾਲਵੀ ਵਾਂਗ ਮਕਬੂਲ ਸ਼ਾਇਰ ਸੀ ਸੁਰਜੀਤ ਪਾਤਰ

## ਸ਼ਰਧਾਂਜਲੀ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ:+91-9781646008**





ਸ਼ਿਵ ਬਟਾਲਵੀ ਦੀ ਕਰਮਭੂਮੀ ਬਟਾਲਾ ਵਿਖੇ ਜਨਮ ਲੈ ਕੇ ਵੀ ਮੈਂ ਆਪਣੇ ਆਪ ਨੂੰ ਇਸ ਪੱਖੋਂ ਸਦਾ ਬਦਕਿਸਮਤ ਹੀ ਸਮਝਦਾ ਰਿਹਾ ਹਾਂ ਕਿ ਮੈਂ ਸ਼ਿਵ ਦੀ ਜੀਵਨ ਲੀਲਾ ਸਮਾਪਤ ਹੋਣ ਮਗਰੋਂ ਜਨਮਿਆ ਸਾਂ ਤੇ ਉਸ ਅਜ਼ੀਮ ਹਸਤੀ ਦੇ ਸਾਖਿਆਤ ਦਰਸ਼ਨਾਂ ਤੋਂ ਵਾਂਝਾ ਰਹਿ ਗਿਆ ਸਾਂ, ਪਰ ਮੇਰੀ ਰੂਹ ਨੂੰ ਇਸ ਗੱਲ ਦਾ ਸਕੂਨ ਜ਼ਰੂਰ ਹੈ ਕਿ ਮੈਂ ਅਜੋਕੇ ਦੌਰ ਵਿੱਚ ਸ਼ਿਵ ਵਾਂਗ ਹੀ ਪਾਏਦਾਰ ਸ਼ਾਇਰੀ ਰਚਣ ਵਾਲੇ ਤੇ ਹਰੇਕ ਉਮਰ ਵਰਗ ਦੇ ਸਾਹਿਤ ਪ੍ਰੇਮੀਆਂ ਵਿੱਚ ਪੂਰਨ ਮਕਬੂਲ ਸਾਹਿਤਕਾਰ ਤੇ ਯੁਗ ਕਵੀ ਸੁਰਜੀਤ ਪਾਤਰ ਦੇ ਦਰਸ਼ਨ ਕਰਨ ਤੇ ਉਨ੍ਹਾਂ ਨਾਲ ਦੋ ਬੋਲ ਸਾਂਝੇ ਕਰਨ ਦਾ ਸੁਭਾਗ ਜ਼ਰੂਰ ਹਾਸਿਲ ਕਰ ਗਿਆ ਸਾਂ। ਸੁਰਜੀਤ ਪਾਤਰ ਅਸਲ ਵਿੱਚ ਪੰਜਾਬੀ ਮਾਂ ਬੋਲੀ ਦਾ ਸੱਚਾ ਸਪੂਤ ਤੇ ਲੋਕ ਵੇਦਨਾ ਨੂੰ ਸੱਚੋ-ਸੱਚ ਪ੍ਰਗਟਾਉਣ ਵਾਲਾ ਬੇਬਾਕ ਸ਼ਾਇਰ ਸੀ। ਉਹ ਐਸਾ ਬੁਲੰਦ ਹੌਸਲੇ ਵਾਲਾ ਕਵੀ ਸੀ, ਜੋ ਆਪਣੇ ਸਮਿਆਂ ਦੇ ਸੱਚ ਨੂੰ ਬਿਆਨਦਿਆਂ ਤੇ ਸਥਾਪਿਤ ਸੱਤਾ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਇਹ ਆਖਣ ਤੋਂ ਰਤਾ ਨਹੀਂ ਝਿਜਕਿਆ ਸੀ, "ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ, ਚੁੱਪ ਰਿਹਾ ਤਾਂ ਸ਼ਮ੍ਹਾਦਾਨ ਕੀ ਕਹਿਣਗੇ?

ਸੁਰਜੀਤ ਪਾਤਰ ਸਚਮੁੱਚ ਹੀ 'ਸੁਰਜੀਤ' ਭਾਵ 'ਜਿਊਂਦਾ ਜਾਗਦਾ' ਸ਼ਾਇਰ ਸੀ। ਉਸਨੇ ਆਪਣੀ ਕਵਿਤਾ ਨੂੰ ਕੇਵਲ ਕਿਸੇ ਕੋਰੀ ਕਲਪਨਾ ਨਾਲ ਸਿਰਜੇ ਮਹਿਬੂਬ ਦੀਆਂ ਅਦਾਵਾਂ ਦੇ ਪ੍ਰਗਟਾਵੇ ਲਈ ਨਹੀਂ ਵਰਤਿਆ ਸੀ। ਉਹ ਲੋਕਾਂ ਦੀ ਗੱਲ ਕਰਨ ਵਾਲਾ ਕਵੀ ਸੀ। ਸ਼ਿਵ ਬਟਾਲਵੀ ਵਾਂਗ ਹੀ ਉਨ੍ਹਾਂ ਨੇ ਪੰਜਾਬੀ ਕਵਿਤਾ ਨੂੰ ਠੇਠ ਪੰਜਾਬੀ ਮੁਹਾਂਦਰਾ ਪ੍ਰਦਾਨ ਕਰਨ ਤੇ ਖ਼ਾਸ ਕਰਕੇ ਗ਼ਜ਼ਲ ਨੂੰ ਉਰਦੂ ਦੇ ਦਬਾਅ ਤੋਂ ਮੁਕਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਨਿਰਾਸ਼ਾ ਦੀ ਥਾਂ ਸਦਾ ਹੀ ਆਸ ਦਾ ਪੱਲਾ ਫੜ੍ਹਿਆ ਤੇ ਆਖ ਦਿੱਤਾ ਸੀ,

ਜੇ ਆਈ ਪਤਝੜ ਤਾਂ ਫੇਰ ਕੀ ਹੈ?
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ
ਮੈਂ ਲੱਭ ਕੇ ਕਿਤੋਂ ਲਿਆਉਨਾ ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ।

ਡਾ. ਪਾਤਰ ਦੀ ਪੈਦਾਇਸ਼ ਪਿੰਡ ਪੱਤੜ ਕਲਾਂ ਵਿਖੇ ਵੱਸਦੇ ਸ. ਹਰਭਜਨ ਸਿੰਘ ਦੇ ਘਰ ਮਾਤਾ ਗੁਰਬਖ਼ਸ਼ ਕੌਰ ਦੀ ਕੁੱਖੋਂ 14 ਜਨਵਰੀ 1945 ਨੂੰ ਹੋਈ ਸੀ। ਉਨ੍ਹਾਂ ਦੇ ਵੱਡ-ਵਡੇਰੇ ਅਤੇ ਪਿਤਾ ਸ. ਹਰਭਜਨ ਸਿੰਘ ਪੰਜਾਬੀ ਮਾਂ ਬੋਲੀ ਦੇ ਪਹਿਰੇਦਾਰ ਰਹੇ ਸਨ ਤੇ ਉਨ੍ਹਾਂ ਨੇ ਹੀ ਆਪਣੇ ਪਿੰਡ ਵਿੱਚ ਪੰਜਾਬੀ ਦਾ ਚੌਮੁਖੀਆ ਚਿਰਾਗ਼ ਬਾਲ ਕੇ ਆਪਣੇ ਪਰਿਵਾਰ ਸਣੇ ਹੋਰ ਲੋਕਾਂ ਨੂੰ ਪੰਜਾਬੀ ਦੇ ਲੜ ਲਾਇਆ ਸੀ। ਪਿਤਾ ਵੱਲੋਂ ਪੰਜਾਬੀ ਨਾਲ ਜੁੜ੍ਹਨ ਦੀ ਦਿੱਤੀ ਗਈ ਗੁੜ੍ਹਤੀ ਆਖ਼ਰੀ ਸਾਹਾਂ ਤੱਕ ਉਨ੍ਹਾਂ ਦੇ ਸੰਗ ਨਿਭੀ। ਪੰਜਾਬੀ ਬੋਲੀ ਤੇ ਸਾਹਿਤ ਦੇ ਅਧਿਐਨ ਦੌਰਾਨ ਐਮ.ਏ. ਪੰਜਾਬੀ ਦੀ ਪ੍ਰੀਖਿਆ ਸੋਨ ਤਮਗਾ ਹਾਸਿਲ ਕਰਦਿਆਂ ਪਾਸ ਕੀਤੀ ਸੀ। ਉਪਰੰਤ ਐਮ.ਫ਼ਿਲ ਅਤੇ ਪੀਐਚ.ਡੀ. ਕੀਤੀ ਤੇ ਪੰਜਾਬੀ ਅਧਿਆਪਨ ਦੇ ਖੇਤਰ ਵਿੱਚ ਕਦਮ ਰੱਖਦਿਆਂ ਸੰਨ 1969 ਵਿੱਚ ਬਾਬਾ ਬੁੱਢਾ ਕਾਲਜ ਬੀੜ ਸਾਹਿਬ ਵਿਖੇ ਬਤੌਰ ਪੰਜਾਬੀ ਲੈਕਚਰਾਰ ਸੇਵਾ ਅਰੰਭ ਕੀਤੀ ਸੀ। ਫਿਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਬਤੌਰ ਪ੍ਰੋਫ਼ੈਸਰ ਆਪਣੀ ਲੰਮੀ ਤੇ ਬੇਦਾਗ਼ ਸੇਵਾ ਨਿਭਾਉਣ ਉਪਰੰਤ ਉਹ ਸੇਵਾਮੁਕਤ ਹੋ ਗਏ ਸਨ।

ਸੁਰਜੀਤ ਪਾਤਰ ਨੇ ਆਪਣੀ ਪਹਿਲੀ ਕਵਿਤਾ ਆਪਣੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਹੋਏ ਇੱਕ ਸਮਾਗਮ ਦੌਰਾਨ ਪੜ੍ਹੀ ਸੀ ਤੇ ਉਨ੍ਹਾਂ ਨੂੰ ਨਕਦ ਇਨਾਮ ਵੀ ਹਾਸਿਲ ਹੋਇਆ ਸੀ। ਇਸ ਤੋਂ ਬਾਅਦ ਆਪਣੀ ਸਕੂਲ, ਕਾਲਜ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ ਆਪਣੀ ਸ਼ਾਇਰੀ ਦੀ ਛਹਿਬਰ ਲਾਈ ਰੱਖੀ ਸੀ। ਉਮਰ ਦੇ ਅਠ੍ਹਾਰਵੇਂ ਵਰ੍ਹੇ ਤੱਕ ਆਉਂਦਿਆਂ-ਆਉਂਦਿਆਂ ਉਨ੍ਹਾਂ ਦੀਆਂ ਕਾਵਿ ਰਚਨਾਵਾਂ ਦੀ ਪ੍ਰਕਾਸ਼ਨਾ ਵੱਖ-ਵੱਖ ਰਸਾਲਿਆਂ ਵਿੱਚ ਅਰੰਭ ਹੋ ਗਈ ਸੀ। ਉਹ ਆਪਣੇ ਨਾਂ ਨਾਲ ਆਪਣੇ ਪਿੰਡ ਦਾ ਨਾਂ 'ਪੱਤੜ' ਲਿਖਿਆ ਕਰਦੇ ਸਨ ਤੇ ਜਦੋਂ ਆਪਣੀ ਇੱਕ ਰਚਨਾ 'ਪ੍ਰੀਤਲੜੀ' ਰਸਾਲੇ ਵਿੱਚ ਛਪਣ ਹਿਤ ਭੇਜੀ ਤਾਂ ਸਬੰਧਿਤ ਸੰਪਾਦਕ ਸਾਹਿਬ ਦੀ ਸਿਫ਼ਾਰਿਸ਼ ਅਤੇ ਨਾਟਕਾਕਾਰ ਸੁਰਜੀਤ ਸਿੰਘ ਸੇਠੀ ਦੇ ਸਮਰਥਨ ਸਦਕਾ ਉਨ੍ਹਾਂ ਦੇ ਨਾਂ ਨਾਲੋਂ 'ਪੱਤੜ' ਹਟਾ ਕੇ ਤਖ਼ੱਲਸ 'ਪਾਤਰ' ਕਰ ਦਿੱਤਾ ਗਿਆ ਸੀ, ਕਿਉਂਕਿ ਅੰਗਰੇਜ਼ੀ ਵਿੱਚ ਲਿਖੇ ਸ਼ਬਦ 'ਪੱਤੜ' ਨੂੰ 'ਪਾਤਰ' ਵਜੋਂ ਪੜ੍ਹਿਆ ਜਾਣਾ ਜ਼ਿਆਦਾ ਸ਼ੋਭਾਦਾਇਕ ਪ੍ਰਤੀਤ ਹੁੰਦਾ ਸੀ ਤੇ ਇੰਜ ਉਹ ਸੁਰਜੀਤ ਪੱਤੜ ਤੋਂ ਸੁਰਜੀਤ ਪਾਤਰ ਬਣ ਗਏ।

ਸਰੀਰ ਪੱਖੋਂ ਨਿੱਕੇ ਕੱਦ ਵਾਲੇ ਸੁਰਜੀਤ ਪਾਤਰ ਦਾ ਵਿਸ਼ਵ ਸਾਹਿਤ ਵਿੱਚ ਬਹੁਤ ਵੱਡਾ ਕੱਦ ਸੀ। ਉਹ ਅਜੋਕੇ ਸਮੇਂ ਦੇ ਸਭ ਤੋਂ ਵੱਧ ਚਰਚਿਤ ਤੇ ਸਭ ਤੋਂ ਵੱਧ ਪੜ੍ਹੇ-ਸੁਣੇ ਤੇ ਪਸੰਦ ਕੀਤੇ ਜਾਣ ਵਾਲੇ ਸ਼ਾਇਰ ਸਨ। ਉਨ੍ਹਾਂ ਨੇ ਉੱਚਕੋਟੀ ਦੇ ਕਾਵਿ-ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾ ਕੇ ਪੰਜਾਬੀ ਸਾਹਿਤ ਦਾ ਮਣਾਂਮੂੰਹੀਂ ਮਾਣ ਵਧਾਇਆ ਸੀ। ਮੁੱਲਵਾਨ ਰਚਨਾਵਾਂ ਲਈ ਉਨ੍ਹਾਂ ਨੂੰ 'ਸਾਹਿਤ ਅਕਾਦਮੀ ਪੁਰਸਕਾਰ, ਸ਼੍ਰੋਮਣੀ ਪੰਜਾਬੀ ਕਵੀ ਸਨਮਾਨ, ਪੰਚਨਾਦ ਪੁਰਸਕਾਰ, ਸਰਸਵਤੀ ਸਨਮਾਨ ਅਤੇ ਡੀ.ਲਿਟ. ਦੀ ਆਨਰੇਰੀ ਉਪਾਧੀ' ਸਣੇ 'ਪਦਮ ਸ੍ਰੀ ਪੁਰਸਕਾਰ' ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਨੂੰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਪੰਜਾਬੀ ਸਾਹਿਤ ਅਕਾਦਮੀ ਚੰਡੀਗੜ੍ਹ ਦਾ ਪ੍ਰਧਾਨ ਬਣਨ ਦਾ ਸ਼ਰਫ਼ ਵੀ ਹਾਸਿਲ ਹੋਇਆ ਸੀ ਤੇ ਉਹ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਵੀ ਬਣੇ ਸਨ। ਉਨ੍ਹਾਂ ਨੇ ਜਲੰਧਰ ਦੂਰਦਰਸ਼ਨ ਦੇ 'ਸੂਰਜ ਦਾ ਸਿਰਨਾਵਾਂ, ਕਾਵਿਸ਼ਾਰ, ਲੋਕ ਰੰਗ ਅਤੇ ਰੂਬਰੂ' ਆਦਿ ਪ੍ਰੋਗਰਾਮਾਂ ਦਾ ਸਫ਼ਲ ਸੰਚਾਲਨ ਕਰਕੇ ਖ਼ੂਬ ਨਾਮਣਾ ਖੱਟਿਆ ਸੀ।

ਡਾ. ਪਾਤਰ ਦਾ ਕੌਮਾਂਤਰੀ ਮੰਚ 'ਤੇ ਮਹੱਤਵ ਇਸ ਗੱਲ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ 'ਵਿਸ਼ਵ ਕਵਿਤਾ ਉਤਸਵ' ਮੌਕੇ ਉਨ੍ਹਾਂ ਨੂੰ ਭਾਰਤੀ ਕਵਿਤਾ ਦੀ ਪ੍ਰਤੀਨਿਧਤਾ ਕਰਨ ਲਈ ਚੁਣਿਆ ਗਿਆ ਸੀ। ਫਿਰ ਭਾਵੇਂ ਜਰਮਨੀ ਵਿਖੇ ਹੋਏ ਪੁਸਤਕ ਮੇਲੇ ਦੀ ਗੱਲ ਹੋਵੇ ਜਾਂ ਫਿਰ ਨਿਊ ਯਾਰਕ ਵਿੱਚ ਸਾਹਿਤ ਦੀ ਵੱਡੀ ਕਾਨਫ਼ਰੰਸ ਵਿੱਚ ਸ਼ਮੂਲੀਅਤ ਦਾ ਮੁੱਦਾ, ਸੁਰਜੀਤ ਪਾਤਰ ਇਨ੍ਹਾਂ ਦੋਹਾਂ ਕੌਮਾਂਤਰੀ ਸਮਾਗਮਾਂ ਵਿੱਚ ਹਾਜ਼ਰ ਸਨ। ਇਹ ਫ਼ਖ਼ਰ ਦੀ ਗੱਲ ਸੀ ਕਿ ਉਹ ਚੀਨ ਵਿਖੇ ਸ਼ਿਰਕਤ ਕਰਨ ਵਾਲੇ ਭਾਰਤੀ ਸਾਹਿਤਕਾਰਾਂ ਦੇ ਵਫ਼ਦ ਦਾ ਵੀ ਹਿੱਸਾ ਸਨ ਤੇ ਆਬੂਧਾਬੀ ਵਿਖੇ ਆਯੋਜਿਤ ਕੀਤੇ ਗਏ 'ਵਿਸ਼ਵ ਪੁਸਤਕ ਮੇਲੇ' ਵਿੱਚ ਵੀ ਉਹ ਸਤਿਕਾਰ ਸਹਿਤ ਬੁਲਾਏ ਗਏ ਭਾਰਤੀ ਸਾਹਿਤਕਾਰਾਂ ਦੀ ਮਾਲਾ ਵਿਚਲੇ ਇੱਕ ਅਨਮੋਲ ਮੋਤੀ ਸਨ।

ਸੁਰਜੀਤ ਪਾਤਰ ਦੀ ਸ਼ਖ਼ਸੀਅਤ ਦੀ ਸਭ ਤੋਂ ਵੱਡੀ ਗੱਲ ਇਹ ਸੀ ਕਿ ਐਨੀਆਂ ਉਚੇਰੀਆਂ ਤੇ ਮਾਣਮੱਤੀਆਂ ਪ੍ਰਾਪਤੀਆਂ ਕਰਨ ਉਪਰੰਤ ਵੀ ਉਹ ਸਾਦ-ਮੁਰਾਦੇ ਤੇ ਨਿਮਰਤਾ ਭਰਪੂਰ ਰਹੇ। ਉਨ੍ਹਾਂ ਦੀਆਂ ਬਾਕਮਾਲ ਰਚਨਾਵਾਂ ਹੰਸ ਰਾਜ ਹੰਸ, ਲਖਵਿੰਦਰ ਵਡਾਲੀ, ਸੰਗਤਾਰ, ਚਚੇਰੇ ਭਰਾ ਦੀਦਾਰ ਸਿੰਘ ਪਰਦੇਸੀ ਅਤੇ ਕੁਝ ਹੋਰ ਗਾਇਕਾਂ ਵੱਲੋਂ ਗਾਈਆਂ ਗਈਆਂ ਸਨ। ਉਨ੍ਹਾਂ ਦੀ ਆਪਣੀ ਪੁਰਸੋਜ਼ ਆਵਾਜ਼ ਵਿੱਚ ਰਿਕਾਰਡ ਹੋਈਆਂ ਕਾਵਿ ਰਚਨਾਵਾਂ ਅੱਜ ਵੀ ਸਰੋਤਿਆਂ ਵੱਲੋਂ ਸੋਸ਼ਲ ਮੀਡੀਆ 'ਤੇ ਸੁਣੀਆਂ ਜਾ ਸਕਦੀਆਂ ਹਨ।

ਉਂਜ ਤਾਂ ਪਾਤਰ ਦੀਆਂ ਸਾਰੀਆਂ ਹੀ ਰਚਨਾਵਾਂ ਬਾਕਮਾਲ ਅਤੇ ਭਾਵਪੂਰਤ ਹਨ, ਪਰ ਹਰੇਕ ਮਹਿਫ਼ਿਲ ਵਿੱਚ ਉਨ੍ਹਾਂ ਕੋਲੋਂ ਵਾਰ-ਵਾਰ ਫ਼ਰਮਾਇਸ਼ ਕਰਕੇ ਸੁਣੀਆਂ ਜਾਣ ਵਾਲੀਆਂ ਕੁਝ ਕਾਵਿ ਸਤਰਾਂ ਇਸ ਪ੍ਰਕਾਰ ਹਨ:

ਘੱਟ ਗਿਣਤੀ ਨਹੀਂ
ਮੈਂ ਦੁਨੀਆਂ ਦੀ
ਸਭ ਤੋਂ ਵੱਡੀ ਬਹੁ-ਗਿਣਤੀ ਨਾਲ
ਸਬੰਧ ਰੱਖਦਾ ਹਾਂ।
ਬਹੁ ਗਿਣਤੀ ਜੋ ਉਦਾਸ ਹੈ
ਖ਼ਾਮੋਸ਼ ਹੈ
ਏਨੇ ਚਸ਼ਮਿਆਂ ਦੇ ਬਾਵਜੂਦ
ਪਿਆਸੀ ਹੈ।
ਏਨੇ ਚਾਨਣਾਂ ਦੇ ਬਾਵਜੂਦ
ਹਨੇਰੇ ਵਿੱਚ ਹੈ।

---

ਉਹ ਸੂਲੀ 'ਤੇ ਚੜ੍ਹਾ ਕੇ ਪੁੱਛਦੇ ਨੇ
ਤੂੰ ਸਾਡੇ ਤੋਂ ਉੱਚਾ ਮਨਸੂਰ ਕਿਉਂ ਹੈਂ।
ਉਹ ਆਪਣੇ ਹੀ ਦਿਲ ਦੀ ਅਗਨ ਸੀ ਰੌਸ਼ਨ
ਉਹ ਪੁੱਛਦੇ ਸੀ ਤੂੰ ਏਨਾ ਮਸ਼ਹੂਰ ਕਿਉਂ ਹੈ?

---

ਲੱਗੀ ਨਜ਼ਰ ਪੰਜਾਬ ਨੂੰ, ਇਹਦੀ ਨਜ਼ਰ ਉਤਾਰੋ
ਲੈ ਕੇ ਮਿਰਚਾਂ ਕੌੜੀਆਂ, ਇਹਦੇ ਸਿਰ ਤੋਂ ਵਾਰੋ।

---

ਕੋਈ ਡਾਲੀਆਂ 'ਚੋਂ ਲੰਘਿਆ ਹਵਾ ਬਣ ਕੇ
ਅਸੀਂ ਰਹਿ ਗਏ ਬਿਰਖ ਵਾਲੀ ਹਾਅ ਬਣ ਕੇ।

---

ਏਨਾ ਸੱਚ ਵੀ ਨਾ ਬੋਲ ਕਿ 'ਕੱਲਾ ਰਹਿ ਜਾਵੇਂ
ਚਾਰ ਕੁ ਬੰਦੇ ਛੱਡ ਲੈ, ਮੋਢਾ ਦੇਣ ਲਈ।

---

ਸ਼ੂਕ ਰਹੇ ਜੰਗਲ ਨੂੰ ਕੀਕਣ ਚੁੱਪ ਕਰਾਵਾਂ ਮੈਂ
'ਕੱਲੇ 'ਕੱਲੇ ਰੁੱਖ ਨੂੰ ਜਾ ਕੇ ਕੀ ਸਮਝਾਵਾਂ ਮੈਂ?

---

ਲੱਗੀ ਜੋ ਤੇਰੇ ਕਾਲਜੇ ਹਾਲੇ ਛੁਰੀ ਨਹੀਂ
ਇਹ ਨਾ ਸਮਝ ਕਿ ਸ਼ਹਿਰ ਦੀ ਹਾਲਤ ਬੁਰੀ ਨਹੀਂ।

---

ਮੈਂ ਆਵਾਜ਼ਾਂ ਤੈਨੂੰ ਬੜੀਆਂ ਮਾਰੀਆਂ
ਤੇਰੀ ਚੁੱਪ ਨੇ ਜੀਰ ਲਈਆਂ ਸਾਰੀਆਂ।

---

ਦੋਸਤੀ ਤੇ ਦੁਸ਼ਮਣੀ ਦੇ ਸਿਲਸਿਲੇ ਸਭ ਤੋੜ ਕੇ
ਇੱਕ ਨਾ ਇੱਕ ਦਿਨ ਘੂਕ ਸੌਂ ਜਾਵਾਂਗਾ ਮਿੱਟੀ ਓੜ ਕੇ।

ਆਪਣੇ ਸੰਸਾਰਕ ਜੀਵਨ ਸਫ਼ਰ ਦੇ ਅੰਤਲੇ ਦਿਨਾਂ ਵਿੱਚ ਉਨ੍ਹਾਂ ਨੇ ਇੱਕ ਕਵਿਤਾ ਰਚਦਿਆਂ ਆਪਣੇ ਜੀਵਨ ਸਾਰ ਅਤੇ ਕੁਝ ਆਖ਼ਰੀ ਹਸਰਤਾਂ ਦਾ ਪ੍ਰਗਟਾਵਾ ਕੁਝ ਇੰਜ ਕੀਤਾ ਸੀ:

ਜੀਵਨ ਸ਼ਾਮਾਂ ਪੈ ਗਈਆਂ
ਕਈ ਗੱਲਾਂ ਦਿਲ ਵਿੱਚ ਰਹਿ ਗਈਆਂ।
ਕਈ ਕੰਮ ਅਣਕੀਤੇ ਰਹਿ ਗਏ ਨੇ
ਕਈ ਮਾਫ਼ੀਆਂ ਮੰਗਣ ਵਾਲੀਆਂ ਵੀ।

ਪਰ ਕੁਝ ਗੱਲਾਂ ਦਾ ਮਾਣ ਵੀ ਹੈ
ਜੋ ਸੁਣੀਆਂ, ਕਹੀਆਂ, ਕੀਤੀਆਂ ਨੇ।
ਸੀਨੇ ਵਿੱਚ ਲੱਥਣ ਵਾਲੀਆਂ ਵੀ
ਰੂਹਾਂ ਨੂੰ ਰੰਗਣ ਵਾਲੀਆਂ ਵੀ।

10 ਮਈ 2024 ਦੀ ਕਾਲੀ ਰਾਤ ਪੰਜਾਬੀ ਸਾਹਿਤ ਜਗਤ ਵਿੱਚ ਉਸ ਵੇਲੇ ਹਨੇਰਾ ਕਰ ਗਈ ਸੀ, ਜਦੋਂ ਆਪਣੇ ਪਲੰਘ 'ਤੇ ਸੁੱਤਾ ਇਹ ਸਿਰਮੌਰ ਸਾਹਿਤਕਾਰ 11 ਮਈ ਦੀ ਸਵੇਰ ਨੂੰ ਉੱਠਿਆ ਹੀ ਨਹੀਂ। ਉਨ੍ਹਾਂ ਨੇ 10 ਮਈ ਨੂੰ ਪੰਜਾਬੀ ਸਾਹਿਤ ਸਭਾ ਬਰਨਾਲਾ ਵੱਲੋਂ ਕਰਵਾਏ ਇੱਕ ਸਾਹਿਤਕ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਆਪਣੇ ਆਖ਼ਰੀ ਸੰਬੋਧਨ ਵਿੱਚ ਆਖਿਆ ਸੀ, "ਸ਼ਬਦ ਨਾਲ ਦਾ ਚੰਗਾ ਵੀ ਕੋਈ ਨਹੀਂ ਤੇ ਸ਼ਬਦ ਵਰਗਾ ਬੁਰਾ ਵੀ ਕੋਈ ਨਹੀਂ। ਜਦੋਂ ਸ਼ਬਦ ਹਿਟਲਰ ਵਰਗੇ ਦੇ ਮੂੰਹ 'ਤੇ ਆਉਂਦੇ ਹਨ ਤਾਂ ਹਜ਼ਾਰਾਂ ਯਹੂਦੀਆਂ ਦਾ ਕਤਲ ਹੁੰਦਾ ਹੈ ਤੇ ਜਦੋਂ ਚੰਗੇ ਸ਼ਬਦ ਵਰਤੇ ਜਾਂਦੇ ਹਨ ਤਾਂ ਅੰਮ੍ਰਿਤ ਵਰਸਦਾ ਹੈ।"

ਸੋ, ਇੰਜ ਸਾਰੀ ਉਮਰ ਸ਼ਬਦਾਂ ਦੀ ਸੇਵਾ ਤੇ ਸ਼ਬਦਾਂ ਦੀ ਗੱਲ ਕਰਦਾ ਸੁਰਜੀਤ ਪਾਤਰ ਅਖ਼ੀਰ ਸ਼ਬਦਾਂ ਦੀ ਦਰਗਾਹ ਵੱਲ ਨੂੰ ਹੋ ਤੁਰਿਆ ਸੀ। ਉਸ ਨੂੰ 'ਸ਼ਬਦਾਂਜਲੀ' ਭੇਟ ਕਰਦਿਆਂ ਸ਼ਾਇਰ ਪ੍ਰਤਾਪ ਪਾਰਸ ਗੁਰਦਾਸਪੁਰੀ ਨੇ ਸੱਚ ਹੀ ਲਿਖ਼ਿਆ ਹੈ,

ਬਣਨਾ-ਟੁੱਟਣਾ, ਆਉਣਾ-ਜਾਣਾ, ਮੁੜ 'ਸੁਰਜੀਤ' ਨਹੀਂ ਹੋਣਾ
'ਪਾਤਰ' ਇੱਕ ਦੇ ਬਾਝੋਂ 'ਪਾਰਸ', ਸੁੰਨੀਆਂ ਸਭ ਸਭਾਵਾਂ।
ਦੁਨੀਆਂ ਉੱਤੇ ਭੀੜ ਬੜੀ ਹੈ, ਜਿਸ ਪਾਸੇ ਵੀ ਜਾਈਏ
ਧਰਤੀ ਮਾਂ ਪਰ ਜੰਮਦੀ ਐਸਾ, ਸ਼ਖ਼ਸ ਹੈ ਟਾਂਵਾਂ-ਟਾਂਵਾਂ।

## ...ਅੰਤ ਕਿਰ ਕੇ ਖ਼ਾਦ ਹੋਣਾ

ਵਿਆਹੀਆਂ ਹੋਈਆਂ ਸਨ ਅਤੇ ਦੋ ਵਿਆਹੁਣ ਜੋਗੀਆਂ। ਪਿਤਾ ਜੀ ਚਾਰ ਪੰਜ ਸਾਲ ਦੀ ਮੁਸਾਫ਼ਰੀ ਬਾਅਦ ਆਉਂਦੇ, ਸਾਡੇ ਕੋਲ ਦੋ ਕੁ ਮਹੀਨੇ ਰਹਿੰਦੇ, ਫਿਰ ਚਲੇ ਜਾਂਦੇ। ਮੈਨੂੰ ਭਾਪਾ ਜੀ ਦੇ ਜਾਣ ਦੀ ਉਹ ਸਵੇਰ ਚੰਗੀ ਤਰ੍ਹਾਂ ਯਾਦ ਹੈ। ਇਸ ਬਾਰੇ ਬਹੁਤ ਸਾਲਾਂ ਬਾਅਦ ਇਹ ਗੀਤ ਲਿਖਿਆ ਸੀ, "ਸੁੰਨੇ ਸੁੰਨੇ ਰਾਹਾਂ ਵਿੱਚ ਕੋਈ ਕੋਈ ਪੈੜ ਏ, ਦਿਲ ਹੀ ਉਦਾਸ ਏ ਜੀ ਬਾਕੀ ਸਭ ਖ਼ੈਰ ਏ।"

ਸੁਰਜੀਤ ਪਾਤਰ ਦਾ ਜੀਵਨ ਕਾਲ ਲਗਭਗ ਅੱਠ ਦਹਾਕਿਆਂ ਵਿੱਚ ਫੈਲਿਆ ਹੋਇਆ ਹੈ। ਆਪਣੇ ਜੀਵਨ ਦੌਰਾਨ ਉਨ੍ਹਾਂ ਨੇ ਪੰਜਾਬ ਨੂੰ ਵੱਖ-ਵੱਖ ਮਰਹਲਿਆਂ ਵਿੱਚੋਂ ਗੁਜ਼ਰਦੇ ਦੇਖਿਆ ਅਤੇ ਆਪਣੇ ਅਨੁਭਵ ਦੀ ਕਾਵਿਕ ਪੇਸ਼ਕਾਰੀ ਕੀਤੀ। ਉਨ੍ਹਾਂ ਦੀਆਂ ਕਵਿਤਾਵਾਂ ਵਿੱਚ ਮਾਂ ਬੋਲੀ ਦੇ ਨਿਘਾਰ ਦਾ ਫਿਕਰ, ਪੰਜਾਬ ਵਿੱਚ ਹਥਿਆਰਬੰਦ ਸੰਘਰਸ਼ ਦੇ ਦੁਖਾਂਤ, ਨਾਗਰਿਕਤਾ ਸੋਧ ਕਾਨੂੰਨ ਅਤੇ ਕਿਸਾਨੀ ਸੰਘਰਸ਼ ਵਰਗੇ ਵਿਸ਼ੇ ਮਿਲ ਜਾਂਦੇ ਹਨ। ਕਿਸਾਨ ਅੰਦੋਲਨ ਦੌਰਾਨ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਉਨ੍ਹਾਂ ਨੇ ਆਪਣਾ ਪਦਮਸ਼੍ਰੀ ਦਾ ਸਨਮਾਨ ਵੀ ਵਾਪਸ ਕਰ ਦਿੱਤਾ ਸੀ। ਉਨ੍ਹਾਂ ਇੱਕ ਇੰਟਰਵਿਊ ਦੌਰਾਨ ਕਿਹਾ ਸੀ, "ਜਿਸ ਸੰਵੇਦਨ-ਹੀਣਤਾ ਅਤੇ ਬੇਕਦਰੀ ਨਾਲ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਤੇ ਸ਼ਾਂਤਮਈ ਅੰਦੋਲਨ ਨਾਲ ਸਲੂਕ ਕੀਤਾ ਹੈ, ਉਸ ਨੇ ਮੇਰੇ ਦਿਲ ਨੂੰ ਠੇਸ ਪਹੁੰਚਾਈ ਹੈ।"

ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਵਿੱਚ ਵੀ ਇੱਕ ਕਵਿਤਾ ਲਿਖੀ ਸੀ। ਜਦੋਂ ਭਾਰਤੀ ਨਾਗਰਿਕਾਂ ਤੋਂ ਨਾਗਰਿਕਤਾ ਦੇ ਸਬੂਤ ਮੰਗੇ ਜਾਣ ਦੀ ਗੱਲ ਹੋ ਰਹੀ ਸੀ, ਉਦੋਂ ਉਨ੍ਹਾਂ ਨੇ ਪੰਜਾਬੀ ਦੇ ਸੂਫੀ ਕਵੀ ਬੁੱਲ੍ਹੇ ਸ਼ਾਹ ਦੇ ਹਵਾਲੇ ਨਾਲ ਲਿਖਿਆ ਸੀ। ਭ੍ਰਿਸ਼ਟਾਚਾਰ ਬਾਰੇ ਉਨ੍ਹਾਂ ਨੇ ਲਿਖਿਆ, "ਸੀਟੀ ਮਾਰੀ ਚੋਰ ਤੋਂ ਪੁੱਛ ਕੇ ਪਹਿਰੇਦਾਰ ਨੇ, ਦੋਵਾਂ ਨੂੰ ਹੀ ਰੱਖਿਆ ਹੈ ਵੱਡੀ ਸਰਕਾਰ ਨੇ।"

ਪੰਜਾਬੀ ਬੋਲੀ ਬਾਰੇ ਉਹ ਖਾਸ ਚਿੰਤਤ ਸਨ, ਉਨ੍ਹਾਂ ਨੇ ਆਪਣੇ ਦਰਦ ਨੂੰ ਇਸ ਤਰ੍ਹਾਂ ਬਿਆਨ ਕੀਤਾ, "ਮਰ ਰਹੀ ਹੈ ਮੇਰੀ ਭਾਸ਼ਾ ਸ਼ਬਦ-ਸ਼ਬਦ ਵਾਕ-ਵਾਕ!" ਉਨ੍ਹਾਂ ਨੇ ਕਿਹਾ ਸੀ, "ਜਦੋਂ ਨਵੀਂ ਤਕਨੀਕ ਆਉਂਦੀ ਹੈ ਤਾਂ ਪੁਰਾਣੇ ਸ਼ਬਦ ਬਦਲ ਹੀ ਜਾਂਦੇ ਹਨ, ਪਰ ਜਿਨ੍ਹਾਂ ਲਫ਼ਜ਼ਾਂ ਦਾ ਤਕਨੀਕ ਨਾਲ ਕੋਈ ਸੰਬੰਧ ਨਹੀਂ ਸੀ, ਉਹ ਵੀ ਬਦਲ ਗਏ ਜਿਵੇਂ ਡੈਡੀ, ਮੰਮੀ, ਅੰਕਲ। ਇਸ ਦਾ ਕਾਰਨ ਸਾਡੀ ਮਾਨਸਿਕਤਾ ਹੈ। ਭਾਸ਼ਾ ਦਾ ਅਸੀਂ ਰਿਜ਼ਕ ਨਾਲ ਅਤੇ ਆਰਥਿਕਤਾ ਨਾਲ ਬਹੁਤ ਗਹਿਰਾ ਰਿਸ਼ਤਾ ਸਮਝਦੇ ਹਾਂ, ਤੇ ਇਸ ਤਰ੍ਹਾਂ ਹੁੰਦਾ ਵੀ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਸਾਡਾ ਆਪਣੀ ਧਰਤੀ ਤੇ ਮਾਂ ਬੋਲੀ ਨਾਲ ਕਿਸ ਤਰ੍ਹਾਂ ਦਾ ਰਿਸ਼ਤਾ ਹੈ। ਮਾਵਾਂ ਸਾਰਿਆਂ ਦੀਆਂ ਸੋਹਣੀਆਂ ਹੁੰਦੀਆਂ ਹਨ ਪਰ ਅਸੀਂ ਕਿਸੇ ਨਾਲ ਆਪਣੀ ਮਾਂ ਵਟਾ ਨਹੀਂ ਸਕਦੇ। ਇਹ ਸਿਰਫ਼ ਬੋਲੀ ਦੇ ਮਰਨ ਦੀ ਗੱਲ ਨਹੀਂ, ਇਹ ਬੰਦੇ ਦੇ ਅੰਦਰ ਦੇ ਮਰਨ ਦੀ ਗੱਲ ਹੈ।"

ਪੰਜਾਬ ਦੇ ਕਾਲੇ ਦਿਨਾਂ ਬਾਰੇ ਉਨ੍ਹਾਂ ਦੀ ਕਵਿਤਾ "ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ" ਬੜੀ ਮਸ਼ਹੂਰ ਹੋਈ। ਕਵਿਤਾ ਵਿੱਚ ਨਿਆਂ ਪ੍ਰਣਾਲੀ ਬਾਰੇ ਵੀ ਤਨਜ਼ ਸੀ।

ਸੁਰਜੀਤ ਪਾਤਰ ਦੀਆਂ ਪ੍ਰਸਿੱਧ ਪ੍ਰਕਾਸ਼ਨਾਵਾਂ ਵਿੱਚ- ਹਵਾ ਵਿੱਚ ਲਿਖੇ ਹਰਫ਼, ਬਿਰਖ ਅਰਜ਼ ਕਰੇ, ਹਨੇਰੇ ਵਿੱਚ ਸੁਲਗਦੀ ਵਰਣਮਾਲਾ, ਲਫ਼ਜ਼ਾਂ ਦੀ ਦਰਗਾਹ, ਪੱਤਝੜ ਦੀ ਪਾਂਜੇਬ, ਸੁਰਜ਼ਮੀਨ, ਚੰਨ ਸੂਰਜ ਦੀ ਵਹਿੰਗੀ, ਹਾਏ ਮੇਰੀ ਕੁਰਸੀ ਹਾਏ ਮੇਰਾ ਮੇਜ਼, ਸੂਰਜ ਮੰਦਰ ਦੀਆਂ ਪੌੜ੍ਹੀਆਂ, ਅੱਗ ਦੇ ਕਲੀਰੇ, ਸਈਓ ਨੀ ਮੈਂ ਅੰਤ ਹੀਣ ਤਰਕਾਲਾਂ, ਸ਼ਹਿਰ ਮੇਰੇ ਦੀ ਪਾਗਲ ਔਰਤ, ਇੱਛਾਧਾਰੀ ਅਤੇ ਯੂਨਾਨ ਦੀ ਲੂਣਾ ਸ਼ਾਮਲ ਹਨ।

ਇਸ ਤੋਂ ਬਿਨਾ ਉਨ੍ਹਾਂ ਨੇ ਪੰਜਾਬੀ ਕਾਵਿਤਾ ਦੇ ਇਤਿਹਾਸ ਬਾਰੇ ਕੁਝ ਦਸਤਾਵੇਜ਼ੀ ਪ੍ਰੋਗਰਾਮਾਂ ਦੀ ਪੇਸ਼ਕਾਰੀ ਵੀ ਕੀਤੀ ਅਤੇ ਸਕਰਿਪਟ ਵੀ ਲਿਖੀ। ਉਨ੍ਹਾਂ ਨੂੰ ਆਪਣੇ ਜੀਵਨ ਦੌਰਾਨ ਕਈ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਜਿਵੇਂ ਪੰਜਾਬ ਸਾਹਿਤ ਅਕਾਦਮੀ ਪੁਰਸਕਾਰ (1979), ਸਾਹਿਤ ਅਕਾਦਮੀ ਪੁਰਸਕਾਰ (1993), ਗੁਰੂ ਨਾਨਕ ਯੂਨੀਵਰਸਿਟੀ ਤੋਂ ਆਨਰੇਰੀ ਡੀ.ਲਿਟ ਦੀ ਉਪਾਧੀ (2010), ਪਦਮਸ਼੍ਰੀ ਪੁਰਸਕਾਰ (2012) ਪੰਜਾਬੀ ਵਿਰਸਾ ਪਾਕਿਸਤਾਨ ਵੱਲੋਂ ਵਾਰਿਸ ਸ਼ਾਹ ਇੰਟਰਨੈਸ਼ਨਲ ਅਵਾਰਡ (2022)।

ਉਨ੍ਹਾਂ ਨੇ 1999 ਵਿੱਚ ਕੋਲੰਬੀਆ (ਲੈਟਿਨ ਅਮਰੀਕਾ) ਵਿੱਚ ਹੋਏ ਵਿਸ਼ਵ ਕਵਿਤਾ ਫੈਸਟੀਟਵਲ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ। ਉਹ 2006 ਵਿੱਚ ਫਰੈਂਕਫਰਟ ਪੁਸਤਕ ਮੇਲੇ ਵਿੱਚ ਵੀ ਕਵੀ ਵਜੋਂ ਸ਼ਾਮਲ ਹੋਏ। ਇਸ ਤੋਂ ਇਲਾਵਾ ਉਹ ਬ੍ਰਿਟੇਨ, ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਕੀਨੀਆ ਅਤੇ ਨਿਊਜ਼ੀਲੈਂਡ ਵਿੱਚ ਵੀ ਕਵਿਤਾ ਪਾਠ ਲਈ ਗਏ ਸਨ। ਬਰਨਾਲੇ ਵਿੱਚ ਆਪਣੇ ਆਖਰੀ ਪ੍ਰੋਗਰਾਮ ਦੌਰਾਨ ਉਨ੍ਹਾਂ ਨੇ 'ਬਾਲ ਮੋਮਬੱਤੀਆਂ' ਕਵਿਤਾ ਪੜ੍ਹੀ ਸੀ। ਉਨ੍ਹਾਂ ਦੀ ਇੱਕ ਗਜ਼ਲ ਉਨ੍ਹਾਂ ਦੇ ਵਿਛੋੜੇ ਉੱਤੇ ਪੂਰੀ ਤਰ੍ਹਾਂ ਢੁਕਦੀ ਹੈ:

ਅਸਾਂ ਵੀ ਅੰਤ ਕਿਰ ਕੇ ਖ਼ਾਦ ਹੋਣਾ
ਕਦੀ ਸਾਂ ਫੁੱਲ ਇਹ ਕਿਸ ਨੂੰ ਯਾਦ ਹੋਣਾ।
ਕਿਸੇ ਦਿਸਣਾ, ਕਿਸੇ ਨੇ ਗੁੰਮ ਹੋਣਾ
ਕਿਸੇ ਗੁੰਬਦ, ਕਿਸੇ ਬੁਨਿਆਦ ਹੋਣਾ।
ਮੇਰੇ ਨ੍ਹੇਰੇ ਤੇ ਤੇਰੀ ਰੌਸ਼ਨੀ ਦਾ
ਹੈ ਮਨ ਵਿਚ ਉਮਰ ਭਰ ਸੰਵਾਦ ਹੋਣਾ।
ਸੁਲਗਦੇ ਲਫਜ਼ ਨੇ ਸੜ ਜਾਣਗੇ ਇਹ
ਨਹੀਂ ਇਹਨਾਂ ਕਦੇ ਫਰਿਆਦ ਹੋਣਾ।
ਉਦੋਂ ਸਮਝਣਗੇ ਲੋਕੀਂ ਦਿਲ ਦੀ ਅੱਗ ਨੂੰ
ਸਿਵੇ ਵਿੱਚ ਜਦ ਇਹਦਾ ਅਨੁਵਾਦ ਹੋਣਾ।

---

# ਸ਼ਾਹਸਵਾਰ

## ਨਾਵਲ

**ਜਸਵੀਰ ਸਿੰਘ ਸ਼ੀਰੀ**
**ਫੋਨ: +91-6280574657**

**ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਪਿਛਲੇ ਕਿਸਾਨ ਸੰਘਰਸ਼ ਦੌਰਾਨ ਇੱਕ ਵਾਰ ਫਿਰ ਆਸ ਬੱਝੀ ਸੀ ਕਿ ਕਿਸਾਨੀ ਦਾ ਇਹ ਸ਼ਕਤੀ ਪ੍ਰਦਰਸ਼ਨ ਪੰਜਾਬ ਦੇ ਪੁਨਰ ਉਥਾਨ ਦਾ ਮੁੱਢ ਬੰਨ੍ਹੇਗਾ, ਪਰ ਇਹ ਦੌਰ ਵੀ ਇੱਕ ਤੇਜ਼ ਸੁਪਨੇ ਦੀ ਤਰ੍ਹਾਂ ਗੁਜ਼ਰ ਗਿਆ ਹੈ। ਇੱਕ ਵਾਰ ਫਿਰ ਵਕਤ ਦੇ ਸ਼ਾਹਸਵਾਰ ਪੰਜਾਬੀ ਚੇਤਨਾ ਦੇ ਵਿਹੜੇ ਸਾਹਮਣਿਓਂ ਦੀ ਇੱਕ ਝਲਕ ਮਾਤਰ ਦੇ ਕੇ ਗੁਜ਼ਰ ਗਏ ਹਨ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਮਨੋਵਿਗਿਆਨੀ ਆਖਦੇ ਹਨ ਕਿ ਬੰਦੇ ਦਾ ਰੀਅਲ ਸੈਲਫ ਅਤੇ ਆਈਡਲ ਸੈਲਫ ਕਦੇ ਇੱਕ ਨਹੀਂ ਹੋ ਸਕਦੇ, ਪਰ ਆਪਣੇ ਆਦਰਸ਼ ਸੈਲਫ ਲਈ ਅਮੁੱਕ ਤਾਂਘ ਹੀ ਬੰਦੇ ਨੂੰ ਬਾਕੀ ਜਾਨਵਰ ਜਗਤ ਤੋਂ ਵੱਖ ਕਰਦੀ ਹੈ। ਕਿਸੇ ਸਮਾਜ 'ਤੇ ਵੀ ਸ਼ਾਇਦ ਇਹੋ ਮਨੋਵਿਗਿਆਨਕ ਅਸੂਲ ਲਾਗੂ ਹੁੰਦਾ ਹੋਵੇ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...**

ਹਾੜੀ-ਸਾਉਣੀ ਦੀ ਬਿਜਾਈ ਕਟਾਈ ਵੇਲੇ ਵੀਰਦੀਪ ਖੇਤੀ ਦੇ ਕੰਮ ਵਿੱਚ ਚਾਚੇ ਨਾਲ ਹੱਥ ਵਟਾ ਦਿੰਦਾ। ਇਨ੍ਹਾਂ ਦਿਨ੍ਹਾਂ ਵਿੱਚ ਉਹ ਕਾਲਜ ਵਿੱਚੋਂ ਅਕਸਰ ਛੁੱਟੀਆਂ ਕਰ ਲੈਂਦਾ। ਦਿਲਬਾਗ ਪੜ੍ਹਨ-ਲਿਖਣ ਵੱਲੋਂ ਅਲਗਰਜ਼ ਜ਼ਰੂਰ ਸੀ, ਪਰ ਉਹ ਦਿਮਾਗ ਵੱਲੋਂ ਤਿੱਖਾ ਸੀ। ਉਨ੍ਹਾਂ ਦੀ ਖੇਤੀ ਛੋਟੀ ਸੀ ਅਤੇ ਜ਼ਮੀਨ ਠੇਕੇ 'ਤੇ ਦੇ ਦਿੰਦੇ ਸਨ। ਪਸ਼ੂਆਂ ਲਈ ਪੱਠੇ ਦੱਥੇ ਵਾਸਤੇ ਨੌਕਰ ਰੱਖਿਆ ਹੋਇਆ ਸੀ। ਫਿਰ ਵੀ ਘਰ ਦੇ ਬਹੁਤ ਸਾਰੇ ਕੰਮ ਹੁੰਦੇ, ਜਿਹਦੇ ਲਈ ਮਾਂ ਉਹਦੇ ਆਸਰੇ ਸੀ। ਵੱਡੀ ਭੈਣ ਵਿਆਹੀ ਹੋਈ ਸੀ। ਗਰਮੀ-ਸਰਦੀ ਦੀਆਂ ਛੁੱਟੀਆਂ ਵਿੱਚ ਬੱਚੇ ਲੈ ਕੇ ਉਹ ਪੇਕੇ ਆ ਜਾਂਦੀ। ਉਦੋਂ ਦਿਲਬਾਗ ਨੂੰ ਘਰ ਰਹਿਣਾ ਪੈਂਦਾ ਤਾਂ ਉਦੋਂ ਵੀ ਕਾਲਜ ਵੱਲ ਭੱਜਣ ਲਈ ਰੱਸੇ ਤੁੜਵਾਉਂਦਾ, ਪਰ ਮਾਂ ਉਸ ਨੂੰ ਘੇਰ-ਘੇਰ ਕੇ ਘਰੇ ਰੱਖਦੀ। ਭੈਣ ਤੇ ਬੱਚਿਆਂ ਨੂੰ ਲੈ ਕੇ ਉਹ ਘੁੰਮਣ ਲਈ ਨਿਕਲ ਜਾਂਦੇ। ਗਰਮੀਆਂ ਵਿੱਚ ਪਹਾੜਾਂ ਵੱਲ ਵੀ। ਇਨ੍ਹਾਂ ਫੇਰੀਆਂ ਵਿੱਚ ਉਸ ਨੇ ਸ਼ਿਵਾਲਿਕ ਦੇ ਨੀਮ ਪਹਾੜੀ ਇਲਾਕੇ ਪੂਰੀ ਤਰ੍ਹਾਂ ਗਾਹ ਮਾਰੇ ਸਨ। ਉਹ ਇਸ ਇਲਾਕੇ ਦੇ ਛੋਟੇ-ਛੋਟੇ ਰਸਤਿਆਂ ਅਤੇ ਪਗਡੰਡੀਆਂ ਤੋਂ ਵੀ ਜਾਣੂ ਹੋ ਗਿਆ ਸੀ। ਕਈ ਥਾਵਾਂ ਇੰਨੀਆਂ ਰਮਣੀਕ ਸਨ ਕਿ ਵੇਖ ਕੇ ਉਹਦਾ ਦਿਲ ਖਿੜ ਜਾਂਦਾ। ਉਹ ਭੈਣ ਨੂੰ ਸੰਬੋਧਨ ਹੁੰਦਾ, 'ਵੇਖ ਲੈ ਭੈਣੇ ਲੋਕਾਂ ਨੂੰ ਪਤਾ ਈ ਨੀ ਬਈ ਪੰਜਾਬ ਵਿੱਚ ਵੀ ਇੰਨੀਆਂ ਖੂਬਸੂਰਤ ਥਾਵਾਂ ਨੇ। ਭੇਡਾਂ ਬੱਕਰੀਆਂ ਵਾਂਗ-ਘਰਾਂ ਵਿੱਚ ਹੀ ਤਾੜੇ ਰਹਿੰਦੇ।'

'ਤੈਨੂੰ ਚਾਰ ਪੈਸੇ ਆਉਂਦੇ ਬਾਹਰੋਂ, ਤਾਂ ਤੂੰ ਘੁੰਮ ਲੈਨਾ, ਅਗਲਿਆਂ ਕੋਲ ਰੋਟੀ ਕਮਾਉਣ ਤੋਂ ਹੀ ਵਿਹਲ ਨਹੀਂ" ਭੈਣ ਜਸਪ੍ਰੀਤ ਕੌਰ ਉਹਦੇ ਨਾਲੋਂ ਵੱਧ ਪ੍ਰੈਕਟੀਕਲ ਸੀ।


'ਨਿਰੀ ਇੰਨੀ ਗੱਲ ਨੀ ਭੈਣੇ, ਕਈਆਂ ਕੋਲ ਬਥੇਰਾ ਪੈਸਾ, ਪਰ ਘਰੇ ਬੈਠੇ ਬੁੜ੍ਹੀਆਂ ਵਾਂਗ ਚੁਗਲੀਆਂ ਕਰੀ ਜਾਂਦੇ' ਦਿਲਬਾਗ ਨੇ ਟਿਕਾਣੇ ਸਿਰ ਮਾਰੀ।

'ਠੀਕ ਐ ਗੱਲ ਤੇਰੀ ਵੀ, ਤੇਰਾ ਜੀਜਾ ਵੇਖ ਲੈ ਨਸ਼ਾ ਕਰ ਕੇ ਘਰੇ ਪਿਆ ਰਹਿੰਦਾ ਸਾਰੀ ਦਿਹਾੜੀ। ਨਸ਼ੇ ਦੀ ਤੋਟ ਵੇਲੇ ਮਾਂ ਨਾਲ ਲੜੀ ਜਾਂਦਾ ਪੈਸਿਆਂ ਵਾਸਤੇ। ਸਾਡੇ ਅੱਧੇ ਪਿੰਡ ਦੇ ਮੁੰਡੇ ਚਿੱਟੇ 'ਤੇ ਲੱਗੇ ਹੋਏ। ਸ਼ਾਮ ਨੂੰ ਆ ਜਾਂਦੇ ਪੁੜੀਆਂ ਵੇਚਣ ਵਾਲੇ। ਸਾਡੇ ਆਲੇ-ਦੁਆਲੇ ਦੇ ਪਿੰਡਾਂ ਦੇ ਮੁੰਡਿਆਂ ਦੀ ਲਾਈਨ ਲੱਗੀ ਹੁੰਦੀ ਪੁੜੀਆਂ ਖਰੀਦਣ ਲਈ। ਕਈ ਤਾਂ ਹਜ਼ਾਰ-ਹਜ਼ਾਰ ਰੁਪਏ ਦਾ ਨਸ਼ਾ ਇੱਕ ਇੱਕ ਦਿਨ 'ਚ ਖਾ ਜਾਂਦੇ। ਕੋਈ ਕੁਸ਼ ਨੀ ਕਹਿੰਦਾ। ਪੁਲਿਸ ਕੋਲ ਦੀ ਲੰਘ ਜਾਂਦੀ ਪਾਸਾ ਵੱਟ ਕੇ।' ਗੱਲਾਂ ਕਰਦੀ ਕਰਦੀ ਜਸਪ੍ਰੀਤ ਫਿੱਸ ਪੈਂਦੀ।

'ਕੜੀਆਂ ਵਰਗੇ ਜੁਆਨ ਗਾਲ਼ ਕੇ ਮਿੱਟੀ ਬਣਾ ਦਿੱਤੇ ਚਿੱਟੇ ਨੇ' ਹਾਲਾਤ ਬਾਰੇ ਸੁਣ ਕੇ ਦਿਲਬਾਗ ਗੁੱਸੇ ਨਾਲ ਲਾਲ ਹੋਣ ਲਗਦਾ।

'ਵਿਆਹ ਵੇਲੇ ਤੇਰਾ ਜੀਜਾ ਵੇਖ ਲੈ ਚੰਗਾ ਭਲਾ ਸੀ, ਦਾਰੂ ਦੀ ਘੁੱਟ ਕਦੀ ਕਦਾਈਂ ਪੀ ਲੈਂਦਾ ਸੀ, ਪਿਤਾ (ਸਹੁਰਾ ਸਾਹਿਬ) ਜੀ ਨੇ ਸਾਰੀ ਉਮਰ ਪਰਦੇਸਾਂ ਵਿੱਚ ਲਾ ਦਿੱਤੀ ਇਨ੍ਹਾਂ ਵਾਸਤੇ, ਕੋਈ ਨਸ਼ਾ ਨ੍ਹੀਂ ਕੀਤਾ, ਇਨ੍ਹਾਂ ਨੂੰ ਪਤਾ ਨੀ ਕਿਵੇਂ ਲਤ ਲੱਗ ਗਈ' ਜਸਪ੍ਰੀਤ ਲੰਮੀਆਂ ਕਹਾਣੀਆਂ ਪਾਉਣ ਲਗਦੀ।

'ਮਾਹੌਲ ਹੀ ਖਰਾਬ ਹੋ ਗਿਆ ਭੈਣਾ। ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗੇ, ਫੇਰ ਇੱਦਾਂ ਈ ਹੁੰਦਾ। ਸਿਆਸਤਦਾਨਾਂ, ਪੁਲਿਸ ਅਤੇ ਵੱਡੀ ਅਫਸਰਸ਼ਾਹੀ ਦਾ ਇੱਕ ਮਾਫੀਆ ਬਣ ਗਿਆ, ਇਹੀ ਕਰੀ ਜਾਂਦੇ ਸਾਰਾ ਕੁਝ' ਦਿਲਬਾਗ ਹੁਣ ਸਿਆਣਾ ਹੋਣ ਲੱਗਾ ਸੀ। ਵੀਰਦੀਪ ਦਾ ਸੰਗ ਮਾਨਣ ਦੇ ਪੱਜ ਉਹ ਵੀ ਰਾਜਨੀਤੀ ਵਿਗਿਆਨ ਦੀ ਐਮ.ਏ. ਕਰਨ ਲੱਗਾ। ਹੁਣ ਉਹ ਪਹਿਲਾਂ ਨਾਲੋਂ ਸਹਿਜ ਰਹਿਣ ਲੱਗਾ ਸੀ, ਪਰ ਹੁਣ ਵੀ ਕਦੋਂ ਉਸ ਦਾ ਗੁੱਸਾ ਉਬਾਲਾ ਮਾਰ ਜਾਂਦਾ, ਉਹਨੂੰ ਪਤਾ ਨਾ ਲਗਦਾ। ਪਿੰਡ ਹੁੰਦਿਆਂ ਉਹਦੇ ਬਾਪੂ ਦੀ ਸਰਪੰਚਾਂ ਦੇ ਲਾਣੇ ਨਾਲ ਡਾਢੀ ਦੁਸ਼ਮਣੀ ਰਹੀ ਸੀ। ਪੰਜਾਬ ਵਿੱਚ ਖਾੜਕੂ ਲਹਿਰ ਦੇ ਉਤਰਾਅ ਵਾਲੇ ਸਮਿਆਂ ਵਿੱਚ ਉਨ੍ਹਾਂ ਨੇ ਹੀ ਉਹਦੇ ਪਿਉ ਨੂੰ ਅਸਲੇ ਦੇ ਇੱਕ ਕੇਸ ਵਿੱਚ ਪੁਲਿਸ ਨੂੰ ਚੁਕਵਾ ਦਿੱਤਾ ਸੀ। ਇਸ ਪਿਛੋਂ ਜਦੋਂ ਉਹ ਜ਼ਮਾਨਤ 'ਤੇ ਆਇਆ ਤਾਂ ਪੁਲਿਸ ਅਕਸਰ ਹੀ ਉਨ੍ਹਾਂ ਦੇ ਘਰ ਗੇੜੇ ਮਾਰਨ ਲੱਗੀ। ਜਦੋਂ ਆਲੇ-ਦੁਆਲੇ ਕਿਤੇ ਕੋਈ ਵਾਰਦਾਤ ਹੋ ਜਾਂਦੀ, ਪੁਲਿਸ ਉਹਦੇ ਪਿਓ ਨੂੰ ਚੁੱਕ ਲਿਜਾਂਦੀ। ਕਈ ਕਈ ਦਿਨ ਥਾਣੇ ਬਿਠਾਈ ਰੱਖਦੀ। ਕਦੀ ਕਦੀ ਨਿਹੱਕ ਹੀ ਕੁੱਟ ਮਾਰ ਕਰ ਛੱਡਦੀ। ਇਸ ਤੋਂ ਬਚਾਅ ਕਰਦਿਆਂ ਹੀ ਉਸ ਦਾ ਪਿਉ ਜਰਮਨ ਜਾ ਵੜਿਆ ਸੀ ਤੇ ਉਥੇ ਰਾਜਨੀਤਿਕ ਸ਼ਰਣ ਲੈ ਲਈ। ਇਸੇ ਕਾਰਨ ਉਹ ਦੇਸ ਵਾਪਸ ਵੀ ਨਹੀਂ ਸੀ ਆ ਸਕਿਆ। ਸ਼ਰੀਕਾਂ ਤੋਂ ਬਚਾਅ ਲਈ ਉਸ ਨੇ ਦਿਲਬਾਗ ਨੂੰ 32 ਬੋਰ ਦਾ ਲਾਈਸੈਂਸੀ ਪਿਸਤੌਲ ਲੈ ਦਿੱਤਾ। ਉਹ ਜਦੋਂ ਬਾਹਰ ਗਿਆ ਸੀ ਦਿਲਬਾਗ ਨਿਆਣਾ ਸੀ। ਉਹਦੇ ਪਿਉ ਨੂੰ ਉਸ ਦੇ ਗਰਮ ਮਿਜਾਜ਼ ਸੁਭਾਅ ਬਾਰੇ ਬਹੁਤਾ ਇਲਮ ਨਹੀਂ ਸੀ। ਦਿਲਬਾਗ ਦੀ ਮਾਂ ਬਥੇਰਾ ਆਖਦੀ ਰਹੀ, 'ਇਹਨੂੰ ਹੈਥੇ ਈ ਬੁਲਾ ਲੈ, ਇਨ੍ਹੇ ਕੀ ਕਰਨਾ ਪਿਸਤੌਲ, ਕੋਈ ਨਵੀਂ ਦੁਸਮਣੀ ਸਹੇੜ ਲਊ।' ਪਰ ਉਹਦਾ ਪਿਉ



ਮੰਨਿਆ ਨਾ। ਉਹਨੂੰ ਆਪਣੀ ਗੈਰ-ਹਾਜ਼ਰੀ ਵਿੱਚ ਆਪਣੇ ਪਰਿਵਾਰ ਦੀ ਸੁਰੱਖਿਆ ਦਾ ਫਿਕਰ ਸੀ। ਦਿਲਬਾਗ ਇਨ੍ਹਾਂ ਚੀਜ਼ਾਂ ਦਾ ਪਹਿਲਾਂ ਹੀ ਸ਼ੁਕੀਨ ਸੀ। ਉਹਨੇ ਲਾਈਸੈਂਸੀ ਪਿਸਤੌਲ ਦੇ ਨਾਲ ਨਾਲ ਇੱਕ 32 ਬੋਰ ਦਾ ਨਾਜਾਇਜ਼ ਦੇਸੀ ਪਿਸਤੌਲ ਵੀ ਖਰੀਦ ਲਿਆ। ਪਟਿਆਲੇ ਦੀ ਇੱਕ ਸ਼ੂਟਿੰਗ ਰੇਂਜ ਵਿੱਚ ਕਈ ਵਾਰ ਪਿਸਟਲ ਸ਼ੂਟਿੰਗ ਕਰਨ ਵੀ ਚਲਾ ਜਾਂਦਾ।

---

ਕਾਲਜ ਵਿੱਚ ਉਨ੍ਹਾਂ ਦਾ ਵਿਰੋਧੀ ਧੜਾ ਵੀ ਕਾਫੀ ਤਕੜਾ ਹੋ ਗਿਆ ਸੀ, ਪਰ ਵੀਰਦੀਪ ਦੀ ਸਿਆਣਪ ਅਤੇ ਦਿਲਬਾਗ ਦੀ ਤੇਜ਼-ਤਰਾਰ ਸਰਗਰਮੀ ਕਾਰਨ ਉਹ ਆਪਣੇ ਵਿਰੋਧੀਆਂ ਨੂੰ ਮਾਤ ਦਿੰਦੇ ਆਏ ਸਨ। ਪਿਛਲੇ ਕਈ ਸਾਲਾਂ ਤੋਂ ਕਾਲਜ ਦੀ ਯੂਨੀਅਨ ਉਨ੍ਹਾਂ ਦੀ ਅਗਵਾਈ ਵਿੱਚ ਹੀ ਕੰਮ ਕਰਦੀ ਰਹੀ ਸੀ। ਵਿਰੋਧੀ ਧਿਰ ਨੂੰ ਪੰਜਾਬ ਵਿੱਚ ਰਾਜਸੱਤਾ 'ਤੇ ਕਾਬਜ਼ ਪਾਰਟੀ ਨੇ ਵੀ ਹਮਾਇਤ ਦੇਣੀ ਸ਼ੁਰੂ ਕਰ ਦਿੱਤੀ। ਪਿਛਲੀਆਂ ਚੋਣਾਂ ਵਿੱਚ ਵੀਰਦੀਪ ਦੀ ਸਿਆਣਪ ਨਾਲ ਲੜਾਈ ਝਗੜੇ ਤੋਂ ਬਚਾਅ ਹੁੰਦਾ ਰਿਹਾ। ਇਸ ਵਾਰ ਚੋਣ ਪ੍ਰਚਾਰ ਦੌਰਾਨ ਵਿਰੋਧੀ ਮੁੰਡੇ ਸ਼ੱਰ੍ਹੇਆਮ ਹਥਿਆਰਾਂ ਦਾ ਪ੍ਰਦਰਸ਼ਨ ਕਰਨ ਲੱਗੇ। ਕਰੋਨਾ ਦੀ ਪਹਿਲੀ ਵੇਵ ਢਲ ਰਹੀ ਸੀ। ਸਰਕਾਰ ਨੇ ਸਕੂਲ-ਕਾਲਜ ਖੋਲ੍ਹਣ ਦਾ ਫੈਸਲਾ ਕੀਤਾ, ਪਰ ਮੂੰਹ 'ਤੇ ਨਕਾਬ ਪਹਿਨਣੇ ਲਾਜ਼ਮੀ ਕਰ ਦਿੱਤੇ। ਥੋੜ੍ਹੀ ਦੇਰ ਬਾਅਦ ਕਾਲਜ ਦੀਆਂ ਚੋਣਾਂ ਆ ਗਈਆਂ। ਜਿਸ ਦਿਨ ਵੋਟਾਂ ਪੈਣੀਆਂ ਸਨ, ਖਿਚਾਧੂਹੀ ਵਿੱਚ ਲੜਾਈ ਹੋਣ ਦਾ ਖਤਰਾ ਸੀ। ਦਿਲਬਾਗ ਨੇ ਵੀਰਦੀਪ ਨੂੰ ਬਿਨਾ ਦੱਸੇ ਹੀ ਆਪਣੇ ਜੋਟੀਦਾਰ ਦੋ ਮੁੰਡਿਆਂ ਨੂੰ ਆਪਣੇ ਦੋਨੋ ਪਿਸਤੌਲ ਫੜਾ ਦਿੱਤੇ। ਉਹ ਛੋਟੇ ਕੱਦ ਦੇ ਗਠਵੇਂ ਸਰੀਰਾਂ ਵਾਲੇ ਮੁੰਡੇ ਸਨ। ਸਾਰਿਆਂ ਨੇ ਨਕਾਬ ਪਹਿਨੇ ਹੋਏ ਸਨ। ਵੋਟਾਂ ਵਾਲੇ ਦਿਨ ਬੂਥ ਦੇ ਨੇੜੇ ਦੋਹਾਂ ਗਰੁੱਪਾਂ ਵਿੱਚ ਝਗੜਾ ਹੋ ਗਿਆ। ਦੋਹਾਂ ਪਾਸਿਆਂ ਤੋਂ ਗੋਲੀ ਚੱਲਣ ਲੱਗੀ। ਭੀੜ ਵਿੱਚ ਭਗਦੜ ਮੱਚ ਗਈ। ਕਈ ਇੱਕ ਦਮ ਜ਼ਮੀਨ 'ਤੇ ਡਿੱਗ ਪਏ। ਇੱਕ-ਦੋ ਮੁੰਡੇ ਮਾਮੂਲੀ ਜ਼ਖਮੀ ਹੋਏ ਸਨ। ਮਾਰ ਮਰਾਈ ਤੋਂ ਬਚਾਅ ਹੋ ਗਿਆ। ਵਿਰੋਧੀ ਧੜੇ ਦੇ ਇੱਕ ਮੁੰਡੇ ਦੇ ਬਾਂਹ ਵਿੱਚ ਗੋਲੀ ਲੱਗ ਗਈ ਸੀ। ਵੀਰਦੀਪ ਇਸ ਵਾਰ ਮਾਹੌਲ ਨੂੰ ਸ਼ਾਂਤ ਕਰਨ ਵਿੱਚ ਨਾਕਾਮ ਰਿਹਾ। ਫਿਰ ਕੁਝ ਅਣਪਛਾਤਿਆਂ ਦੇ ਨਾਲ ਦਿਲਬਾਗ 'ਤੇ ਪੁਲਿਸ ਨੇ 307 ਦਾ ਪਰਚਾ ਦਰਜ ਕਰ ਦਿੱਤਾ ਸੀ। ਵੀਰਦੀਪ ਕੋਲੋਂ ਵੀ ਪੁਲਿਸ ਨੇ ਪੁੱਛ-ਗਿੱਛ ਕੀਤੀ, ਪਰ ਉਸ ਦਾ ਬਚਾਅ ਹੋ ਗਿਆ।

ਰਾਜ ਕਰ ਰਹੀ ਸਿਆਸੀ ਪਾਰਟੀ ਵੀ ਇਸ ਮੁੰਡੇ ਦੀ ਸਿਆਸੀ ਸਮਰੱਥਾ ਤੋਂ ਕਾਇਲ ਸੀ। ਉਹ ਇਸ ਨੂੰ ਆਪਣੀਆਂ ਸਫਾਂ ਵਿੱਚ ਸ਼ਾਮਲ ਕਰਨਾ ਚਾਹੁੰਦੀ ਸੀ। ਇਸ ਲਈ ਵੀ ਵੀਰਦੀਪ ਬਚ ਗਿਆ। ਦਿਲਬਾਗ ਨੂੰ ਪੁਲਿਸ ਨੇ ਕੇਸ ਪਾ ਕੇ ਪਟਿਆਲਾ ਕੇਂਦਰੀ ਜੇਲ੍ਹ ਵਿੱਚ ਭੇਜ ਦਿੱਤਾ। ਕੁਝ ਦਿਨਾਂ ਬਾਅਦ ਵੀਰਦੀਪ ਉਸ ਨੂੰ ਇਥੇ ਮਿਲਣ ਗਿਆ। ਉਹ ਫਿਰ ਦਿਲਬਾਗ ਨੂੰ ਨਸੀਹਤ ਕਰਨ ਲੱਗਾ। ਉਹਦਾ ਵੱਡਾ ਇਤਰਾਜ਼ ਇਹ ਸੀ ਕਿ ਹਥਿਆਰਾਂ ਬਾਰੇ ਦਿਲਬਾਗ ਨੇ ਉਹਨੂੰ ਹਨੇਰੇ ਵਿੱਚ ਕਿਉਂ ਰੱਖਿਆ। ਸਲਾਖਾਂ ਪਿੱਛੇ ਖੜ੍ਹਾ ਦਿਲਬਾਗ ਬਹੁਤਾ ਉਦਾਸ ਨਹੀਂ ਸੀ, ਪਰ ਸਲਾਖਾਂ ਤੋਂ ਬਾਹਰ ਖੜ੍ਹਾ ਵੀਰਦੀਪ ਉਸ ਦੇ ਭਵਿੱਖ ਬਾਰੇ ਚਿੰਤਤ ਸੀ। 'ਤੂੰ ਮੈਨੂੰ ਦੱਸ ਤਾਂ ਦਿੰਦਾ ਯਾਰ ਹਥਿਆਰਾਂ ਬਾਰੇ, ਆਪਾਂ ਕੋਈ ਇੰਤਜ਼ਾਮ ਕਰਕੇ ਰੱਖਦੇ' ਵੀਰਦੀਪ ਆਖਣ ਲੱਗਾ।

'ਚਲ ਛੱਡ ਯਾਰ, ਜੋ ਹੋ ਗਿਆ ਸੋ ਹੋ ਗਿਆ, ਹੁਣ ਅਗਾਂਹ ਦੀ ਸੋਚੀਏ। ਗੋਲੀ ਮੇਰੇ ਲਾਈਸੈਂਸੀ ਪਿਸਤੌਲ ਵਿੱਚੋਂ ਨਹੀਂ ਚੱਲੀ। ਨਾ ਮੈਂ ਗੋਲੀ ਚਲਾਈ ਆ। ਕੋਈ ਅਣਜਾਣ ਬੰਦਾ ਗੋਲੀ ਚਲਾ ਗਿਆ। ਪੁਲਿਸ ਨੇ ਮੇਰਾ ਪਿਸਤੌਲ ਵੀ ਚੈਕ ਕਰ ਲਿਆ ਹੈ। ਫਿਰ ਵੀ ਮੇਰੇ 'ਤੇ ਕੇਸ ਬਣਾ ਦਿੱਤਾ, ਸਾਜਿਸ਼ ਤਹਿਤ। ਮੇਰੀ ਜ਼ਮਾਨਤ ਹੋ ਸਕਦੀ। ਆਪਾਂ ਜ਼ਮਾਨਤ ਕਰਾਉਣ ਦਾ ਯਤਨ ਕਰੀਏ' ਦਿਲਬਾਗ ਨੇ ਵੀਰਦੀਪ ਨੂੰ ਦੱਸਿਆ।

'ਗੋਲੀ ਕੌਣ ਚਲਾ ਗਿਆ ਫਿਰ?' ਵੀਰਦੀਪ ਨੇ ਪੁੱਛਿਆ।

'ਪਤਾ ਨੀ ਕੌਣ ਚਲਾ ਗਿਆ, ਨਾਲੇ ਇਹ ਸਮਾਂ ਅਜਿਹੀਆਂ ਗੱਲਾਂ ਕਰਨ ਦਾ ਨਹੀਂ, ਅਗਲੀ ਵਾਰ ਆਪਾਂ ਕਚਹਿਰੀ ਮਿਲਦੇ ਹਾਂ ਤਰੀਕ 'ਤੇ।' ਦਿਲਬਾਗ ਨੇ ਵੀਰਦੀਪ ਨੂੰ ਲਗਪਗ ਹਦਾਇਤ ਕੀਤੀ ਤੇ ਮੁਲਾਕਾਤ ਦਾ ਸਮਾਂ ਖਤਮ ਹੋ ਗਿਆ।

---

ਸਿਮਰਨ ਅਤੇ ਹਰਜੀਤ ਬੀ.ਐਸਸੀ. ਕੰਪਿਊਟਰ ਸਾਇੰਸ ਕਰਨ ਤੋਂ ਬਾਅਦ ਇਸੇ ਕਾਲਜ ਦੀ ਮੈਨੇਜਮੈਂਟ ਵੱਲੋਂ ਚਲਾਏ ਜਾ ਰਹੇ ਇੱਕ ਹੋਰ ਕਾਲਜ ਵਿੱਚ ਬੀ.ਐਡ ਕਰਨ ਲੱਗ ਪਈਆਂ। ਉਹ ਅਤੇ ਨਾ ਹੀ ਉਨ੍ਹਾਂ ਦੇ ਘਰਾਂ ਵਾਲੇ ਪੜ੍ਹਾਈ ਨੂੰ ਲੰਮੀ ਖਿੱਚਣ ਦੇ ਹੱਕ ਵਿੱਚ ਸਨ। ਮਾਪਿਆਂ ਦੀ ਦਲੀਲ ਸੀ ਕਿ ਕੋਈ ਪ੍ਰੋਫੈਸ਼ਨਲ ਕੋਰਸ ਕਰਕੇ ਆਪਣੇ ਪੈਰਾਂ ਸਿਰ ਖੜਨ ਜੋਗੀਆਂ ਹੋਵੋ। ਦਿਲਬਾਗ ਦੇ ਜੇਲ੍ਹ ਚਲੇ ਜਾਣ ਤੋਂ ਬਾਅਦ ਸਿਮਰਨ ਤੇ ਹਰਜੀਤ ਡਿਗਰੀ ਕਾਲਜ ਦੀ ਕੰਟੀਨ ਵਿੱਚ ਵੀਰਦੀਪ ਨੂੰ ਮਿਲੀਆਂ। ਵਿਰੋਧੀਆਂ ਦੇ ਅੱਡੀ ਚੋਟੀ ਦੇ ਜ਼ੋਰ ਦੇ ਬਾਵਜੂਦ ਪ੍ਰਧਾਨਗੀ ਦੀ ਚੋਣ ਵੀਰਦੀਪ ਜਿੱਤ ਗਿਆ ਸੀ। ਇੱਕ ਹੋਰ ਮੈਂਬਰ ਉਨ੍ਹਾਂ ਦੇ ਧੜੇ ਦਾ ਜਿਤਿਆ ਸੀ, ਬਾਕੀ ਅਹੁਦੇ ਵਿਰੋਧੀ ਲੈ ਗਏ ਸਨ। ਸਿਮਰਨ ਨੇ ਵੀਰਦੀਪ ਤੋਂ ਦਿਲਬਾਗ ਦਾ ਹਾਲਚਾਲ ਪੁੱਛਿਆ। 'ਅਸੀਂ ਮਿਲ ਆਈਏ ਉਸ ਨੂੰ ਜੇਲ੍ਹ ਵਿਚ' ਸਿਮਰਨ ਵੀਰਦੀਪ ਤੋਂ ਜਿਵੇਂ ਇਜਾਜ਼ਤ ਮੰਗਣ ਲੱਗੀ।

'ਤੁਸੀਂ ਕਾਹਨੂੰ ਨਿਗਾਹ 'ਚ ਆਉਣਾ, ਮੈਂ ਆਪੇ ਤੁਹਾਡੀ ਫਿਕਰਮੰਦੀ ਉਸ ਤੱਕ ਪਹੁੰਚਾ ਦੇਵਾਂਗਾ' ਵੀਰਦੀਪ ਨੇ ਜਵਾਬ ਦਿੱਤਾ।

'ਤਾਂ ਕੀ ਹੁੰਦਾ, ਅਸੀਂ ਤਾਂ ਸਿੰਪਲ ਮੁਲਾਕਾਤ ਹੀ ਕਰਨੀ' ਹਰਜੀਤ ਆਖਣ ਲੱਗੀ।

'ਇਹ ਗੰਭੀਰ ਕ੍ਰਿਮੀਨਲ ਕੇਸ ਆ, ਗੋਲੀ ਚੱਲੀ ਤੇ ਬੰਦੇ ਜ਼ਖਮੀ ਹੋਏ, ਪੁਲਿਸ ਤੋਂ ਹਾਲੇ ਅਸਲੀ ਦੋਸ਼ੀ ਡਿਟੈਕਟ ਨਹੀਂ ਹੋਏ। ਤੁਸੀਂ ਖਾਹਮ-ਖਾਹ ਸ਼ੱਕ ਦੇ ਘੇਰੇ ਵਿੱਚ ਆਉਣਾ?' ਵੀਰਦੀਪ ਨੇ ਉਨ੍ਹਾਂ ਨੂੰ ਨਸੀਹਤ ਦਿੱਤੀ।

'ਚਲੋ ਠੀਕ ਹੈ' ਦੋਨੋ ਇਕੱਠੀਆਂ ਬੋਲੀਆਂ।

'ਹੋਰ ਗੱਲ ਕਰੋ ਤੁਸੀਂ ਕੋਈ, ਕਿਵੇਂ ਚਲਦੀ ਥੋਡੀ ਬੀ.ਐਡ' ਵੀਰਦੀਪ ਨੇ ਪੁੱਛਿਆ।

'ਹੋ ਗਈ ਬੱਸ ਕੰਪਲੀਟ, ਅਸੀਂ ਤਾਂ ਹੁਣ ਵਿਹਲੀਆ ਵਰਗੀਆਂ' ਸਿਮਰਨ ਆਖਣ ਲੱਗੀ।

'ਅੱਗੇ ਕੀ ਮਨ ਬਣਾਇਆ' ਵੀਰਦੀਪ ਨੇ ਪੁੱਛਿਆ।

'ਟੀਚਿੰਗ ਟੈਸਟ ਦੇਵਾਂਗੀਆਂ, ਕੁੜੀਆਂ ਦਾ ਤਾਂ ਇੱਥੋਂ ਤੱਕ ਈ ਨਿਸ਼ਾਨਾ ਮਿੱਥਦੇ ਮਾਪੇ, ਫਿਰ ਵਿਆਹ।' ਸਿਮਰਨ ਨੇ ਜਵਾਬ ਦਿੱਤਾ।

'ਚਲੋ ਨਿਸ਼ਾਨੇ ਹੋਣੇ ਚਾਹੀਦੇ, ਨਿਸ਼ਾਨਿਆਂ ਨਾਲ ਹੀ ਜ਼ਿੰਦਗੀ ਨੂੰ ਕੋਈ ਸੇਧ ਮਿਲਦੀ' ਵੀਰਦੀਪ ਨੇ ਫਿਰ ਆਪਣਾ ਪਰਵਚਨੀ ਅੰਦਾਜ਼ ਅਪਨਾਇਆ।

'ਅੱਛਾ... ਬਾਬਾ ਜੀ' ਹਰਜੀਤ ਨੇ ਮਜ਼ਾਕੀਆ ਤਨਜ਼ ਕੀਤਾ।'

ਤੇ ਫਿਰ ਕੁੜੀਆਂ ਨੇ ਆਪਣੇ ਨਵੇਂ ਫੋਨ ਨੰਬਰ ਮੁੰਡੇ ਨੂੰ ਦਿੱਤੇ ਤੇ ਆਖਣ ਲੱਗੀਆਂ, 'ਕੋਈ ਲੋੜ ਹੋਵੇ ਤਾਂ ਸਾਨੂੰ ਫੋਨ ਕਰਨਾ।' ਇੰਨਾ ਆਖ ਕੇ ਉਹ ਤੁਰਨ ਲਈ ਉਠ ਖੜ੍ਹੀਆਂ ਹੋਈਆਂ। ਵੀਰਦੀਪ ਨੂੰ ਹੁਣ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਦੇ ਮਸਲੇ ਵੀ ਆਪ ਨਜਿੱਠਣੇ ਪੈਂਦੇ। ਪਹਿਲਾਂ ਇਹ ਕੰਮ ਦਿਲਬਾਗ ਕਰ ਲਿਆ ਕਰਦਾ ਸੀ। ਇਸ ਦੇ ਨਾਲ ਨਾਲ ਉਸ ਨੂੰ ਦਿਲਬਾਗ ਦੇ ਕੇਸ ਦੀ ਪੈਰਵੀ ਵੀ ਕਰਨੀ ਪੈਂਦੀ। ਦਿਲਬਾਗ ਨੂੰ ਜ਼ਮਾਨਤ 'ਤੇ ਬਾਹਰ ਲਿਆਉਣ ਦਾ ਵੀ ਉਸ ਨੂੰ ਫਿਕਰ ਸੀ। ਨਹੀਂ ਤਾਂ ਪੜ੍ਹਾਈ ਵਿੱਚ ਉਸ ਦਾ ਸਾਲ ਮਰ ਜਾਣਾ ਸੀ।

---

ਵੀਰਦੀਪ ਨੂੰ ਮਿਲਣ ਤੋਂ ਬਾਅਦ ਸਿਮਰਨ ਤੇ ਹਰਜੀਤ ਬੀ.ਐਡ ਕਾਲਜ ਵੱਲ ਚਲੀਆਂ ਗਈਆਂ। ਤੁਰਦਿਆਂ ਉਨ੍ਹਾਂ ਦੀ ਗੱਲਬਾਤ ਦਿਲਬਾਗ ਦੁਆਲੇ ਹੀ ਕੇਂਦਰਤ ਰਹੀ। 'ਕਿੰਨਾ ਟੇਲੈਂਟਿਡ ਮੁੰਡਾ, ਕਿਧਰ ਨੂੰ ਤੁਰ ਪਿਆ ਫਰਸਟੇਸ਼ਨ 'ਚ' ਹਰਜੀਤ ਆਖਣ ਲੱਗੀ।

'ਫਰਸਟੇਸ਼ਨ ਵਿੱਚ ਤਾਂ ਨੀ ਲਗਦਾ ਦਿਲਬਾਗ, ਅਨੰਦ ਲੈਂਦਾ ਉਹ ਇਹੋ ਜਿਹੀਆਂ ਕਾਰਵਾਈਆਂ 'ਚ, ਰਾਜਨੀਤੀ ਵੱਲ ਮੂੰਹ ਕਰ ਲਿਆ ਲਗਦਾ ਇਹਨੇ' ਸਿਮਰਨ ਦਿਲਬਾਗ ਦੇ ਮੂਵ ਨੂੰ ਸਹੀ ਤਰ੍ਹਾਂ ਸਮਝਣ ਦਾ ਯਤਨ ਕਰ ਰਹੀ ਸੀ।

'ਰਾਜਨੀਤੀ ਕਰਨ ਲਈ ਬੰਦੂਕਾਂ ਚਲਾਉਣੀਆਂ ਜ਼ਰੂਰੀ ਨੇ' ਹਰਜੀਤ ਪੁੱਛਣ ਲੱਗੀ।

'ਗੋਲੀ ਕਹਿੰਦੇ ਦਿਲਬਾਗ ਨੇ ਨਹੀਂ ਚਲਾਈ, ਕੋਈ ਹੋਰ ਹੀ ਚਲਾ ਗਿਆ, ਦਸਦਾ ਤਾਂ ਸੀ ਵੀਰਦੀਪ' ਸਿਮਰਨ ਆਖਣ ਲੱਗੀ।

'ਤੂੰ ਵੀ ਸ਼ੁਦੈਣ ਈ ਏਂ, ਕਿਸੇ ਹੋਰ ਨੂੰ ਕੀ ਲੋੜ ਸੀ ਇਨ੍ਹਾਂ ਵੱਲੋਂ ਗੋਲੀ ਚਲਾਉਣ ਦੀ।' ਹਰਜੀਤ ਨੇ ਦਲੀਲ ਦਿੱਤੀ।

'ਇਨ੍ਹਾਂ ਨੂੰ ਕਾਨੂੰਨੀ ਸ਼ਿਕੰਜੇ ਵਿੱਚ ਫਸਾਉਣ ਲਈ ਵਿਰੋਧੀਆਂ ਨੇ ਵੀ ਚਲਾਈ ਹੋ ਸਕਦੀ ਗੋਲੀ' ਸਿਮਰਨ ਨੇ ਦਿਲਬਾਗ ਨੂੰ ਸੇਫ ਕਰਨ ਦਾ ਯਤਨ ਕੀਤਾ।

'ਤੈਨੂੰ ਉਦਾਂ ਵਕਾਲਤ ਕਰਨੀ ਚਾਹੀਦੀ ਸੀ, ਗਲਤ ਪਾਸੇ ਆ ਗਈ ਏਂ, ਸਾਰੀ ਉਮਰ ਮੱਥਾ ਮਾਰਦੀ ਰਹੇਂਗੀ ਸਟੂਡੈਂਟਾਂ ਨਾਲ' ਹਰਜੀਤ ਨੇ ਮਜ਼ਾਕ ਕੀਤਾ।

'ਯੈਸ ਯੂਅਰ ਆਨਰ' ਸਿਮਰਨ ਵੀ ਮਜ਼ਾਕੀਆ ਹੋਣ ਲੱਗੀ।

ਕਾਲਜ ਦੇ ਪ੍ਰਸ਼ਾਸਨਿਕ ਦਫਤਰ ਵਿੱਚ ਕਿਸੇ ਕੰਮ ਲਈ ਉਹ ਅੱਜ ਕਾਲਜ ਆਈਆਂ ਸਨ। ਉਂਝ ਉਨ੍ਹਾਂ ਦਾ ਕੋਰਸ ਪੂਰਾ ਹੋ ਚੁੱਕਾ ਸੀ। ਦੋਹਾਂ ਨੇ ਰਾਜ ਸਰਕਾਰ ਦਾ ਟੀਚਿੰਗ ਵਾਸਤੇ ਅਲਿਜੀਬਿਲਟੀ ਟੈਸਟ ਦੇਣ ਲਈ ਫਾਰਮ ਭਰਨੇ ਸਨ। ਇਹਦੇ ਲਈ ਉਨ੍ਹਾਂ ਨੂੰ ਕੁਝ ਕਾਗਜ਼ ਪੱਤਰਾਂ ਦੀ ਲੋੜ ਸੀ। ਕੰਮ ਪੂਰਾ ਹੋਣ ਤੋਂ ਬਾਅਦ ਘਰਾਂ ਵੱਲ ਮੁੜਨ ਵਾਸਤੇ ਲੋਕਲ ਬੱਸ ਸਟੈਂਡ ਵੱਲ ਤੁਰ ਪਈਆਂ। ਇਸ ਦੌਰਾਨ ਉਨ੍ਹਾਂ ਆਪਣੇ ਸਹੇਲ ਪੁਣੇ, ਵੀਰਦੀਪ ਤੇ ਦਿਲਬਾਗ ਬਾਰੇ ਅਤੇ ਹੋਰ ਆਪਣੇ ਕਲਾਸਮੇਟ ਵਿਦਿਆਰਥੀਆਂ ਬਾਰੇ ਢੇਰ ਸਾਰੀਆਂ ਗੱਲਾਂ ਕੀਤੀਆਂ। ਉਨ੍ਹਾਂ ਦੀ ਸਾਰੀ ਗੱਲਬਾਤ ਅਖੀਰ ਨੂੰ ਆਣ ਕੇ ਵੀਰਦੀਪ ਅਤੇ ਦਿਲਬਾਗ 'ਤੇ ਟਿਕ ਜਾਂਦੀ। ਉਨ੍ਹਾਂ ਕੋਲ ਇੱਕ ਦੂਜੇ ਦੇ ਫੋਨ ਨੰਬਰ ਸਨ, ਉਨ੍ਹਾਂ ਇੱਕੋ ਟੈਸਟ ਦੇਣਾ ਸੀ ਅਤੇ ਇੱਕੋ ਕਿੱਤੇ ਵਿੱਚ ਜਾਣਾ ਸੀ, ਪਰ ਹੁਣ ਉਨ੍ਹਾਂ ਨੂੰ ਕਦੀ ਕਦੀ ਹੀ ਮਿਲਣ ਦਾ ਮੌਕਾ ਮਿਲਣਾ ਸੀ। ਇਸ ਸਾਰੇ ਕੁਝ ਬਾਰੇ ਗੱਲਾਂ ਕਰਦੀਆਂ ਉਹ ਵਿਛੜਨ ਵੇਲੇ ਕੁਝ ਜਜ਼ਬਾਤੀ ਹੋ ਗਈਆਂ। ਜ਼ਿੰਦਗੀ ਦੇ ਉਹ ਸਾਰੇ ਇੱਕ ਚੌਰਾਹੇ 'ਤੇ ਪਹੁੰਚ ਗਏ ਸਨ, ਜਿੱਥੋਂ ਪਤਾ ਨਹੀਂ ਕੀਹਨੇ ਕਿਧਰ ਨੂੰ ਤੁਰ ਜਾਣਾ ਸੀ।

'ਹੁਣ ਤੱਕ ਅਸੀਂ ਸੁਪਨਿਆਂ ਦੀ ਜ਼ਿੰਦਗੀ ਜਿਉਂਦੇ ਰਹੇ ਹਾਂ, ਹੁਣ ਜ਼ਿੰਦਗੀ ਅਸਲੀ ਸ਼ੁਰੂ ਹੋ ਜਾਏਗੀ ਤੇ ਮਿਲਿਆ ਸੁਪਨਿਆਂ 'ਚ ਕਰਾਂਗੇ' ਸਿਮਰਨ ਭਾਵਨਾਵਾਂ ਦੇ ਵਹਿਣ ਵਿੱਚ ਜਿਵੇਂ ਗੂਹੜ ਗਿਆਨ ਬੋਲਣ ਲੱਗੀ।

'ਪਤਾ ਨੀ ਰੱਬ ਸੱਚ ਵਿੱਚ ਵੀ ਮਿਲਾ ਦੇਵੇ ਕਿਸੇ ਨੂੰ, ਸੁਪਨੇ ਕਈ ਵਾਰ ਸੱਚ ਵੀ ਤਾਂ ਹੋ ਜਾਂਦੇ' ਹਰਜੀਤ ਆਖਣ ਲੱਗੀ।

'ਹੋ ਸਕਦੈ, ਸੁਪਨੇ ਅਸਲੀਅਤ ਦੇ ਨੇੜੇ ਹੋਣ ਤਾਂ ਅਕਸਰ ਸੱਚ ਹੋ ਜਾਂਦੇ ਨੇ' ਸਿਮਰਨ ਨੇ ਉਹਨੂੰ ਵਿਸ਼ਵਾਸ ਦਿਵਾਇਆ।

'ਫੋਨ ਤਾਂ ਹੈਗੇ ਈ ਆ, ਗੱਲਬਾਤ ਹੁੰਦੀ ਰਹੇਗੀ,

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਆਜ਼ਾਦ/ਆਜ਼ਾਦੀ



ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ: +91-8847610125



ਕਈ ਸ਼ਬਦ ਮਨੁੱਖ ਦੀ ਲੋਚਾ ਵਿੱਚੋਂ ਪੈਦਾ ਹੁੰਦੇ ਹਨ। ਸਦੀਆਂ ਤੋਂ ਮਨੁੱਖ ਨੇ ਆਪਣੀ ਹਸਤੀ ਤੇ ਹੋਂਦ ਦੀਆਂ ਲੜਾਈਆਂ ਲੜੀਆਂ ਹਨ। ਇਸ ਹਸਤੀ ਤੇ ਹੋਂਦ ਨੂੰ ਕਾਇਮ ਰੱਖਣ ਲਈ ਉਹਨੇ ਨਾਬਰੀ ਵਰਗਾ ਸ਼ਬਦ ਘੜਿਆ ਤੇ ਦੂਜਿਆਂ ਨੂੰ ਅਧੀਨ ਕਰਨ ਲਈ ਗੁਲਾਮੀ ਸ਼ਬਦ ਬਣਾਇਆ। ਆਪਣੀ ਹੋਂਦ ਤੇ ਹਸਤੀ ਦਾ ਪਰਚਮ ਲਹਿਰਾਉਣ ਲਈ ਉਹਨੇ ਆਜ਼ਾਦ ਤੇ ਆਜ਼ਾਦੀ ਵਰਗੇ ਸ਼ਬਦ ਘੜੇ। ਮਨੁੱਖ ਦੀ ਆਜ਼ਾਦ ਰਹਿਣ ਦੀ ਚਾਹਤ ਸਦੀਆਂ ਪੁਰਾਣੀ ਹੈ ਤੇ ਜਿਹੜੀ ਧਿਰ ਉਹਨੂੰ ਅਧੀਨ ਰੱਖਣਾ ਚਾਹੁੰਦੀ ਹੈ, ਉਹਦੇ ਲਈ ਗੁਲਾਮੀ ਸ਼ਬਦ ਵੀ ਓਨਾ ਹੀ ਪੁਰਾਣਾ ਹੈ। ਨਿਰੁਕਤ ਕੋਸ਼ ਅਨੁਸਾਰ ਆਜ਼ਾਦ ਦਾ ਅਰਥ ਹੈ- ਸੁਤੰਤਰ, ਸਵਾਧੀਨ; ਮੂਲ ਅਰਥ ਹੈ- ਕੁਲੀਨ ਵਰਗ ਦਾ, ਭੱਦਰ ਪੁਰਸ਼ (ਗੁਲਾਮ ਜਾਂ ਦਾਸ ਦੇ ਉਲਟ)- ਫਾਰਸੀ ਆਜ਼ਾਦ, ਸੁਤੰਤਰ (ਜ਼ੰਦ ਆਜ਼ਾਤ<ਅਗੇ। ਆ+ਜ਼ਾਤ, ਪੈਦਾ ਹੋਇਆ)+ਸੰਸ। ਅਜਾਨਿਯਾ, ਸਾਊ ਜਾਤੀ ਦਾ, ਅਸਲੀ, ਜਨਮ ਜਾਤ ਲਾਤੀਨੀ- gentle, ਸਾਊ, ਸ਼ਰੀਫ, ਚੰਗੇ ਖਾਨਦਾਨ ਦਾ, ਅਸੀਲ।

ਪੰਜਾਬੀ ਕੋਸ਼ਾਂ ਅਨੁਸਾਰ ਸੁਤੰਤਰ, ਸਵਾਧੀਨ, ਖੁਦਮੁਖਤਿਆਰ ਜੋ ਕਿਸੇ ਦੀ ਕੈਦ ਵਿੱਚ ਨਹੀਂ; ਬਰੀ, ਮੁਕਤ, ਆਵਾਰਾ, ਆਪਹੁਦਰਾ, ਬੇਫਿਕਰਾ, ਬੇਪਰਵਾਹ। ਆਜ਼ਾਦੀ ਦਾ ਐਲਾਨ, ਆਜ਼ਾਦ ਖਿਆਲ ਪਾਰਟੀ, ਆਜ਼ਾਦ ਖਿਆਲਾਂ ਦਾ ਧਾਰਨੀ ਵਰਗੇ ਵਾਕੰਸ਼ ਇਸ ਤੋਂ ਬਣੇ ਹਨ। ਅਰਬੀ-ਫਾਰਸੀ ਕੋਸ਼ ਅਨੁਸਾਰ ਬੇਕੈਦ, ਖੁਦਮੁਖਤਾਰ, ਸਵੈਧੀਨ, ਰਿਹਾਅ, ਬਰੀ। ਸੁਤੰਤਰਤਾ, ਸਵੈਧੀਨਤਾ, ਰਿਹਾਈ, ਛੁਟਕਾਰਾ, ਨਿਜਾਤ, ਬਰੀਅਤ ਇਸ ਨਾਲ ਸਬੰਧਤ ਸ਼ਬਦ ਹਨ।

ਫਾਰਸੀ-ਪੰਜਾਬੀ ਕੋਸ਼ ਅਨੁਸਾਰ ਆਜ਼ਾਦ ਦਾ ਅਰਥ ਹੈ- ਸੁਤੰਤਰ, ਖੁੱਲ੍ਹਾ, ਅਸੰਬੰਧਤ, ਬਿਨਾ ਤੁਅੱਲਕ ਦੇ, ਬੇਕੈਦ, ਬੇਐਬ, ਇੱਕ ਪ੍ਰਕਾਰ ਦਾ ਫਕੀਰ, ਦਰਵੇਸ਼, ਭਗਤ, ਇੱਕ ਸੁਆਦੀ ਮੱਛੀ, ਸਰੂ ਦਾ ਰੁੱਖ। ਇਸ ਤੋਂ ਨਿਰਮਤ ਕਈ ਸ਼ਬਦਾਂ ਦੇ ਹਵਾਲੇ ਮਿਲਦੇ ਹਨ, ਜਿਵੇਂ- ਆਜ਼ਾਦ ਆਵਾ-ਆਜ਼ਾਦ ਆਵਾਜ਼, ਰੱਬ ਦਾ ਜੱਸ ਗਾਇਨ ਕਰਨ ਦਾ ਤਰੀਕਾ; ਆਜ਼ਾਦ ਖ਼ੂ-ਖੁੱਲ੍ਹੇ ਡੁੱਲ੍ਹੇ ਸੁਭਾਅ ਵਾਲਾ, ਨੇਕ; ਆਜ਼ਾਦ ਰੌ-ਆਜ਼ਾਦਾਨਾ, ਸੈਰ ਕਰਨ ਵਾਲਾ, ਸੈਲਾਨੀ, ਆਜ਼ਾਦ ਤਬੀਅਤ ਵਾਲਾ, ਫਕੀਰ, ਨਿਡਰ; ਆਜ਼ਾਦ ਸਰਵ-ਸਰੂ ਦਾ ਰੁੱਖ, ਇੱਕ ਵਿਅਕਤੀ ਦਾ ਨਾਂ ਜਿਸਤੋਂ ਫਿਰਦੌਸੀ ਨੇ ਰੁਸਤਮ ਦੀ ਮੌਤ ਦੀ ਕਹਾਣੀ ਲਈ; ਆਜ਼ਾਦ ਤਬਅ- ਖੁੱਲ੍ਹੇ ਸੁਭਾਅ ਵਾਲਾ, ਨਿਰਲੇਪ, ਮਲੰਗ, ਲਬ ਲੋਭ ਨਾ ਰੱਖਣ ਵਾਲਾ, ਕਿਸੇ ਦੇ ਦਬਾਅ ਵਿੱਚ ਨਾ ਆਉਣ ਵਾਲਾ, ਨਿਡਰ ਤਬੀਅਤ ਵਾਲਾ, ਸਾਫ ਗੱਲ ਕਹਿਣ ਵਾਲਾ; ਆਜ਼ਾਦਗਾਨ-ਬੇਤੁਅੱਲਕ ਆਦਮੀ, ਜਿਹੜੇ ਗੁਲਾਮ ਜਾਂ ਕੈਦੀ ਨਾ ਹੋਣ; ਆਜ਼ਾਦ ਮਰਦ-ਸੁਤੰਤਰ, ਸੂਫੀ, ਦਰਵੇਸ਼, ਕਾਮਲ; ਆਜ਼ਾਦ-ਮਰਦੀ-ਖੁਦਮੁਖਤਿਆਰੀ, ਸੁਤੰਤਰਤਾ, ਆਪਹੁਦਰਾਪਣ, ਵੀਰਤਾ, ਸੂਰਮਗਤੀ; ਆਜ਼ਾਦ ਨਾਮਾ- ਕਿਸੇ ਗੁਲਾਮ ਦੀ ਰਿਹਾਈ ਦਾ ਪਰਵਾਨਾ।

ਆਜ਼ਾਦ ਤੋਂ ਆਜ਼ਾਦੀ ਸ਼ਬਦ ਬਣਿਆ ਤੇ ਆਜ਼ਾਦੀ ਕਿਸਨੂੰ ਪਿਆਰੀ ਨਹੀਂ ਹੁੰਦੀ। ਇਸ ਵਿੱਚ ਖੁਦਾਰੀ, ਹੌਸਲਾ, ਭਰੋਸਾ, ਸਕੂਨ ਵਰਗੇ ਅਰਥ ਪਏ ਹਨ। ਜ਼ਿੰਦਗੀ ਦਾ ਦੂਜਾ ਨਾਂ ਹੀ ਆਜ਼ਾਦੀ ਰੱਖ ਲਿਆ ਜਾਵੇ ਤਾਂ ਕੋਈ ਹਰਜ ਨਹੀਂ, ਪਰ ਜ਼ਿੰਦਗੀ ਨੂੰ ਜਿਨ੍ਹਾਂ ਬੰਧਨਾਂ ਵਿੱਚ ਬੰਨ੍ਹਿਆ ਹੋਇਆ ਹੈ, ਉਹ ਇਸਨੂੰ ਆਜ਼ਾਦ ਨਹੀਂ ਰਹਿਣ ਦੇਂਦੇ। ਪੈਰ ਪੈਰ 'ਤੇ ਮਨੁੱਖ ਨੂੰ ਜਕੜਨ ਲਈ ਬੇੜੀਆਂ ਦਾ ਜਾਲ ਵਿਛਾਇਆ ਹੋਇਐ। ਆਜ਼ਾਦੀ ਦੀ ਚਾਹਤ ਹਰ ਇਨਸਾਨ, ਪਸ਼ੂ, ਪੰਛੀ, ਜਾਨਵਰ ਨੂੰ ਹੁੰਦੀ ਹੈ। ਕਿੱਲੇ ਨਾਲ ਬੱਝਾ ਪਸ਼ੂ ਮੁਕਤ ਹੋ ਕੇ ਖੁਸ਼ ਹੁੰਦਾ ਹੈ, ਜੇ ਮੁਕਤ ਨਾ ਕੀਤਾ ਜਾਵੇ ਤਾਂ ਕਿੱਲੇ, ਰੱਸੇ ਤੁੜਾ ਕੇ ਬਾਗੀ ਹੋ ਜਾਂਦਾ ਹੈ। ਪਿੰਜਰੇ ਵਿੱਚ ਪਿਆ ਪੰਛੀ ਆਜ਼ਾਦ ਹੋਣ ਲਈ ਤਾਂਘਦਾ, ਅਕਾਸ਼ੀ ਉਡਾਣਾਂ ਦੇ ਸੁਪਨੇ ਲੈਂਦਾ ਰਹਿੰਦਾ ਹੈ। ਇਹ ਵੀ ਸੱਚ ਹੈ ਕਿ ਆਜ਼ਾਦੀ ਦਾ ਅਹਿਸਾਸ ਉਹਨੂੰ ਹੀ ਭਲੀਭਾਂਤ ਹੁੰਦਾ ਹੈ, ਜਿਸਨੇ ਗੁਲਾਮੀ ਝੱਲੀ ਹੋਵੇ। ਬੰਦਿਸ਼ਾਂ ਤੋਂ ਬਿਨਾ ਆਜ਼ਾਦੀ ਬੇਲੱਜ਼ਤ ਹੈ। ਆਜ਼ਾਦ ਸ਼ਬਦ ਮੂਲ ਰੂਪ ਵਿੱਚ ਫਾਰਸੀ ਦਾ ਹੈ। ਇਹ ਇੰਡੋ-ਯੂਰਪੀ ਭਾਸ਼ਾ ਪਰਿਵਾਰ ਦੀ ਭਾਰਤੀ- ਇਰਾਨੀ ਸ਼ਾਖਾ ਪੂਰਵ ਵੈਦਿਕ ਸ਼ਬਦ ਸਮੂਹ ਵਿੱਚੋਂ ਵਿਕਸਿਤ ਹੋਇਆ ਹੈ।

ਆਜ਼ਾਦ ਦਾ ਮੂਲ ਅਰਥ ਹੈ-ਖੁਦਮੁਖਤਾਰ, ਸਵਾਧੀਨ, ਸੁਤੰਤਰ, ਆਤਮ ਨਿਰਭਰ, ਬੰਧਨ ਮੁਕਤ, ਬੇਪਰਵਾਹ, ਨਿਡਰ ਆਦਿ। ਫਾਰਸੀ ਦਾ ਆਜ਼ਾਦ ਮੱਧਕਾਲੀ ਫਾਰਸੀ ਵਿੱਚ ਆਜ਼ਾਤ ਸੀ। ਪ੍ਰਾਚੀਨ ਅਵੇਸਤਾ ਵਿੱਚ ਵੀ ਇਹਦਾ ਇਹੀ ਰੂਪ ਮਿਲਦਾ ਹੈ। ਫਾਰਸੀ ਵਿੱਚ ਇਹ ਅਵੇਸਤਾ ਦੇ ਏਸੇ ਰੂਪ ਵਿੱਚ ਪਹੁੰਚਿਆ ਤੇ ਫਿਰ /ਤ/ ਦਾ /ਦ/ ਵਿੱਚ ਰੂਪਾਂਤਰ ਹੋ ਗਿਆ ਤੇ ਆਜ਼ਾਤ ਆਜ਼ਾਦ ਬਣ ਗਿਆ। ਮੂਲ ਆਜ਼ਾਦ ਵਿੱਚ ਜ਼ਾਦ: ਛੁਪਿਆ ਹੋਇਆ ਹੈ। ਜ਼ਾਦ ਨਾਲ 'ਆ' ਅਗੇਤਰ ਜੁੜਨ ਨਾਲ ਇਹ ਆਜ਼ਾਦ ਬਣ ਗਿਆ। ਫਾਰਸੀ ਵਿੱਚ ਆਜ਼ਾਦ ਦਾ ਅਰਥ ਹੈ- ਪੀੜ੍ਹੀ, ਨਸਲ, ਵੰਸ਼, ਖਾਨਦਾਨ ਆਦਿ। ਜ਼ਾਦ: ਵੀ ਏਸੇ ਕੜੀ ਦਾ ਹੈ, ਜਿਸਦਾ ਅਰਥ ਹੈ ਪੁੱਤਰ, ਸੰਤਾਨ, ਉਤਪੰਨ, ਜਨਮਿਆ ਹੋਇਆ ਆਦਿ। ਹਰਾਮਜ਼ਾਦਾ, ਨਵਾਬਜ਼ਾਦਾ, ਸਾਹਿਬਜ਼ਾਦਾ ਵਰਗੇ ਸ਼ਬਦ ਏਸੇ ਕੜੀ ਦੇ ਹਨ।

ਜ਼ਾਦ ਦਾ ਪੂਰਵ ਰੂਪ ਜ਼ਾਤ ਸੀ, ਜਿਸ ਵਿੱਚ ਵੰਸ਼, ਨਸਲ, ਪੀੜ੍ਹੀ, ਕੁਲ, ਬਰਾਦਰੀ, ਖਾਨਦਾਨ, ਸ਼ਖਸੀਅਤ, ਵਿਅਕਤਿਤਵ, ਸੁਭਾਅ, ਚਰਿੱਤਰ, ਕੌਮ, ਅਸਤਿਤਵ, ਜਾਤ ਆਦਿ ਸ਼ਾਮਲ ਸਨ। ਸੰਸ। ਦੀ ਧਾਤੂ ਜਨ੍ ਵਿੱਚ ਪੈਦਾ ਹੋਣ, ਉਤਪੰਨ ਹੋਣ, ਉੱਗਣ, ਉੱਠਣ, ਫੁੱਟਣ, ਬਣਨ, ਨਿਰਮਾਣ ਸਿਰਜਣ, ਰਚਣ ਵਰਗੇ ਭਾਵ ਮਿਲਦੇ ਹਨ। ਜਨ੍ ਤੋਂ ਹੀ ਜੀਵ ਜਾਂ ਪ੍ਰਾਣੀ ਸ਼ਬਦ ਬਣਿਆ ਹੈ। ਜੀਵ ਉਹ ਹੈ, ਜਿਸਦਾ ਜਨਮ ਹੋਇਆ ਹੈ। ਜਨ੍ ਧਾਤੂ ਦਾ ਹੀ ਰੂਪਾਂਤਰ ਅਵੇਸਤਾ ਦਾ ਜ਼ਾਤ ਹੈ। ਇਸ ਵਿੱਚ ਉਦਭਵ, ਜਨਮ, ਕੁਲ, ਪਰਿਵਾਰ, ਵੰਸ਼, ਗੋਤਰ ਵਰਗੇ ਭਾਵ ਪਏ ਹਨ। ਜਾਤ ਸ਼ਬਦ ਜਨ੍ ਤੋਂ ਹੀ ਨਿਰਮਤ ਹੋਇਆ ਹੈ। ਆਜ਼ਾਦ ਦੇ ਅਰਥਾਂ ਵਿੱਚ ਜਨ੍ ਤੋਂ ਬਣੇ ਜ਼ਾਤ ਸ਼ਬਦ ਦੀ ਘੋਖ ਕਰੀਏ ਤਾਂ ਸਪਸ਼ਟ ਹੁੰਦਾ ਹੈ ਕਿ ਪ੍ਰਕਿਰਤੀ ਪੱਖੋਂ ਇਹ ਸੁਤੰਤਰ ਹੈ ਤੇ ਇਹਦਾ ਮੂਲ ਰੂਪ ਆਜ਼ਾਦ ਹੈ।

ਅਵੇਸਤਾ ਦੇ ਆਜ਼ਾਤ ਤੇ ਫਾਰਸੀ ਦੇ ਆਜ਼ਾਦ ਵਿੱਚ ਇਹੀ ਭਾਵ ਪਏ ਹਨ। ਜਨਮ ਤੋਂ ਕੋਈ ਵੀ ਪ੍ਰਾਣੀ ਗੁਲਾਮ ਨਹੀਂ ਹੁੰਦਾ। ਜਨ੍ ਵਿਚਲੇ ਉੱਗਣ, ਉਤਪੰਨ, ਫੁੱਟਣ, ਪੈਦਾ ਹੋਣ ਦੇ ਅਰਥਾਂ ਨੂੰ ਦੇਖੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਗੁਲਾਮੀ ਜਾਂ ਬੰਧਨ ਜਨਮ ਤੋਂ ਬਾਅਦ ਪੈਦਾ ਹੁੰਦੇ ਹਨ। ਇਸ ਤਰ੍ਹਾਂ ਜਨ੍ ਤੋਂ ਨਿਰਮਤ /ਜ਼ਾਤ<(ਆ)+ਜ਼ਾਤ> ਆਜ਼ਾਤ> ਆਜ਼ਾਦ/ ਦੀ ਕੜੀ ਬਣਦੀ ਹੈ। ਅੰਗਰੇਜ਼ੀ ਦੇ ਜੈਨਰੇਸ਼ਨ, ਜਰਨੇਟਰ, ਜੈਨਰਿਕ, ਜੈਨਰੇਟਿਵ ਵਰਗੇ ਸ਼ਬਦਾਂ ਨਾਲ ਇਹਦੀ ਸਕੀਰੀ ਹੈ। ਜੀਵਨ ਤੇ ਜ਼ਿੰਦਗੀ ਵਰਗੇ ਸ਼ਬਦ ਇਸੇ ਰੂਪ ਵਿੱਚ ਬਣੇ ਹਨ। ਜਨ੍ ਤੋਂ ਵੀ ਕਈ ਸ਼ਬਦ ਨਿਰਮਤ ਹੋਏ ਹਨ।

ਅਰਬੀ-ਫਾਰਸੀ ਵਿੱਚ ਔਰਤਾਂ ਲਈ ਜ਼ਨ ਸ਼ਬਦ ਵਰਤਿਆ ਜਾਂਦਾ ਹੈ, ਇਸਦੀ ਸਕੀਰੀ ਇੰਡੋ-ਇਰਾਨੀ ਭਾਸ਼ਾ ਪਰਿਵਾਰ ਦੇ ਜਨ੍ ਸ਼ਬਦ ਨਾਲ ਹੈ। ਜਨਾਨੀ, ਜਨਾਨ, ਜਨਾਨਖਾਨਾ ਵਰਗੇ ਰੂਪ ਇਸ ਤੋਂ ਬਣੇ ਹਨ। ਸੰਸਕ੍ਰਿਤ ਵਿੱਚ ਉਤਪੰਨ ਕਰਨ, ਪੈਦਾ ਕਰਨ ਦੇ ਰੂਪ ਵਿੱਚ ਜਨ੍ ਧਾਤੂ ਹੈ। ਇਸ ਤੋਂ ਬਣੇ ਸ਼ਬਦ ਹਨ- ਜਨਿਕਾ, ਜਨੀ, ਜਨਨੀ ਜਿਨ੍ਹਾਂ ਦਾ ਅਰਥ ਹੈ ਔਰਤ, ਮਾਤਾ, ਪਤਨੀ। ਉਰਦੂ ਵਿੱਚ ਜਨਮ, ਜਨਨੀ, ਜਾਨ, ਜੰਤੂ ਵਰਗੇ ਸ਼ਬਦ ਏਸੇ ਕੜੀ ਦੇ ਹਨ। ਭਾਸ਼ਾ ਵਿਗਿਆਨੀ ਜ਼ਨ, ਜ਼ਨਾਨ, ਜਨਨੀ, ਜ਼ਨਾਨੀ ਵਰਗੇ ਸ਼ਬਦਾਂ ਨੂੰ ਪ੍ਰੋਟੋ ਇੰਡੋ-ਯੂਰਪੀ ਮੂਲ ਦਾ ਮੰਨਦੇ ਹਨ। ਕਵੀਨ, ਰਾਣੀ, ਰਾਗੀ, ਮਹਾਰਾਗੀ ਵਰਗੇ ਸ਼ਬਦ ਏਸੇ ਮੂਲ ਦੇ ਹਨ। /ਜ+ਯ/ ਵਰਗੀ ਧੁਨੀ ਹਜ਼ਾਰਾਂ ਸਾਲਾਂ ਤੱਕ ਆਰੀਆਂ ਦੇ ਵਿਭਿੰਨ ਭਾਸ਼ਾ ਸਮੂਹਾਂ ਵਿੱਚ ਮੌਜੂਦ ਰਹੀ, ਅੱਜ ਇਸਦਾ ਰੂਪ /ਗ+ਯ/ ਹੋ ਗਿਆ ਹੈ। ਗਾਇਨੇਕੋਲੌਜੀ ਵਰਗਾ ਸ਼ਬਦ ਵੀ ਏਸੇ ਕੜੀ ਦਾ ਹੈ, ਜੋ ਔਰਤਾਂ ਨਾਲ ਸੰਬੰਧ ਰਖਦਾ ਹੈ। ਇਸ ਤਰ੍ਹਾਂ ਜਨ੍ ਸ਼ਬਦ ਤੋਂ ਆਜ਼ਾਦੀ/ਆਜ਼ਾਦ ਵਰਗੇ ਸ਼ਬਦ ਜਨਮੇ, ਜਿਨ੍ਹਾਂ ਦਾ ਸੰਬੰਧ ਜਨਨੀ, ਉੱਗਣ, ਫੁੱਟਣ, ਪੈਦਾ ਹੋਣ, ਉਤਪੰਨਤਾ ਨਾਲ ਹੈ। ਕੁਦਰਤ ਨਾਲ ਇਹਦਾ ਮੇਲ ਆਜ਼ਾਦ ਹਸਤੀ ਤੇ ਹੋਂਦ ਰਾਹੀਂ ਜੁੜਿਆ ਹੋਇਆ ਹੈ।

---

ਪਿੰਡ ਵਸਿਆ (3)

ਵਿਜੈ ਬੰਬੇਲੀ
ਫੋਨ: +91-9463439075



# 'ਬਾੜੀਆਂ ਕਲਾਂ ਸੇ ਬੂਟੀ ਰਾਮ ਹਾਂਡਾ'

**ਸਥਾਨਕ ਇਤਿਹਾਸ, ਇਤਿਹਾਸਕਾਰੀ ਦੀ ਹੇਠਲੀ ਪਰ ਮਹੱਤਵਪੂਰਨ ਪਰਤ ਹੈ। ਵਿਅਕਤੀ ਵਿਸ਼ੇਸ਼, ਪਿੰਡ ਅਤੇ ਨਗਰ ਦਾ ਇਤਿਹਾਸ ਇਸ ਦਾ ਖੇਤਰ ਹਨ। ਭਾਰਤ ਪਿੰਡਾਂ ਦਾ ਦੇਸ਼ ਹੈ, ਪ੍ਰੰਤੂ ਮੁਲਕ ਦੀ ਸਭ ਤੋਂ ਛੋਟੀ ਇਕਾਈ ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪਾਠਕਾਂ ਦੀ ਜਾਣਕਾਰੀ ਲਈ ਅਸੀਂ ਇੱਕ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਜਾਵੇਗੀ। ਪੇਸ਼ ਹੈ, ਬਾੜੀਆਂ ਕਲਾਂ ਬਾਰੇ ਲੇਖ...**

ਦਹਾਕਾ ਪਹਿਲਾਂ ਤੱਕ ਤੀਹ-ਪੈਂਤੀ ਸਾਲ ਰੇਡੀਓ ਰੋਜ਼ ਇੱਕ ਨਾਂ ਅਕਸਰ ਬੋਲਦਾ 'ਬਾੜੀਆਂ ਕਲਾਂ ਸੇ ਬੂਟੀ ਰਾਮ ਹਾਂਡਾ...।' ਸਰੋਤਿਆਂ ਨੂੰ ਲੱਗਦਾ, ਜਿਵੇਂ ਬਾੜੀਆਂ ਕਲਾਂ ਤੇ ਸ੍ਰੀ ਬੂਟੀ ਰਾਮ ਹਾਂਡਾ ਇੱਕ ਪਿੰਡ ਤੇ ਇੱਕ ਬੰਦਾ ਨਾ ਹੋ ਕੇ ਇੱਕੋ ਸਿੱਕੇ ਦੇ ਦੋ ਪਾਸੇ ਹੋਣ; ਰੂਹ ਤੇ ਵਜੂਦ ਦਾ ਸੁਮੇਲ। ਹੁਸ਼ਿਆਰਪੁਰ ਜ਼ਿਲ੍ਹੇ ਦੇ ਹਦਬਸਤ ਨੰਬਰ-38 ਮਾਲਕੀ 790 ਏਕੜ ਵਾਲਾ ਪ੍ਰਾਚੀਨ ਗਰਾਂ, ਜੋ ਵੱਸਦਾ ਤਾਂ ਭਾਵੇਂ ਹੁਸ਼ਿਆਰਪੁਰ-ਚੰਡੀਗੜ੍ਹ ਸ਼ਾਹ-ਰਾਹ ਉੱਤੇ ਵਸੇ ਮਾਹਿਲਪੁਰ ਦੀ ਉੱਤਰੀ-ਪੱਛਮੀ ਗੁੱਠ 'ਤੇ ਹੈ, ਪਰ ਭਲਿਆਂ-ਵੇਲੀਂ ਕਿਤੇ ਅੱਗੇ-ਪਿੱਛੇ ਗਿਆਂ ਇਧਰਲੇ ਲੋਕ ਦੱਸਦੇ, 'ਮੇਰਾ ਪਿੰਡ ਮਾਹਿਲਪੁਰ-ਬਾੜੀਆਂ ਕੋਲ ਪੈਂਦਾ।' ਇਹੀ ਨਹੀਂ, ਇਨ੍ਹਾਂ ਦੇ ਨੇੜਲੇ ਪਿੰਡਾਂ ਵਾਲੇ ਤਾਂ ਕੀ ਦੂਰ-ਦੁਰਾਡੇ ਵਾਲੇ ਵੀ ਇਹੀ ਬੋਲਦੇ, 'ਜੀ, ਸਾਡਾ ਪਿੰਡ ਮਾਹਿਲਪੁਰ-ਬਾੜੀਆਂ ਖਿੱਤੇ 'ਚ ਹੈ।' ਭਾਵ ਉਦੋਂ ਮਾਹਿਲਪੁਰ-ਬਾੜੀਆਂ, ਇੱਕ-ਦੂਜੇ ਦੇ ਪੂਰਕ ਸਨ, ਮਗਰੋਂ ਮਾਹਿਲਪੁਰ ਦੀ ਬਜਾਏ ਬੂਟੀ ਰਾਮ ਹਾਂਡਾ ਬਾੜੀਆਂ ਦਾ ਪੂਰਕ ਬਣ ਗਿਆ।

ਮਾਹਿਲਪੁਰ ਹੁਣ ਬੇਸ਼ੱਕ ਬਾੜੀਆਂ ਕਲਾਂ ਨਾਲੋਂ ਬਹੁਤ ਸਿਰ-ਕੱਢਵਾਂ ਹੈ, ਪਰ ਪੁਰਾਣੇ ਵੇਲੀਂ ਤੂਤੀ ਮਾਹਿਲਪੁਰ ਦੀ ਨਹੀਂ, ਬਾੜੀਆਂ ਦੀ ਬੋਲਦੀ ਸੀ, ਭਾਵੇਂ ਕਿ ਇਸਨੂੰ ਵਸਾਉਣ ਦਾ ਕਾਰਨ ਮਾਹਿਲਪੁਰ ਹੀ ਬਣਿਆ ਸੀ। ਜਿਥੇ ਬਾੜੀਆਂ ਦੇ ਵੱਸਣ ਦਾ ਸਬੱਬ ਮਾਹਿਲਪੁਰ ਦੇ ਸਰਬਸ਼ਾਹ ਬੈਂਸਾ ਦੀ ਇੱਕ ਕਮਜ਼ੋਰ ਕੜੀ ਬਣਦੀ ਹੈ, ਉਥੇ ਮਗਰੋਂ ਮੁੱਢ-ਕਦੀਮੀ ਮਾਹਿਲਪੁਰੀਆਂ ਦੀਆਂ ਹੱਟੀਆਂ-ਭੱਠੀਆਂ ਨਾਲੋਂ ਬਾੜੀਆਂ ਦਾ ਬਾਜ਼ਾਰ ਵੀ ਕਾਮਾ-ਸ਼ਿਲਪੀ ਅਤੇ ਮਹਾਜਨ ਜਾਤਾਂ ਦੇ ਆ ਵੱਸਣ ਨਾਲ, ਐਨਾ ਤਰੱਕੀ ਕਰ ਗਿਆ ਕਿ ਸਿਰਫ ਆਲੇ-ਦੁਆਲੇ ਦੇ ਪਿੰਡ ਹੀ ਨਹੀਂ, ਸਗੋਂ ਮਾਹਿਲਪੁਰੀਆਂ ਦੀਆਂ ਹੱਟੀਆਂ ਵੀ ਸੌਦੇ-ਪੱਤੇ ਲਈ ਬਾੜੀਆਂ 'ਤੇ ਹੀ ਨਿਰਭਰ ਹੋ ਗਈਆਂ। ਇੱਥੋਂ ਦੇ ਬੁਣੇ-ਉਣੇ ਕੱਪੜੇ-ਲੱਤੇ ਉਪਰਲੇ ਪਹਾੜਾਂ 'ਚ ਧੂਮਾਂ ਪਾਉਣ ਲੱਗੇ। ਸੂਤੀ ਕੱਪੜਾਂ ਰੰਗਣ ਵਿੱਚ ਮਾਹਰ ਮੁਸਲਮਾਨ ਕਾਰੀਗਰਾਂ ਸਮੇਤ ਪੁਰਾਣੇ ਵਕਤੀਂ ਐਂ ਲੱਗਦਾ ਸੀ ਕਿ ਜਿਵੇਂ ਪੂਰਾ ਬਾੜੀਆਂ ਹੀ ਜੁਲਾਹਿਆਂ, ਰੰਗਰੇਜ਼ਾਂ ਅਤੇ ਮਹਾਜਨਾਂ ਦੇ ਕਰਮ ਖੇਤਰ ਦਾ ਪਿੜ ਹੋਵੇ। ਪਹਿਲਾਂ ਕ੍ਰਿਸ਼ਨ ਲੀਲਾ ਅਤੇ ਹਟਵਾਣੀਆਂ ਨੇ ਬਾੜੀਆਂ ਨੂੰ ਮਸ਼ਹੂਰੀ ਦਿਵਾਈ, ਮਗਰੋਂ ਬੂਟੀ ਰਾਮ ਹਾਂਡਾ ਨੇ।

ਹਾਂ! ਬਾੜੀਆਂ ਕਲਾਂ ਸਹੋਤੇ ਜੱਟਾਂ ਦਾ ਵਸਾਇਆ ਹੋਇਆ ਹੈ ਅਤੇ ਮਗਰੋਂ, ਇਸ ਦੀਆਂ ਅੱਡ-ਅੱਡ ਬੱਖੀਆਂ 'ਚ ਵਸੇ-ਰਸੇ ਬਾੜੀਆਂ ਖੁਰਦ, ਬੂੜੋ ਬਾੜੀ ਅਤੇ ਭੂੰਨੋ ਬਾੜੀ ਵੀ। ਇਹ ਨਗਰ ਕਦੋਂ ਵਸਿਆ, ਪੱਕ ਨਾਲ ਨਹੀਂ ਕਿਹਾ ਜਾ ਸਕਦਾ। ਮਾਲ ਰਿਕਾਰਡ ਕੁੱਝ ਨਹੀਂ ਬੋਲਦਾ, ਪਰ ਦੋ ਕੁ ਦਹਾਕਾ ਪਹਿਲਾਂ ਸ. ਕਰਮ ਸਿੰਘ ਸਹੋਤਾ ਦੀ ਹਰਿਦੁਆਰ ਤੋਂ ਪ੍ਰਾਪਤ ਬੰਸਾਵਲੀ ਘੂਨੋ (ਪਹਿਲਾ ਸ਼ਖਸ, ਜਿਹੜਾ ਪਹਿਲ-ਪਲੱਕੜੇ ਪੂਰ ਨਾਲ ਇਥੇ ਆਇਆ ਸੀ)- ਊਧੋ-ਭੈਲੂ-ਬੇਗਾ-ਜੀਣਾਂ-ਜਸਪਾਲ-ਸ਼ਾਹ-ਬਹਾਦਰ-ਹੰਸਾ-ਘਨੇਈਆਂ-ਮੈਂਹਗਾ-ਗੁਲਾਬਾ-ਵੀਰਭਾਨ-ਰਾਮਦਿਆਲ-ਡਾਲਾ/ਨੱਥੂਆਂ-ਲਾਭ ਸਿੰਘ-ਗੰਗਾ ਸਿੰਘ ਤੇ ਅਠਾਰਵੀਂ ਪੀੜ੍ਹੀ ਦੇ ਕਰਮ ਸਿੰਘ (ਉਮਰ 80 ਵਰਸ) ਵਾਚਣ-ਗਿਣਨ ਮੁਤਬਿਕ ਇਸ ਪਿੰਡ ਦੇ ਮੋੜ੍ਹੀ ਗੱਡਣ ਦਾ ਅਰਸਾ ਸਾਢੇ ਪੰਜ ਕੁ ਸਦੀਆਂ ਬਣਦਾ ਹੈ।

ਹੋਇਆ ਇਓਂ ਕਿ ਮਾਹਿਲਪੁਰੀਏ ਹੀ ਆਪਣੀ ਕਿਸੀ ਮਜ਼ਬੂਰੀ/ਲੋੜ ਤਹਿਤ ਆਪਣੀਆਂ ਬਾਗ-ਬਾੜਿਆਂ ਵਿੱਚ, ਬਾੜੀਆਂ ਦਾ ਮੁੱਢ ਬੰਨਣ ਵਾਲੇ, ਸਹੋਤੇ ਜੱਟਾਂ ਦੇ ਸਦੀਵੀ ਬੈਠਣ ਦਾ ਸਬੱਬ ਬਣੇ। ਪਰੰਤੂ ਰਾਮ ਪਿਆਰਾ ਬੈਂਸ ਰਚਿਤ ਸੰਨ 1886 ਦੀ ਕ੍ਰਿਤ, ਜਿਹੜੀ ਕਿ ਲੰਡਨ ਦੀ ਲਾਇਬ੍ਰੇਰੀ 'ਚ ਪਈ ਹੋਈ ਹੈ, ਇਸ ਦੇ ਕਾਫੀ ਪੁਰਾਣਾ ਪਿੰਡ ਹੋਣ ਦੀ ਸ਼ਾਹਦੀ ਭਰਦੀ ਹੈ। ਇੱਕ ਮਿੱਥ, ਜਿਹੜੀ ਜ਼ਿਆਦਾ ਪ੍ਰਚੱਲਤ ਹੈ, ਮੁਤਾਬਿਕ ਸਮਰਾਟ ਅਕਬਰ (1542-1605), ਜਦ ਚੌਧਰੀ ਰਾਮ ਰਾਏ ਬੈਂਸ ਮਾਹਿਲਪੁਰ ਦਾ ਆਹਲਾ ਜਗੀਰਦਾਰ ਸੀ, ਵੇਲੇ ਜੇਜੋਂ-ਲਸਾੜਾ ਦੇ ਜਸਵਾਲ ਰਾਜਪੂਤਾਂ ਨੇ ਜਦ ਮਾਹਿਲਪੁਰ ਦੇ ਨਾਸੀਂ ਧੂੰ ਲਿਆ ਦਿੱਤਾ ਤਾਂ ਜੈਜੋਂ ਦੀ ਚੜ੍ਹਦੀ ਬਾਹੀ ਪੁਬੋਵਾਲ-ਪੋਲੀਆਂ, ਬੀਤ ਦੇ ਜੱਟ, ਬਸੀ ਕਲਾਂ ਦੇ ਪਠਾਣ ਅਤੇ ਬੜੇ ਪਿੰਡ (ਗੋਰਾਇਆਂ) ਦੇ ਸਹੋਤੇ ਮਾਹਿਲਪੁਰ ਦੀ ਸੁਰੱਖਿਆ ਢਾਲ ਬਣੇ ਸਨ।

ਬੜੇ ਪਿੰਡੀਏ ਉਦੋਂ ਬੜੇ ਮਾਰ-ਖੋਰੇ ਮੰਨੇ ਜਾਂਦੇ ਸਨ। ਉਂਜ ਵੀ ਬੈਂਸਾਂ ਦੀਆਂ ਬਹੁਤੀਆਂ ਸਕੀਰੀਆਂ ਗੋਰਾਇਆ (ਮੰਝਕੀ) ਦੇ ਇਲਾਕੇ ਵੱਲ ਹੀ ਸਨ, ਜਿਸ ਕਾਰਨ ਵੀ ਉਹ ਮਦਦ ਲਈ ਆਏ/ਸੱਦੇ ਹੋ ਸਕਦੇ ਹਨ। ਸ਼ਾਇਦ ਇਸੇ ਅਹਿਸਾਨ ਜਾਂ ਡਰ ਤਹਿਤ ਮਾਹਿਲਪੁਰੀਆਂ ਨੇ, ਜਿਧਰ ਉਨ੍ਹਾਂ ਦੇ ਬਾਗ-ਬਾੜੇ ਸਨ, ਉਨ੍ਹਾਂ ਨੂੰ ਪੱਕੇ ਤੌਰ 'ਤੇ ਹੀ ਮੁਕਾਮ ਕਰਨ ਦੀ ਅਰਜੋਈ ਕੀਤੀ ਹੋਵੇਗੀ। ਇਨ੍ਹਾਂ ਬਾੜਿਆਂ ਜਾਂ ਪਿਛਲੇ ਗਰਾਂ ਬੜੇ ਪਿੰਡ ਦੇ ਨਾਂ ਉੱਤੇ ਹੀ ਧਰੇ। ਇਸ ਰੈਣ-ਵਸੇਰੇ ਦਾ ਨਾਂ ਵੀ ਵਿਗੜਦਾ-ਸੰਵਰਦਾ ਬਾੜੀਆਂ ਪੈ ਗਿਆ ਹੋਵੇਗਾ ਅਤੇ 'ਕਲਾਂ' (ਵੱਡਾ ਪਿੰਡ) ਦੀ ਉਪਾਧੀ ਇਸਨੂੰ ਆਪਣੇ ਸਕੇ-ਸੋਧਰੇ ਤਿੰਨ ਪਿੰਡਾਂ 'ਬਾੜੀਆਂ ਖੁਰਦ (ਕਲਾਂ ਤੋਂ ਛੋਟਾ) ਅਤੇ ਬੂੜੋ ਬਾੜੀ ਤੇ ਭੂੰਨੋ ਬਾੜੀ', ਜਿਨ੍ਹਾਂ ਦਾ ਮੁੱਢ ਕ੍ਰਮਵਾਰ ਸਕੇ ਭਰਾਵਾਂ ਬੂੜੇ ਅਤੇ ਭੂੰਨਾ ਸਹੋਤਾ ਨੇ ਬੰਨਿਆ ਸੀ, ਤੋਂ ਫੈਲਰਵਾਂ ਹੋਣ ਕਾਰਨ ਹੀ ਨਹੀਂ, ਕਈ ਗੱਲਾਂ 'ਚ ਵੱਡਾ ਤੇ ਉੱਘਾ ਹੋਣ ਕਾਰਨ ਮਿਲੀ ਸੀ।

---

## ਸ਼ਾਹਸਵਾਰ

ਬਹੁਤੇ ਵਿਰਾਗ ਦੀ ਵੀ ਨੀ ਲੋੜ, ਹੁਣ ਕਿਹੜਾ ਇਹ ਪੁਰਾਣੇ ਜ਼ਮਾਨੇ ਨੇ ਬਈ ਗੱਲ ਨੀ ਹੋਣੀ' ਹਰਜੀਤ ਨੇ ਸਿਮਰਨ ਨੂੰ ਤੇ ਆਪਣੇ ਆਪ ਨੂੰ ਵੀ ਧਰਵਾਸ ਜਿਹਾ ਦਿਵਾਇਆ।

ਜਾਣ ਲੱਗੀਆਂ ਦੋਨੋ ਜੱਫੀ ਪਾ ਕੇ ਮਿਲੀਆਂ ਤੇ ਆਪੋ ਆਪਣੇ ਪਿੰਡਾਂ ਨੂੰ ਜਾਂਦੀ ਬੱਸ ਚੜ੍ਹ ਗਈਆਂ।

---

ਇੱਕ ਦਿਨ ਹਰਜੀਤ ਨੇ ਵੀਰਦੀਪ ਨੂੰ ਫੋਨ ਕੀਤਾ ਤੇ ਪੁੱਛਣ ਲੱਗੀ, 'ਕੀ ਬਣਿਆ ਦਿਲਬਾਗ ਦੀ ਜ਼ਮਾਨਤ ਦਾ?'

'ਲਾਈ ਸੀ ਜ਼ਮਾਨਤ ਲਈ ਅਰਜ਼ੀ, ਪਰ ਜੱਜ ਨੇ ਅਰਜ਼ੀ ਰੱਦ ਕਰ ਦਿੱਤੀ।' ਵੀਰਦੀਪ ਨੇ ਦੱਸਿਆ।

'ਜਮਾਨਤ ਰੱਦ ਕਿਉਂ ਕਰ ਦਿੱਤੀ ਜੱਜ ਨੇ?' ਕੁੜੀ ਨੇ ਅਗਲਾ ਸਵਾਲ ਕੀਤਾ।

'ਸਰਕਾਰੀ ਵਕੀਲ ਦਲੀਲ ਦੇ ਰਿਹਾ ਕਿ ਨਾਜਾਇਜ਼ ਹਥਿਆਰ ਵਿੱਚੋਂ ਗੋਲੀਆਂ ਚੱਲੀਆਂ ਨੇ, ਜਿਹਦੇ ਨਾਲ ਵਿਰੋਧੀਆਂ ਦਾ ਬੰਦਾ ਜ਼ਖਮੀ ਹੋਇਆ। ਪੁਲਿਸ ਆਖ ਰਹੀ ਕਿ ਨਾਜਾਇਜ਼ ਪਿਸਤੌਲ ਬਰਾਮਦ ਨਹੀਂ ਹੋਇਆ। ਦਿਲਬਾਗ ਹੋਰਾਂ ਵਾਲੇ ਪਾਸੇ ਖਲੋ ਕੇ ਗੋਲੀ ਚਲਾਉਣ ਵਾਲੇ ਮੁੰਡੇ ਵੀ ਫੜੇ ਨਹੀਂ ਗਏ ਅਤੇ ਨਾ ਹੀ ਉਨ੍ਹਾਂ ਦੀ ਪਹਿਚਾਣ ਹੋਈ ਹੈ, ਇਸ ਲਈ ਜ਼ਮਾਨਤ ਰੱਦ ਹੋ ਗਈ। ਪੁਲਿਸ ਵਾਲੇ ਤਾਂ ਦਿਲਬਾਗ ਦਾ ਰਿਮਾਂਡ ਲੈਣ ਨੂੰ ਫਿਰਦੇ ਸਨ, ਪਰ ਜੱਜ ਨੇ ਦਿੱਤਾ ਨਹੀਂ।' ਵੀਰਦੀਪ ਨੇ ਵਿਸਥਾਰ ਵਿੱਚ ਜਵਾਬ ਦਿੱਤਾ।

'ਕੇਸ ਲਮਕ ਵੀ ਸਕਦਾ?' ਕੁੜੀ ਪੁੱਛਣ ਲੱਗੀ।

'ਹਾਂ' ਮੁੰਡੇ ਨੇ ਇੱਕ ਲਫਜ਼ ਵਿੱਚ ਜਵਾਬ ਦਿੱਤਾ।

'ਫਿਰ ਤਾਂ ਸਾਲ ਮਰ ਗਿਆ ਦਿਲਬਾਗ ਦਾ ਸਮਝੋ' ਹਰਜੀਤ ਬੋਲੀ।

'ਵੇਖਦੇ ਆਂ ਕੀ ਹੁੰਦਾ' ਵੀਰਦੀਪ ਨੂੰ ਹਾਲੇ ਵੀ ਆਸ ਸੀ। ਇੰਨਾ ਆਖ ਕੇ ਵੀਰਦੀਪ ਨੇ ਕਿਹਾ 'ਚਲੋ ਠੀਕ ਹੈ, ਤੁਸੀਂ ਚਿੰਤਾ ਨਾ ਕਰੋਂ ਮੈਂ ਵੇਖਦਾਂ। ਸਾਰਾ ਕੁਝ ਸਹੀ ਹੋ ਜਾਣਾ।'

*(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)*

ਸਮੂਹ ਭਾਈਚਾਰੇ ਅਤੇ ਪੰਜਾਬੀ ਸੰਸਥਾਵਾਂ ਦੇ ਸਹਿਯੋਗ ਨਾਲ
'ਪੰਜਾਬੀ ਪਰਵਾਜ਼' ਦਾ ਪਲੇਠਾ ਸਮਾਗਮ

# 'ਪੰਜਾਬੀ ਪਰਵਾਜ਼ ਨਾਈਟ'

ਤਕਰੀਰਾਂ, ਵਿਚਾਰਾਂ ਤੇ ਗੀਤ-ਸੰਗੀਤ ਭਰੀ ਸ਼ਾਮ


## 13 ਜੁਲਾਈ 2024 (ਸ਼ਨਿਚਰਵਾਰ)

**ਸ਼ਾਮ 6:30 ਤੋਂ ਰਾਤ 10:30**

**ਸਥਾਨ: Atlantis Banquets 1273 North Rand Road, Arlington Heights, IL 60004**

# PUNJABI PARWAZ NIGHT-2024

### ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਮਨਜਿੰਦਰ ਸਿੰਘ (ਮੈਕ) ਭਮਰਾ


ਜੋਧ ਸਿੰਘ ਸਿੱਧੂ


ਯਾਦਵਿੰਦਰ ਸਿੰਘ (ਰਿੱਪੀ) ਖੱਟੜਾ


ਅਮਰੀਕ ਸਿੰਘ ਸ਼ਿਕਾਗੋ


ਕਿਰਪਾਲ ਸਿੰਘ ਰੰਧਾਵਾ


ਅੰਮ੍ਰਿਤਪਾਲ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ


ਦਰਸ਼ਨ ਸਿੰਘ ਪੰਮਾ


ਗੁਰਿੰਦਰਜੀਤ ਸਿੰਘ ਗਰੇਵਾਲ


ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਅਮਰਜੀਤ ਸਿੰਘ ਢੀਂਡਸਾ


ਦੀਦਾਰ ਸਿੰਘ ਧਨੋਆ


ਅਜੈਬ ਸਿੰਘ ਲੱਖਣ


ਗੁਰਵਿੰਦਰ ਬੱਬੂ (ਐਪਲਟਨ)


ਬਿਕਰਮ ਸਿੰਘ ਸਿੱਧੂ



ਅਮਨਦੀਪ ਸਿੰਘ ਕੁਲਾਰ


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ



ਇੰਦਰ ਹੁੰਜਣ


ਸੰਨੀ ਧੂੜ ਮਿਸ਼ੀਗਨ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਮਨਮਿੰਦਰ ਸਿੰਘ ਹੀਰ


ਹਰਕੇਵਲ ਸਿੰਘ ਲਾਲੀ


ਹਰਮੀਕ ਸਿੰਘ ਗਿਰਨ


ਜਿਗਰਦੀਪ ਸਿੰਘ ਢਿੱਲੋਂ

**punjabiparwaz@gmail.com www.punjabiparwaz.com Ph: 224-386-4548**